ਨਵੀਂ ਦਿੱਲੀ 11 ਅਗਸਤ। ਹਿੰਦੂ ਧਰਮ ਵਿੱਚ ਕਈ ਤਰ੍ਹਾਂ ਦੇ ਸੰਸਕਾਰਾਂ ਬਾਰੇ ਦੱਸਿਆ ਗਿਆ ਹੈ, ਜਿਨ੍ਹਾਂ ਵਿੱਚੋਂ ਵਿਆਹ ਵੀ ਇੱਕ ਮਹੱਤਵਪੂਰਨ ਸੰਸਕਾਰ ਮੰਨਿਆ ਗਿਆ ਹੈ। ਕਈ ਵਾਰ ਕੁਝ ਲੋਕਾਂ ਦੇ ਵਿਆਹ ਵਿੱਚ ਬਿਨਾਂ ਵਜ?ਹਾ ਦੇਰੀ ਹੁੰਦੀ ਹੈ। ਇਸ ਦੀ ਵਜ?ਹਾ ਵੀ ਉਨ੍ਹਾਂ ਨੂੰ ਸਮਝ ਨਹੀਂ ਆਉਂਦੀ ਕਿਉਂਕਿ ਕੁੰਡਲੀ ਵਿੱਚ ਨਾ ਤਾਂ ਕੋਈ ਦੋਸ਼ ਹੁੰਦਾ ਹੈ ਅਤੇ ਨਾ ਹੀ ਕਿਸੇ ਗ੍ਰਹਿ ਦੀ ਸਥਿਤੀ ਖ਼ਰਾਬ ਹੁੰਦੀ ਹੈ। ਪਰ ਵਿਆਹ ਵਿੱਚ ਆ ਰਹੀ ਰੁਕਾਵਟ ਦਾ ਕਾਰਨ ਸਿਰਫ਼ ਗ੍ਰਹਿ ਹੀ ਨਹੀਂ ਹੁੰਦੇ, ਸਗੋਂ ਨਕਸ਼ੱਤਰਾਂ 'ਤੇ ਵੀ ਇਹ ਗੱਲ ਨਿਰਭਰ ਕਰਦੀ ਹੈ ਕਿ ਜਾਤਕ ਦਾ ਵਿਆਹ ਕਦੋਂ ਹੋਵੇਗਾ ਅਤੇ ਜੀਵਨ ਸਾਥੀ ਕਿਹੋ ਜਿਹੋ ਹੋਵੇਗਾ। ਜੇਕਰ ਤੁਹਾਡੇ ਵਿਆਹ ਵਿੱਚ ਵੀ ਦੇਰੀ ਹੋ ਰਹੀ ਹੈ ਤਾਂ ਇੱਕ ਵਾਰ ਤੁਹਾਨੂੰ ਵੀ ਆਪਣੀ ਕੁੰਡਲੀ ਵਿੱਚ ਦੇਖ ਲੈਣਾ ਚਾਹੀਦਾ ਹੈ ਕਿ ਤੁਹਾਡਾ ਜਨਮ ਕਿਸ ਨਕਸ਼ੱਤਰ ਵਿੱਚ ਹੋਇਆ ਹੈ। ਚਲੋ ਅਸੀਂ ਤੁਹਾਨੂੰ ਕੁਝ ਅਜਿਹੇ ਹੀ ਨਕਸ਼ੱਤਰਾਂ ਬਾਰੇ ਦੱਸਦੇ ਹਾਂ, ਜਿਨ੍ਹਾਂ ਕਰਕੇ ਵਿਆਹ ਵਿੱਚ ਭਾਵੇਂ ਦੇਰੀ ਹੋਵੇ ਪਰ ਜੀਵਨ ਸਾਥੀ ਬਹੁਤ ਵਧੀਆ ਮਿਲਦਾ ਹੈ। ਅਨੁਰਾਧਾ ਨਕਸ਼ੱਤਰ ਵਿੱਚ ਜਨਮ ਲੈਣ ਵਾਲੇ ਲੋਕਾਂ ਦੇ ਵਿਆਹ ਵਿੱਚ ਦੇਰੀ ਆ ਸਕਦੀ ਹੈ। ਇਸ ਨਕਸ਼ੱਤਰ ਦੇ ਸਵਾਮੀ ਸ਼ਨੀ ਦੇਵ ਹਨ। ਇਸ ਲਈ ਅਜਿਹੇ ਲੋਕਾਂ ਦਾ ਸੁਭਾਅ ਥੋੜ੍ਹਾ ਭਾਵੁਕ ਹੁੰਦਾ ਹੈ। ਇਨ੍ਹਾਂ ਨੂੰ ਅਜਿਹੇ ਪਾਰਟਨਰ ਦੀ ਤਲਾਸ਼ ਹੁੰਦੀ ਹੈ, ਜੋ ਰਿਸ਼ਤਿਆਂ ਦੀ ਡੂੰਘਾਈ ਨੂੰ ਸਮਝਦੇ ਹੋਣ ਅਤੇ ਜੋ ਇਨ੍ਹਾਂ ਦੀਆਂ ਭਾਵਨਾਵਾਂ ਦੀ ਕਦਰ ਕਰਦੇ ਹੋਣ।



ਇਨ੍ਹਾਂ ਨੂੰ ਅਜਿਹਾ ਹੀ ਜੀਵਨ ਸਾਥੀ ਮਿਲ ਜਾਂਦਾ ਹੈ, ਪਰ ਸਮਾਂ ਥੋੜ੍ਹਾ ਜ਼ਿਆਦਾ ਲੱਗਦਾ ਹੈ। ਸੌਣ ਤੋਂ ਪਹਿਲਾਂ ਹੋ ਜਾਓ ਸਾਵਧਾਨ! ਘਰ ਦੀਆਂ ਇਹ 3 ਚੀਜ਼ਾਂ ਬਣ ਸਕਦੀਆਂ ਹਨ ਮਾਨਸਿਕ ਤਣਾਅ ਦਾ ਕਾਰਨ, ਜਾਣੋ ਵਾਸਤੂ ਸ਼ਾਸਤਰ ਦੇ ਨਿਯਮ ਰੇਵਤੀ ਨਕਸ਼ੱਤਰ ਦਾ ਸਵਾਮੀ ਗ੍ਰਹਿ ਬੁੱਧ ਹੁੰਦਾ ਹੈ। ਇਸ ਨਕਸ਼ੱਤਰ ਵਿੱਚ ਜਿਨ੍ਹਾਂ ਜਾਤਕਾਂ ਦਾ ਜਨਮ ਹੁੰਦਾ ਹੈ, ਉਨ੍ਹਾਂ ਦੇ ਵਿਆਹ ਵਿੱਚ ਵੀ ਦੇਰੀ ਹੁੰਦੀ ਹੈ। ਇਹ ਲੋਕ ਬਹੁਤ ਸਮਝਦਾਰ ਹੁੰਦੇ ਹਨ। ਇਨ੍ਹਾਂ ਨੂੰ ਪਾਰਟਨਰ ਵੀ ਅਜਿਹਾ ਚਾਹੀਦਾ ਹੁੰਦਾ ਹੈ, ਜੋ ਬੁੱਧੀਮਾਨ ਹੋਵੇ ਅਤੇ ਇਨ੍ਹਾਂ ਦੇ ਨਾਲ ਕਦਮ ਨਾਲ ਕਦਮ ਮਿਲਾ ਕੇ ਚੱਲ ਸਕੇ। ਅਜਿਹੇ ਪਾਰਟਨਰ ਨੂੰ ਲੱਭਣ ਵਿੱਚ ਇਨ੍ਹਾਂ ਨੂੰ ਥੋੜ੍ਹਾ ਵਕਤ ਲੱਗ ਜਾਂਦਾ ਹੈ। ਹਾਲਾਂਕਿ, ਜਦੋਂ ਵੀ ਇਨ੍ਹਾਂ ਦਾ ਵਿਆਹ ਹੁੰਦਾ ਹੈ, ਇਨ੍ਹਾਂ ਨੂੰ ਬਹੁਤ ਖ਼?ਆਲ ਰੱਖਣ ਵਾਲਾ ਪਾਰਟਨਰ ਮਿਲਦਾ ਹੈ। ਇਸ ਨਕਸ਼ੱਤਰ ਵਿੱਚ ਜਿਨ੍ਹਾਂ ਜਾਤਕਾਂ ਦਾ ਜਨਮ ਹੁੰਦਾ ਹੈ, ਉਹ ਬਹੁਤ ਜ਼ਿਆਦਾ ਸ਼ਾਂਤ ਸੁਭਾਅ ਦੇ ਹੁੰਦੇ ਹਨ ਅਤੇ ਜਲਦਬਾਜ਼ੀ ਵਿੱਚ ਫ਼ੈਸਲਾ ਲੈਣਾ ਇਨ੍ਹਾਂ ਨੂੰ ਬਿਲਕੁਲ ਪਸੰਦ ਨਹੀਂ ਹੁੰਦਾ। ਜੀਵਨ ਸਾਥੀ ਦੇ ਮਾਮਲੇ ਵਿੱਚ ਵੀ ਇਹ ਲੋਕ ਲੰਬਾ ਇੰਤਜ਼ਾਰ ਕਰਦੇ ਹਨ। ਇਨ੍ਹਾਂ ਦਾ ਧਰਮ ਪ੍ਰਤੀ ਖ਼ਾਸ ਲਗਾਓ ਹੁੰਦਾ ਹੈ, ਅਜਿਹੇ ਵਿੱਚ ਇਨ੍ਹਾਂ ਨੂੰ ਪਾਰਟਨਰ ਵੀ ਧਾਰਮਿਕ ਪ੍ਰਵਿਰਤੀ ਵਾਲਾ ਹੀ ਚਾਹੀਦਾ ਹੁੰਦਾ ਹੈ। ਇਸ ਨਕਸ਼ੱਤਰ ਵਿੱਚ ਜਿਨ੍ਹਾਂ ਜਾਤਕਾਂ ਦਾ ਜਨਮ ਹੁੰਦਾ ਹੈ, ਉਨ੍ਹਾਂ ਨੂੰ ਜੀਵਨ ਵਿੱਚ ਆਜ਼ਾਦੀ ਪਸੰਦ ਹੁੰਦੀ ਹੈ ਅਤੇ ਵਿਆਹ ਦੇ ਬੰਧਨ ਵਿੱਚ ਬੱਝਣ ਤੋਂ ਉਹ ਥੋੜ੍ਹਾ ਡਰਦੇ ਹਨ। ਅਜਿਹੇ ਲੋਕਾਂ ਦਾ ਵਿਆਹ ਵੀ ਦੇਰ ਨਾਲ ਹੁੰਦਾ ਹੈ, ਪਰ ਜਦੋਂ ਹੁੰਦਾ ਹੈ ਤਾਂ ਜੀਵਨ ਸਾਥੀ ਨਾਲ ਇਨ੍ਹਾਂ ਦੀ ਬਹੁਤ ਵਧੀਆ ਬੌਂਡਿੰਗ ਹੁੰਦੀ ਹੈ। ਮੂਲ ਨਕਸ਼ੱਤਰ ਵਿੱਚ ਜਨਮ ਲੈਣ ਵਾਲੇ ਲੋਕਾਂ ਦੇ ਜੀਵਨ ਵਿੱਚ ਰਿਸ਼ਤਿਆਂ ਨੂੰ ਲੈ ਕੇ ਥੋੜ੍ਹੀ ਉਥਲ-ਪੁਥਲ ਹੋ ਸਕਦੀ ਹੈ। ਇਨ੍ਹਾਂ ਨੂੰ ਜੋ ਪਸੰਦ ਆਉਂਦਾ ਹੈ, ਉਨ੍ਹਾਂ ਨਾਲ ਇਨ੍ਹਾਂ ਦਾ ਵਿਆਹ ਨਹੀਂ ਹੋ ਪਾਉਂਦਾ ਜਾਂ ਵਿਆਹ ਵਿੱਚ ਰੁਕਾਵਟਾਂ ਆਉਂਦੀਆਂ ਹਨ। ਇਸੇ ਵਜ?ਹਾ ਕਰਕੇ ਇਨ੍ਹਾਂ ਦੇ ਵਿਆਹ ਵਿੱਚ ਦੇਰੀ ਹੁੰਦੀ ਹੈ। ਪਰ ਜਿਸ ਨਾਲ ਵੀ ਇਨ੍ਹਾਂ ਦਾ ਵਿਆਹ ਹੁੰਦਾ ਹੈ, ਉਸ ਲਈ ਇਹ ਲੋਕ ਪੂਰੀ ਤਰ੍ਹਾਂ ਸਮਰਪਿਤ ਹੁੰਦੇ ਹਨ।

# ਭਰਾ ਦੀ ਪੂਜਾ ਦੇ ਬਹਾਨੇ ਹੋਟਲ ਬੁਲਾਇਆ, ਤਾਂਤਰਿਕ 'ਤੇ ਜਬਰ-ਜਨਾਹ ਦੀ ਕੋਸ਼ਿਸ਼ ਦਾ ਮਾਮਲਾ ਦਰਜ

ਲੁਧਿਆਣਾ 11 ਅਗਸਤ। ਆਪਣੇ ਭਰਾ ਦੇ ਚੰਗੇ ਭਵਿੱਖ ਲਈ ਪੂਜਾ ਅਰਚਨਾ ਕਰਨ ਆਈ ਕੈਨੇਡਾ ਦੀ ਐਨਆਰਆਈ ਲੜਕੀ ਨਾਲ ਹੋਟਲ ਦੇ ਕਮਰੇ ਵਿੱਚ ਕਥਿਤ ਤਾਂਤਰਿਕ ਵੱਲੋਂ ਜਬ-ਜਨਾਹ ਦੀ ਕੋਸ਼ਿਸ਼ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਪੀੜਤਾ ਦੀ ਸ਼ਿਕਾਇਤ 'ਤੇ ਥਾਣਾ ਸਰਾਭਾ ਨਗਰ ਦੀ ਪੁਲਿਸ ਨੇ ਰਾਹੁਲ ਸੂਦ ਖਿਲਾਫ ਭਾਰਤੀ ਨਿਆਂ ਸੰਹਿਤਾ (ਬੀ.ਐੱਨ.ਐੱਸ.) ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਹੈ। ਫਿਲਹਾਲ ਦੋਸ਼ੀ ਫਰਾਰ ਹੈ ਅਤੇ ਪੁਲਿਸ ਉਸ ਦੀ ਭਾਲ 'ਚ ਛਾਪੇਮਾਰੀ ਕਰ ਰਹੀ ਹੈ। ਪੁਲਿਸ ਨੂੰ ਦਿੱਤੀ ਸ਼ਿਕਾਇਤ 'ਚ ਪੀੜਤਾ ਨੇ ਦੱਸਿਆ ਕਿ ਉਹ ਮੂਲ ਰੂਪ 'ਚ ਦਿੱਲੀ ਦੀ ਰਹਿਣ ਵਾਲੀ ਹੈ ਅਤੇ ਇਸ ਸਮੇਂ ਕੈਨੇਡਾ 'ਚ ਰਹਿੰਦੀ ਹੈ। ਉਹ ਆਪਣੀ ਮਾਂ ਅਤੇ ਭਰਾ ਨਾਲ ਆਪਣੇ ਭਰਾ ਲਈ ਵਿਸ਼ੇਸ਼ ਪੂਜਾ ਕਰਨ ਲਈ ਲੁਧਿਆਣਾ ਆਈ ਸੀ। ਪਰਿਵਾਰ ਨੇ ਹੋਟਲ ਰੈਡੀਸਨ ਬਲੂ 'ਚ ਕਮਰਾ ਬੁੱਕ ਕਰਵਾਇਆ ਸੀ। ਸ਼ਿਕਾਇਤ ਅਨੁਸਾਰ ਰਾਹੁਲ ਸੂਦ ਨੇ ਆਪਣੇ ਭਰਾ ਦੇ ਉੱਜਵਲ ਭਵਿੱਖ ਲਈ ਵਿਸ਼ੇਸ਼ ਪੂਜਾ ਦਾ ਆਯੋਜਨ ਕਰਨ ਦੀ ਗੱਲ ਕੀਤੀ ਅਤੇ ਹੋਟਲ ਪਹੁੰਚ ਗਿਆ। ਸ਼ਿਕਾਇਤ ਅਨੁਸਾਰ ਪੂਜਾ ਸ਼ੁਰੂ ਹੋਣ ਤੋਂ ਪਹਿਲਾਂ ਮੁਲਜ਼ਮ ਨੇ ਕੁਝ ਵਸਤਾਂ ਦਾ ਆਰਡਰ ਦਿੱਤਾ। ਇਸ ਦੌਰਾਨ ਪੀੜਤਾ ਦੀ ਮਾਂ ਸਾਮਾਨ ਲੈਣ ਗਈ ਤਾਂ ਮੁਲਜ਼ਮ ਨੇ ਉਸ ਦੇ ਭਰਾ ਨੂੰ ਵੀ ਕਮਰੇ ਤੋਂ ਬਾਹਰ ਭੇਜ ਦਿੱਤਾ। ਦੋਸ਼ੀ ਨੇ ਕਮਰੇ 'ਚ ਇਕੱਲੀ ਰਹਿ ਗਈ ਲੜਕੀ ਨੂੰ ਦੱਸਿਆ ਕਿ ਉਸ ਦੇ ਸਰੀਰ 'ਚ ਦੋ 'ਭੂਤ' ਹਨ ਅਤੇ ਉਨ੍ਹਾਂ ਨੂੰ ਕੱਢਣ ਲਈ ਵਿਸ਼ੇਸ਼ ਪ੍ਰਕਿਰਿਆ ਕਰਨੀ ਪਵੇਗੀ। ਪੀੜਤਾ ਦਾ ਦੋਸ਼ ਹੈ ਕਿ ਇਸ ਬਹਾਨੇ ਮੁਲਜ਼ਮ ਉਸ ਨਾਲ ਅਸ਼ਲੀਲ ਹਰਕਤਾਂ ਕਰਨ ਲੱਗ ਪਿਆ ਅਤੇ ਛੇੜਛਾੜ ਕਰਨ ਲੱਗਾ। ਜਦੋਂ ਉਸ ਨੇ ਵਿਰੋਧ ਕੀਤਾ ਤਾਂ ਉਸ ਨੇ ਇਸ ਨੂੰ ਪੂਜਾ ਦੀ ਪ੍ਰਕਿਰਿਆ ਦੱਸਿਆ ਅਤੇ ਬਾਅਦ ਵਿਚ ਉਸ ਨਾਲ ਜ਼ਬਰਦਸਤੀ ਜਬਰ-ਜਨਾਹ ਕਰਨ ਦੀ ਕੋਸ਼ਿਸ਼ ਕੀਤੀ। ਜਦੋਂ ਲੜਕੀ ਨੇ ਰੌਲਾ ਪਾਇਆ ਤਾਂ ਉਹ ਕਿਸੇ ਤਰ੍ਹਾਂ ਮੁਲਜ਼ਮਾਂ ਦੇ ਚੁੰਗਲ ਤੋਂ ਬਚ ਕੇ ਕਮਰੇ ਤੋਂ ਬਾਹਰ ਆ ਗਈ ਅਤੇ ਸਾਰੀ ਘਟਨਾ ਆਪਣੇ ਪਰਿਵਾਰਕ ਮੈਂਬਰਾਂ ਨੂੰ ਦੱਸੀ। ਇਸ ਤੋਂ ਬਾਅਦ ਪੁਲਿਸ ਨੂੰ ਸ਼ਿਕਾਇਤ ਦਿੱਤੀ ਗਈ। ਸਰਾਭਾ ਨਗਰ ਦੇ ਐਸਐਚਓ ਵਰਿੰਦਰ ਉੱਪਲ ਨੇ ਦੱਸਿਆ ਕਿ ਸ਼ਿਕਾਇਤ ਦੇ ਆਧਾਰ 'ਤੇ ਰਾਹੁਲ ਸੂਦ ਖ਼?ਲਾਫ਼ ਧਾਰਾ 74, 75, 79, 127 ਅਤੇ 351 ਬੀਐਨਐਸ ਤਹਿਤ ਕੇਸ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਮੁਲਜ਼ਮਾਂ ਦੀ ਗ੍ਰਿਫ਼ਤਾਰੀ ਲਈ ਲਗਾਤਾਰ ਛਾਪੇਮਾਰੀ ਕੀਤੀ ਜਾ ਰਹੀ ਹੈ।


DELHI POLICE SHANTI SEWA NYAYA
ਸੁਤੰਤਰਤਾ ਦਿਵਸ-2026
INDEPENDENCE DAY - 2026
ਦਿੱਲੀ ਪੁਲਿਸ ਸ਼ਾਂਤੀ ਸੇਵਾ ਨਿਆਂ

ਪ੍ਰਵੇਸ਼ ਸਿਰਫ਼ ਆਮੰਤਰਣ ਪੱਤਰ ਦੇ ਦੁਆਰਾ ਹੀ ਹੋਵੇਗਾ
Entry is strictly through invitation card only.

ਸੈਲਾਨੀਆਂ ਦੇ ਲਈ ਹੇਠਲਿਖਤ ਵਸਤੂਆਂ ਸਖ਼ਤੀ ਨਾਲ ਮਨਾਹੀ ਹੈ
FOLLOWING ITEMS ARE PROHIBITED FOR THE INVITEES

- ਖਾਣ-ਪੀਣ ਦੀਆਂ ਚੀਜ਼ਾਂ, ਕੇਚਪ, ਸੌਸ / Eatables, Ketchup, Sauce
- ਸਿਗਰੇਟ, ਬੀੜੀ, ਲਾਈਟਰ / Cigarettes, Bidi, Lighter
- ਥੈਲਾ, ਬ੍ਰੀਫਕੇਸ, ਰਿਮੋਟ ਨਿਯੰਤ੍ਰਿਤ ਕਾਰ ਲਾੱਕ ਚਾਬੀਆਂ / Bag, Briefcase, Remote Controlled Car Lock Keys
- ਜਵਲਨਸ਼ੀਲ ਪਦਾਰਥ, ਮਾਚਿਸ, ਸ਼ਰਾਬ, ਏਰੋਸੋਲ, ਜੈਲ/ਪੇਸਟ, ਇਤ੍ਰ, ਸਪ੍ਰੇ ਆਦਿ / Fuel, Matchbox, Alcohol, Aerosol, Gel/Paste, Perfumes, Spray etc.
- ਰੇਡੀਓ, ਟ੍ਰਾਂਜਿਸਟਰ, ਟੇਪਰਿਕਾੱਰਡਰ, ਪੇਜਰ / Radio, Transistor, Tape Recorder, Pager
- ਹਥੌੜੇ, ਡ੍ਰਿਲ, ਆਰੀ, ਤਲਵਾਰ, ਕਟਾਰ ਪੇਚਕਸ / Hammers, Drills, Saws, Sword, Dagger, Screw Driver
- ਕੈਮਰਾ, ਦੂਰਬੀਨ, ਹੈਂਡੀਕੈਮ / Camera, binoculars, Handycam
- ਮੋਬਾਈਲ ਚਾਰਜਰ, ਇਅਰਫੋਨ, ਪਾਵਰ ਬੈਂਕ, ਬੈਟਰੀ / Mobile Charger, Earphone, Power Bank, Battery
- ਥਰਮਸ, ਪਾਣੀ ਦੀ ਬੋਤਲ, ਕੈਨ, ਛਾਤਾ / Thermo Flask, Water Bottle, Cans, Umbrella
- ਰੇਜ਼ਰ, ਬਲੇਡ, ਚਾਕੂ, ਕੈਂਚੀ, ਤਾਰ, ਨੁਕੀਲਾ ਹਥਿਆਰ / Razors, Blades, Knives, Scissors, Wires, Cutting /Sharp Pointed Edged Material
- ਪਟਾਖੇ, ਬਾਰੂਦ, ਫਲੇਅਰਸ, ਕਿਸੀ ਵੀ ਪ੍ਰਕਾਰ ਦੇ ਵਿਸਫੋਟਕ / Firecrackers, Gunpowder, Flares, Any Type of Explosives
- ਗੋਲਾ-ਬਾਰੂਦ, ਆਗਨੇਯਾਸਤ੍ਰ, ਖਿਡੌਣਾ ਬੰਦੂਕਾਂ / Ammunitions, Firearms, Toy Guns
- ਡਿਜਿਟਲ ਡਾਇਰੀ, ਪਾਮ-ਟਾਪ ਕੰਪਿਊਟਰ, ਲੈਪਟਾਪ, ਟੈਬਲੇਟ, ਡੀਵੀਡੀ/ਸੀਡੀ ਪਲੇਅਰ, ਡੀਵੀਡੀ/ਸੀਡੀ, ਆਈਪੈਡ, ਆਈਪੋਡ, ਪੈਨਡ੍ਰਾਈਵ / Digital Diaries, Palm-top Computer, Laptop, Tablet, DVD/CD Player, DVD/CD, I-Pad, I-Pod, Pendrive
- ਨਿਸ਼ਕ੍ਰਿਅ ਕਰਨ ਵਾਲੇ ਰਸਾਇਣ ਅਤੇ ਹੋਰ ਖ਼ਤਰਨਾਕ ਵਸਤੂਆਂ / Disabling Chemicals and Other Dangerous Items

ਅਗਰ ਕੋਈ ਲਾਵਾਰਿਸ ਵਸਤੂ ਦਿਖਾਈ ਦੇਵੇ, ਤਾਂ ਨੇੜਲੇ ਸੁਰੱਖਿਆਕਰਮੀ ਦੇ ਨੋਟਿਸ 'ਚ ਲਿਆਓ
Suspicious objects, if any may be brought to the notice of the nearest Security Personnel
Please co-operate with Police during searching/frisking
ਕ੍ਰਿਪਾ ਤਲਾਸ਼ੀ ਦੇਣ 'ਚ ਪੁਲਿਸ ਦੇ ਨਾਲ ਸਹਿਯੋਗ ਕਰੋ
Please be alert to your surroundings
ਕ੍ਰਿਪਾ ਆਪਣੇ ਨੇੜੇ ਤੇੜੇ ਨਜ਼ਰ ਰੱਖੋ
DP/9899/2026
Email to CP, Delhi at: cpdelhipolice.gov.in | Write to CP, Delhi at: P.O. Box No. 171, GPO, New Delhi
@DelhiPoliceOfficial @DelhiPolice @delhi.police_official @DelhiPoliceofficial delhipolice.gov.in
FOR IMMIDIATE POLICE HELP, CALL 112 TO SHARE ANTI TERRORIST ACTIVITIES, CALL 14547



ਸੁਤੰਤਰਤਾ ਦਿਵਸ ਸਮਾਰੋਹ
ਦਿੱਲੀ ਪੁਲਿਸ ਸ਼ਾਂਤੀ ਸੇਵਾ ਨਿਆਂ
ਯਾਤਾਯਾਤ ਨਿਰਦੇਸ਼ਿਕਾ
ਫੁਲ ਡ੍ਰੇਸ ਰਿਹਰਸਲ 13 ਅਗਸਤ 2026 (ਸਵੇਰੇ: 4.00 ਵਜੇ ਤੋਂ ਸਵੇਰੇ: 10.00 ਵਜੇ ਤਕ)

ਸੁਤੰਤਰਤਾ ਦਿਵਸ ਸਮਾਰੋਹ 15 ਅਗਸਤ, 2026 ਨੂੰ ਲਾਲ ਕਿਲੇ 'ਤੇ ਮਨਾਇਆ ਜਾਵੇਗਾ। ਭਾਰਤ ਦੇ ਮਾਣਯੋਗ ਪ੍ਰਧਾਨਮੰਤਰੀ ਲਾਲ ਕਿਲੇ ਦੇ ਪ੍ਰਾਚੀਰ ਤੋਂ ਰਾਸ਼ਟਰ ਨੂੰ ਸੰਬੋਧਿਤ ਕਰਨਗੇ। ਪੂਰੀ ਵਿਵਸਥਾ ਦੇ ਲਈ 13 ਅਗਸਤ, 2026 ਨੂੰ ਇਕ ਫੁਲ ਡ੍ਰੇਸ ਰਿਹਰਸਲ ਆਯੋਜਿਤ ਕੀਤੀ ਜਾਵੇਗੀ। ਇਸ ਤਰ੍ਹਾਂ ਜਨਤਾ ਦੀ ਸੁਵਿਧਾ ਅਤੇ ਸੁਰੱਖਿਆ ਕਾਰਣਾਂ ਤੋਂ 13 ਅਗਸਤ, 2026 ਨੂੰ ਲਾਲ ਕਿਲੇ ਦੇ ਨੇੜੇ-ਤੇੜੇ ਕੁਝ ਯਾਤਾਯਾਤ ਪ੍ਰਤਿਬੰਧ ਲਾਏ ਜਾਣਗੇ।




ਲਾਲ ਕਿਲੇ ਦੇ ਆਸ ਪਾਸ ਯਾਤਾਯਾਤ ਪ੍ਰਤਿਬੰਧ
13.08.2026 ਨੂੰ ਸਵੇਰੇ: 4.00 ਵਜੇ ਤੋਂ ਸਵੇਰੇ: 10:00 ਵਜੇ ਤਕ ਹੇਠਲਿਖਤ ਸੜਕਾਂ 'ਤੇ ਜਾਣ ਤੋਂ ਬਚੋ
ਮਹੱਤਵਪੂਰਨ ਸਥਾਨਾਂ 'ਤੇ ਕਿਵੇਂ ਪਹੁੰਚਣਾ ਹੈ
ਸੰਕੇਤ
ਵਪਾਰਕ ਵਾਹਨ ਅਤੇ ਅੰਤਰਰਾਜੀ ਬੱਸਾਂ ਦੀ ਆਵਾਜਾਈ 'ਤੇ ਪਾਬੰਦੀਆਂ
ਪਾਬੰਦੀਸ਼ੁਦਾ ਸੜਕਾਂ ਤੋਂ ਇਲਾਵਾ ਸਿਟੀ ਬੱਸਾਂ ਦੀ ਆਵਾਜਾਈ 'ਤੇ ਪਾਬੰਦੀਆਂ
ਮਾਰਗ ਪਰਿਵਰਤਨ
ਬਰਫ-ਖਾਨਾ ਤੋਂ ਆਉਣ ਵਾਲੀ ਬੱਸਾਂ
ਅਜਮੇਰੀ ਗੇਟ/ਮਿੰਟੋ ਬ੍ਰਿਜ ਤੋਂ ਆਉਣ ਵਾਲੀ ਬੱਸਾਂ
ਮਾਲ ਰੋਡ ਸਾਇਡ ਤੋਂ ਆਉਣ ਵਾਲੀ ਬੱਸਾਂ
ਦੱਖਣੀ ਦਿੱਲੀ ਤੋਂ ਆਉਣ ਵਾਲੀ ਬੱਸਾਂ
ਅੰਤਰਰਾਜੀ ਬੱਸਾਂ
ਡੀਟੀਸੀ ਰਿਕਵਰੀ ਵੈਨ
ਵਿਸ਼ੇਸ਼ ਨਿਰਦੇਸ਼
DP/9904/2026
ਆਮ ਜਨਤਾ ਅਤੇ ਵਾਹਨ ਚਾਲਕ ਦਿੱਲੀ ਟ੍ਰੈਫਿਕ ਪੁਲਿਸ ਦੀ ਵੈਬਸਾਈਟ https://traffic.delhipolice.gov.in ਫੇਸਬੁਕ ਪੇਜ https://www.facebook.com/dtptraffic, X ਹੈਂਡਲ https://X@dtptraffic ਦੇ ਮਾਧਿਅਮ ਤੋਂ ਅਪਡੇਟ ਰਹਿ ਸਕਦੇ ਹਨ। ਇੰਸਟਾਗ੍ਰਾਮ ਪੇਜ https://instagram.com/dtptraffic
ਯਾਤਾਯਾਤ ਪ੍ਰਹਰੀ ਬਣੋ ਐਪ ਡਾਊਨਲੋਡ ਕਰੋ | 24 ਘੰਟੇ ਟ੍ਰੈਫਿਕ ਹੇਲਪਲਾਈਨ: 011-25844444/1095 | ਯਾਤਾਯਾਤ ਵਹਾਟਸਐਪ ਹੇਲਪਲਾਈਨ 8750871493 | ਅੱਤਵਾਦ ਵਿਰੋਧੀ ਗਤੀਵਿਧੀਆਂ ਦੀ ਸੂਚਨਾ ਦੇਣ ਦੇ ਲਈ ਕੌਲ ਕਰੋ 14547 | ਤੁਰੰਤ ਪੁਲਿਸ ਸਹਾਇਤਾ ਲੈਣ ਦੇ ਲਈ 112 'ਤੇ ਕੌਲ ਕਰੋ।

# ਜ਼ਿੰਦਗੀ ਤੇ ਖੇੜਾ



ਯਸ਼ਪਾਲ ਮਾਨਵੀ

ਸ਼ਾਇਦ ਹੀ ਕੋਈ ਮਨੁੱਖ ਹੋਵੇ ਜਿਹੜਾ ਕਦੇ ਨਾ ਖਿਝਿਆ ਹੋਵੇ। ਜਦੋਂ ਕਿਸੇ ਵੀ ਕਾਰਨ ਮਨ ਵਿੱਚ ਖਿਝ ਆ ਜਾਵੇ ਤਾਂ ਮਨ ਬੁੱਝ ਜਾਂਦਾ ਹੈ। ਬਿਲਕੁਲ ਉਵੇਂ ਜਿਵੇਂ ਫੁੱਲ ਮੁਰਝਾਇਆ ਹੋਵੇ। ਜ਼ਿੰਦਗੀ ਦਾ ਸੁਆਦ ਫਿੱਕਾ ਪੈ ਜਾਂਦਾ ਹੈ। ਮੇਰਾ ਇੱਕ ਮਿੱਤਰ ਡਾਕਟਰ ਸੀ। ਉਸ ਨੇ ਆਪਣੇ ਇੱਕ ਸਹਾਇਕ ਦੀ ਗੱਲ ਦੱਸੀ ਜਿਹੜਾ ਹਰ ਵੇਲੇ ਖਿਝਿਆ ਜਿਹਾ ਰਹਿੰਦਾ ਸੀ। ਉਨ੍ਹਾਂ ਦੱਸਿਆ, 'ਮੈਂ ਕਿਹਾ-ਕੋਈ ਗੱਲ ਹੈ ਤਾਂ ਦੱਸ ਐਵੇਂ ਖਿਝਿਆ ਜਿਹਾ ਨਾ ਰਿਹਾ ਕਰ। ਖਿੜਿਆ ਖਿੜਿਆ ਰਿਹਾ ਕਰ। ਗੱਲ ਕਾਹਦੀ ਸੀ ਜ਼ਿੰਦਗੀ ਦਾ ਫਲਸਫਾ ਲਕੋਈ ਬੈਠਾ ਸੀ।' ਇਹ ਮਨੁੱਖ ਦੇ ਸੁਭਾਅ ਦਾ ਮਸਲਾ ਹੈ। ਕਹਿੰਦੇ ਹਨ ਭਾਅ ਬਦਲ ਜਾਂਦੇ ਹਨ, ਸੁਭਾਅ ਨਹੀਂ ਬਦਲਦੇ। ਨਿਰਸੰਦੇਹ ਸੁਭਾਅ 'ਤੇ ਬਹੁਤ ਕੁਝ ਨਿਰਭਰ ਹੁੰਦਾ ਹੈ। ਕਈ ਤਾਂ ਬੁਝੇ ਹੀ ਰਹਿੰਦੇ ਹਨ, ਪਰ ਕਈ ਖੇੜੇ ਵਿੱਚ ਰਹਿੰਦੇ ਹਨ। ਹਾਲਾਂਕਿ ਹਾਲਤ ਦਾ ਫਰਕ ਨਹੀਂ ਹੁੰਦਾ। ਉਰਦੂ ਦਾ ਸ਼ੇਅਰ ਹੈ:

ਹਜੂਮੇ ਗ਼ਮ ਮੇਰੀ ਫ਼ਿਤਰਤ ਨਹੀਂ ਬਦਲ ਸਕਤੇ
ਮੇਰੀ ਆਦਤ ਹੈ ਮੁਸਕਰਾਨੇ ਕੀ।

ਪਰ ਤਾਂ ਵੀ ਜ਼ਿੰਦਗੀ ਨੂੰ ਖ਼ੁਸ਼ਗਵਾਰ ਬਣਾਉਣ ਲਈ ਖਿੜੇ ਰਹਿਣ ਦਾ ਢੰਗ ਸਿੱਖਣਾ ਹੀ ਪਵੇਗਾ। ਭਾਈ ਵੀਰ ਸਿੰਘ ਨੇ 'ਖੇੜਾ' ਨਾਂ ਦੀ ਕਵਿਤਾ ਵਿੱਚ ਬਹੁਤ ਖ਼ੂਬਸੂਰਤ ਸ਼ਬਦ ਮੜ੍ਹੇ ਹਨ:

ਸੁਰਤ ਸਦਾ ਖਿੜਦੀ ਰਹੇ
ਕਦੇ ਨਾ ਮਿਲੇ ਗੜਾਇ
ਖੇੜਾ ਛੱਡ ਕੇ ਢੱਠਿਆ
ਕਿਤੇ ਨਾ ਮਿਲੇ ਟਿਕਾਇ।

ਖਿਝੇ ਮਨੁੱਖ ਕੋਲ ਕੋਈ ਨਹੀਂ ਬੈਠਣਾ ਚਾਹੁੰਦਾ। ਇਹ ਵੀ ਤਾਂ ਛੂਤ ਦੇ ਰੋਗ ਵਾਂਗ ਆਪਣਾ ਅਸਰ ਛੱਡਦੀ ਹੈ। ਜ਼ਿੰਦਗੀ ਵਿੱਚ ਬਹੁਤਾ ਸਾਵਧਾਨ ਰਹਿਣਾ ਵੀ ਚੰਗਾ ਨਹੀਂ ਹੁੰਦਾ। ਬੇਫ਼ਿਕਰ ਹੋਣਾ ਲੋੜੀਂਦਾ ਹੈ, ਬੇਪਰਵਾਹੀ ਨਹੀਂ ਚੱਲੇਗੀ। ਬਹੁਤੀ ਸਾਵਧਾਨੀ ਵਿੱਚ ਰਾਹਤ ਦੇ ਪਲ਼ ਨਸੀਬ ਨਹੀਂ ਹੋ ਸਕਦੇ। ਗਿਲ਼ੇ ਸ਼ਿਕਵੇ ਮਨੁੱਖ ਦੀ ਤਾਕਤ ਨੂੰ ਖਾ ਜਾਂਦੇ ਹਨ। ਲੰਘੇ ਵਕਤ ਦੇ ਪਛਤਾਵੇ ਤੇ ਪ੍ਰਛਾਵੇਂ ਮਨੁੱਖ ਨੂੰ ਭੂਤ ਬਣ ਚਿੰਬੜਨ ਦੀ ਕੋਸ਼ਿਸ਼ ਵਿੱਚ ਹੁੰਦੇ ਹਨ। ਲੋੜ ਹੈ ਇਨ੍ਹਾਂ ਪਿਛਾਂਹ ਖਿੱਚੂ ਤਾਕਤਾਂ ਤੋਂ ਮਨ ਨੂੰ ਆਜ਼ਾਦ ਕਰਾਉਣ ਦੀ। ਜ਼ਿੰਦਗੀ ਵਿੱਚ ਖੇੜਾ ਇੱਕ ਸੁਰ ਕੀਤੇ ਬਿਨਾਂ ਨਹੀਂ ਆ ਸਕਦਾ। ਇੱਕਸੁਰਤਾ ਹੀ ਸੰਗੀਤ ਪੈਦਾ ਕਰਦੀ ਹੈ, ਨਹੀਂ ਤਾਂ ਰੌਲਾ ਹੀ ਹੁੰਦਾ ਹੈ। ਪ੍ਰੇਸ਼ਾਨ ਕਰਨ ਵਾਲਾ ਸ਼ੋਰ ਹੁੰਦਾ ਹੈ।

ਖੇੜੇ ਲਈ ਮਨੁੱਖ ਨੂੰ ਇਹ ਧਰਮ ਨਿਭਾਉਣਾ ਪਵੇਗਾ ਕਿ ਉਹ ਮਨ ਅੰਦਰ ਆਪਣੇ ਭਾਂਬੜ ਐਵੇਂ ਨਾ ਬਾਲੀ ਰੱਖੇ ਕਿਸੇ ਨੇੜਲੇ ਸਾਥੀ ਜਾਂ ਮਿੱਤਰ ਪਿਆਰੇ ਨਾਲ ਸਾਂਝੀ ਕਰ ਕੇ ਉਸ ਨੂੰ ਬੁਝਾਵੇ। ਪੰਜਾਬੀ ਵਿੱਚ ਕਹਾਵਤ ਹੈ ਕਿ ਜੇ ਕੋਈ ਨੇੜੇ ਨਹੀਂ ਹੈ ਤਾਂ ਕੰਧ ਨਾਲ ਵੀ ਗੱਲ ਸਾਂਝੀ ਕਰ ਲੈਣੀ ਚਾਹੀਦੀ ਹੈ। ਇਸ ਤਰ੍ਹਾਂ ਮਨ ਦਾ ਭਾਰ ਹਲਕਾ ਹੋ ਜਾਂਦਾ ਹੈ ਤੇ ਮੱਥੇ ਤੋਂ ਤਿਓੜੀਆਂ ਲਹਿ ਜਾਂਦੀਆਂ ਹਨ। ਖੇੜੇ ਨੂੰ ਜ਼ਿੰਦਗੀ ਵਿੱਚ ਭਰਨਾ ਕਿੰਨਾ ਜ਼ਰੂਰੀ ਹੈ ਇਹ ਰੁੱਖ ਨਾਲ ਸਮਝਦੇ ਹਾਂ। ਜਿੰਨਾ ਚਿਰ ਰੁੱਖ ਹਰਾ ਭਰਾ ਤੇ ਫ਼ਲਦਾਰ ਰਹਿੰਦਾ ਹੈ ਉਸ ਦਾ ਪਾਲਣ ਪੋਸ਼ਣ ਹੁੰਦਾ ਹੈ। ਪਰ ਜਦੋਂੜ ਤਾਂ ਭਾਈ ਵੀਰ ਸਿੰਘ ਜੀ ਇਉਂ ਕਹਿੰਦੇ ਹਨ:

ਛੱਡਿਆ ਜਦ ਖਿੜਨਾ ਅਸਾਂ
ਰੰਗ ਰੂਪ ਰਸ ਨਾਲ।
ਤਦੋਂ ਕੁਹਾੜਾ ਆ ਗਿਆ
ਫਿਰਿਆ ਸ਼ਾਖੋ ਸ਼ਾਖ
ਜੜ੍ਹ ਮੂਲੋਂ ਵੱਢ ਸੁੱਟਿਆ
ਢੇਰੀ ਕੀਤਾ ਖ਼ਾਕ।

ਇਸ ਲਈ ਦੁਬਾਰਾ ਜ਼ਿੰਦਗੀ ਦੀ ਪਾਰੀ ਨਹੀਂ ਮਿਲਣੀ। ਖਿੜੋ ਰਹੋ ਤੇ ਖੇੜੇ ਵੰਡਦੇ ਰਹੋ।

ਸੰਪਰਕ: 94635-86655




# ਮੁਹੱਬਤ ਦਾ ਖ਼ੂਨੀ ਅੰਤ

ਮੱਧ ਪ੍ਰਦੇਸ਼ ਦੇ ਇੰਦੌਰ ਦੇ ਥਾਣਾ ਚੰਦਨ ਨਗਰ ਦੇ ਰਹਿਣ ਵਾਲੇ 21 ਸਾਲ ਦੇ ਸਲਮਾਨ ਸ਼ੇਖ ਦੇ ਅਚਾਨਕ ਲਾਪਤਾ ਹੋ ਜਾਣ ਕਾਰਨ ਉਸ ਦੇ ਘਰ ਵਾਲੇ ਕਾਫ਼ੀ ਪ੍ਰੇਸ਼ਾਨ ਸਨ। ਉਹ ਫ਼ੈਬਰੀਕੇਸ਼ਨ ਦਾ ਕੰਮ ਕਰਦਾ ਸੀ। ਘਰ ਤੋਂ ਕੰਮ ਦੇ ਲਈ ਨਿਕਲਿਆ ਸਲਮਾਨ ਘਰੇ ਵਾਪਸ ਨਾ ਆਇਆ ਤਾਂ 9 ਜਨਵਰੀ 2017 ਨੂੰ ਉਸ ਦੇ ਵੱਡੇ ਭਰਾ ਤੌਕੀਰ ਸ਼ੇਖ ਨੇ ਥਾਣਾ ਚੰਦਰਨਗਰ ਵਿੱਚ ਉਸ ਦੀ ਗੁੰਮਸ਼ੁਦਗੀ ਦਰਜ ਕਰਵਾ ਦਿੱਤੀ।ਗੁੰਮਸ਼ੁਦਗੀ ਦਰਜ ਕਰਾਉਂਦੇ ਵਕਤ ਉਸ ਨੇ ਆਪਣੇ ਘਰ ਦੇ ਸਾਹਮਣੇ ਰਹਿਣ ਵਾਲੇ ਰਊਫ਼ ਖਾਨ ਅਤੇ ਉਸ ਦੇ ਡਰਾਈਵਰ ਸੱਦਾਮ ਤੇ ਭਰਾ ਨੂੰ ਗਾਇਬ ਕਰਨ ਦਾ ਸ਼ੱਕ ਜ਼ਾਹਿਰ ਕੀਤਾ।

ਰਾਊਫ਼ ਖਾਨ ਵੱਡੀਆਂ-ਵੱਡੀਆਂ ਬਿਲਡਿੰਗਾਂ ਦੀ ਮੁਰੰਮਤ ਅਤੇ ਰੰਗ-ਰੰਗਾਈ ਦਾ ਠੇਕਾ ਲੈਂਦਾ ਸੀ। ਉਸ ਦੇ ਕੋਲ ਕਾਫ਼ੀ ਮਜ਼ਦੂਰ ਕੰਮ ਕਰਦੇ ਸਨ। ਸਲਮਾਨ ਵੀ ਪਹਿਲਾਂ ਉਸ ਕੋਲ ਨੌਕਰੀ ਕਰਦਾ ਸੀ ਪਰ ਸਾਲ ਭਰ ਪਹਿਲਾਂ ਉਸ ਨੇ ਸਲਮਾਨ ਨੂੰ ਕੰਮ ਤੋਂ ਜਵਾਬ ਦੇ ਦਿੱਤਾ ਸੀ।

ਰਾਊਫ਼ ਖਾਨ ਚੰਗਾ ਖਾਂਦਾ-ਪੀਂਦਾ ਆਦਮੀ ਸੀ। ਉਹ ਆਜ਼ਾਦ ਉਮੀਦਵਾਰ ਦੇ ਰੂਪ ਵਿੱਚ ਵਿਧਾਨ ਸਭਾ ਚੋਣ ਵੀ ਲੜ ਚੁੱਕਾ ਸੀ। ਉਸ ਦੀ ਪਹੁੰਚ ਵੀ ਉਚੀ ਸੀ, ਇਸ ਕਰਕੇ ਬਿਨਾਂ ਕਿਸੇ ਠੋਸ ਸਬੂਤ ਦੇ ਪੁਲਿਸ ਉਸ ਨੂੰ ਪਕੜਨ ਤੋਂ ਕਤਰਾ ਰਹੀ ਸੀ।

ਪੁਲਿਸ ਨੇ ਲਾਪਤਾ ਸਲਮਾਨ ਸ਼ੇਖ ਦੇ ਨੰਬਰ ਦੀ ਕਾਲ ਡਿਟੇਲ ਕਢਵਾਈ ਤਾਂ ਉਸ ਵਿੱਚ ਹੈਰਾਨ ਕਰਨ ਵਾਲੀ ਜਾਣਕਾਰੀ ਇਹ ਮਿਲੀ ਕਿ ਸਲਮਾਨ ਦੀ ਸਭ ਤੋਂ ਜ਼ਿਆਦਾ ਅਤੇ ਲੰਮੀਆਂ ਗੱਲਾਂ ਰਾਊਫ਼ ਦੀ ਪਤਨੀ ਸ਼ਬਨਮ ਨਾਲ ਹੋਈਆਂ ਸਨ। ਰਾਊਫ਼ ਦੁਆਰਾ ਨੌਕਰੀ ਤੋਂ ਕੱਢ ਦੇਣ ਬਾਅਦ ਵੀ ਉਸ ਦੀਆਂ ਸ਼ਬਨਮ ਨਾਲ ਗੱਲਾਂ ਹੁੰਦੀਆਂ ਰਹਿੰਦੀਆਂ ਸਨ। ਇਹਨਾਂ ਗੱਲਾਂ ਤੋਂ ਥਾਣਾ ਚੰਦਨ ਨਗਰ ਦੀ ਪੁਲਿਸ ਨੂੰ ਲੱਗਿਆ ਕਿ ਸ਼ਾਇਦ ਇਸੇ ਕਾਰਨ ਸਲਮਾਨ ਦੇ ਘਰ ਵਾਲੇ ਰਾਊਫ਼ ਖਾਨ ਤੇ ਸ਼ੱਕ ਜਾਹਿਰ ਕਰ ਰਹੇ ਸਨ।

ਉਹਨਾਂ ਨੇ ਸਲਮਾਨ ਦੇ ਭਰਾ ਤੌਕੀਰ ਤੋਂ ਰਾਊਫ਼ ਅਤੇ ਉਸ ਦੇ ਰਿਸ਼ਤੇਦਾਰਾਂ ਬਾਰੇ ਪੁੱਛਿਆ ਤਾਂ ਉਸ ਨੈ ਦੱਸਿਆ ਕਿ ਉਸ ਦੇ ਕਈ ਨਜ਼ਦੀਕੀ ਰਿਸ਼ਤੇਦਾਰ ਧਾਰ ਜ਼ਿਲ੍ਹੇ ਦੇ ਧਰਮਪੁਰੀ ਵਿੱਚ ਰਹਿੰਦੇ ਹਨ। ਤੌਕੀਰ ਦੀ ਇਸ ਗੱਲ ਤੇ ਉਹਨਾਂ ਨੂੰ 5 ਦਿਨਟ ਪਹਿਲਾਂ ਧਰਮਪੁਰੀ ਵਿੱਚ ਮਿਲੀ ਲਾਸ਼ ਦੀ ਗੱਲ ਯਾਦ ਆ ਗਈ।

ਦਰਅਸਲ 10 ਜਨਵਰੀ 2017 ਨੂੰ ਧਾਰ ਜ਼ਿਲ੍ਹੇ ਦੀ ਧਰਮਪੁਰੀ ਪੁਲਿਸ ਦੁਆਰਾ ਬੈਂਟ ਸੰਸਥਾ ਦੇ ਜੰਗਲ ਵਿੱਚ ਲਾਸ਼ ਪਈ ਹੋਣ ਦੀ ਖਬਰ ਮਿਲੀ ਸੀ। ਅਧਿਕਾਰੀਆਂ ਨੂੰ ਸੂਚਨਾ ਦੇ ਕੇ ਉਹ ਪੁਲਿਸ ਅਫ਼ਸਰ ਉਥੇ ਪਹੁੰਚੇ, ਉਥੇ ਇੱਕ ਲਾਸ਼ ਪਈ ਸੀ, ਜਿਸ ਦਾ ਸਿਰ ਕਾਫ਼ੀ ਖਰਾਬ ਹਾਲਤ ਵਿੱਚ ਸੀ। ਸ਼ਾਇਦ ਜੰਗਲੀ ਜਾਨਵਰਾਂ ਨੇ ਉਸਨੂੰ ਨੋਚ ਦਿੱਤਾ ਸੀ। ਉਸ ਦਾ ਗੁਪਤ ਅੰਗ ਵੀ ਕੱਟਿਆ ਹੋਇਆ ਸੀ। ਲਾਸ਼ ਦੀ ਸਥਿਤੀ ਦੇਖ ਕੇ ਪੁਲਿਸ ਨੂੰ ਮਹਿਸੂਸ ਹੋਇਆ ਕਿ ਹੱਤਿਆ ਪ੍ਰੇਮ ਪ੍ਰਸੰਗ ਵਿੱਚ ਕੀਤੀ ਗਈ ਹੈ ਕਿਉਂਕਿ ਪ੍ਰੇਮ ਪ੍ਰਸੰਗ ਵਿੱਚ ਅਕਸਰ ਇਸੇ ਤਰ੍ਹਾਂ ਹੱਤਿਆਵਾਂ ਹੁੰਦੀਆਂ ਹਨ।

ਪੁਲਿਸ ਨੇ ਲਾਸ਼ ਦੀ ਸ਼ਨਾਖਤ ਲਈ ਜਦੋਂ ਮ੍ਰਿਤਕ ਦੇ ਕੱਪੜਿਆਂ ਦੀ ਤਲਾਸ਼ੀ ਲਈ ਤਾਂ ਪੈਂਟ ਦੀ ਜੇਬ ਤੋਂ ਇੱਕ ਪਰਸ ਮਿਲਿਆ, ਜਿਸ ਵਿੱਚ ਇੱਕ ਲੜਕੇ ਅਤੇ ਲੜਕੀ ਦੀ ਤਸਵੀਰ ਤੋਂ ਇਲਾਵਾ ਹਿਸਾਬ ਦੀ ਡਾਇਰੀ ਅਤੇ ਤੰਬਾਕੂ ਦੀ ਇੱਕ ਪੁੜੀ ਮਿਲੀ। ਉਸ ਵਿੱਚ ਕੁਝ ਅਜਿਹਾ ਨਹੀਂ ਸੀ, ਜਿਸ ਤੋਂ ਮ੍ਰਿਤਕ ਦੀ ਪਛਾਣ ਹੋ ਸਕੇ।

ਮ੍ਰਿਤਕ ਦੇ ਗਲੇ ਵਿੱਚ ਤੁਲਸੀ ਦੀ ਇੱਕ ਮਾਲਾ ਪਈ ਸੀ, ਜਿਸ ਤੋਂ ਅੰਦਾਜ਼ਾ ਸੀ ਕਿ ਲਾਸ਼ ਕਿਸੇ ਹਿੰਦੂ ਦੀ ਹੈ। ਲਾਸ਼ ਦੀ ਸ਼ਨਾਖਤ ਨਾ ਹੋਸਕੀ ਤਾਂ ਪੁਲਿਸ ਨੇ ਘਟਨਾ ਸਥਾਨ ਤੇ ਸਾਰੀ ਕਾਰਵਾਇ. ਨਿਪਟਾ ਕੇ ਉਸਨੂੰ ਪੋਸਟ ਮਾਰਟਮ ਲਈ ਭਿਜਵਾ ਦਿੱਤਾ। ਇਸ ਤੋਂ ਬਾਅਦ ਲਾਸ਼ ਦੀ ਸ਼ਨਾਖਤ ਦੇ ਲਈ ਇਹ ਜਾਣਕਾਰੀ ਆਪਣੇ ਜ਼ਿਲ੍ਹੇ ਵਿੱਚ ਹੀ ਨਹੀਂ, ਆਸ ਪਾਸ ਦੇ ਜ਼ਿਲ੍ਹਿਆਂ ਵਿੱਚ ਵੀ ਭੇਜ ਦਿੱਤੀ। ਉਸ ਜਾਣਕਾਰੀ ਦੇ ਆਧਾਰ ਤੇ ਥਾਣਾ ਚੰਦਨਨਗਰ ਦੇ ਪੁਲਿਸ ਮੁਖੀ ਨੂੰ ਜਦੋਂ ਪਤਾ ਲੱਗਿਆ ਕਿ ਰਾਊਫ਼ ਦੀ ਰਿਸ਼ਤੇਦਾਰੀ ਧਰਮਪੁਰੀ ਵਿੱਚ ਹੈ ਤਾਂ ਉਸਨੂੰ ਲੱਗਿਆ ਕਿ ਉਹ ਲਾਸ਼ ਸਲਮਾਨ ਸ਼ੇਖ ਦੀ ਹੋ ਸਕਦੀ ਹੈ।

ਉਹਨਾ ਨੇ ਤੁਰੰਤ ਲਾਪਤਾ ਸਲਮਾਨ ਸ਼ੇਖ ਦੇ ਘਰ ਵਾਲਿਆ ਨੂੰ ਥਾਣਾ ਧਰਮਪੁਰੀ ਜਾਣ ਦੀ ਸਲਾਹ ਦਿੱਤੀ। ਤੌਕੀਰ ਪਿਤਾ ਦੇ ਨਾਲ ਥਾਣੇ ਪਹੁੰਚਿਆ ਤਾਂ ਪਤਾ ਲੱਗਿਆ ਕਿ ਲਾਸ਼ ਤਾਂ ਦਫ਼ਨਾ ਦਿੱਤੀ ਹੈ। ਪੁਲਿਸ ਨੇ ਉਹਨਾਂ ਨੂੰ ਲਾਸ਼ ਕੋਲੋਂ ਮਿਲਿਆ ਕੁਝ ਸਮਾਨ ਦਿਖਾਇਆ ਤਾਂ ਉਹਨਾਂ ਨੇ ਉਸ ਵਿੱਚ ਰੱਖੀ ਇੱਕ ਅੰਗੂਠੀ ਦੇਖ ਕੇ ਕਿਹਾ ਕਿ ਉਹ ਲਾਸ਼ ਸਲਮਾਨ ਸ਼ੇਖ ਦੀ ਸੀ, ਪਰ ਇਹ ਤੁਲਸੀ ਦੀ ਮਾਲਾ ਉਹਨਾਂ ਦਾ ਮੁੰਡਾ ਕਿਉਂ ਪਾਵੇਗਾ।

ਪੁਲਿਸ ਸਮਝ ਗਈ ਕਿ ਹੱਤਿਆਰੇ ਨੇ ਪੁਲਿਸ ਨੂੰ ਗੁਮਰਾਹ ਕਰਨ ਲਈ ਤੁਲਸੀ ਦੀ ਮਾਲਾ ਪਾ ਕੇ ਉਸ ਦਾ ਗੁਪਤ ਅੰਗ ਕੱਟ ਦਿੱਤਾ ਸੀ। ਪੁਲਿਸ ਨੂੰ ਭਰਮਾਉਣ ਲਈ ਹਤਿਆਰੇ ਨੇ ਜੇਬ ਵਿੱਚ ਲੜਕੀ ਅਤੇ ਲੜਕੇ ਦੀ ਤਸਵੀਰ ਵੀ ਰੱਖੀ ਸੀ। ਹੱਤਿਆਰਿਆਂ ਨੇ ਗਲਤੀ ਇਹ ਕੀਤੀ ਸੀ ਕਿ ਉਹ ਸਲਮਾਨ ਸ਼ੇਖ ਦੀ ਅੰਗੂਠੀ ਕੱਢਣਾ ਭੁੱਲ ਗਏ। ਅੰਗੂਠੀ ਤੋਂ ਹੀ ਉਸ ਦੀ ਲਾਸ਼ ਦੀ ਪਛਾਣ ਹੋ ਗਈ ਸੀ।

ਲਾਸ਼ ਦੀ ਪਛਾਣ ਹੋਣ ਤੋਂ ਅਗਲੇ ਦਿਨ ਉਪ ਜ਼ਿਲ੍ਹਾ ਅਧਿਕਾਰੀ ਦੇ ਆਦੇਸ਼ ਤੇ ਸਲਮਾਨ ਸ਼ੇਖ ਦੀ ਲਾਸ਼ ਕਢਵਾ ਕੇ ਉਸ ਦੇ ਘਰ ਵਾਲਿਆਂ ਨੂੰ ਸੌਂਪ ਦਿੱਤਾ। ਘਰ ਵਾਲਿਆਂ ਨੇ ਸਲਮਾਨ ਦੀ ਲਾਸ਼ ਲਿਆ ਕੇ ਇੰਦੌਰ ਦੇ ਇੱਕ ਕਬਰਿਸਤਾਨ ਵਿੱਚ ਦਫ਼ਨਾ ਦਿੱਤੀ। ਸਲਮਾਨ ਦੀ ਲਾਸ਼ ਮਿਲਣ ਦੀ ਸੂਚਨਾ ਮਿਲਣ ਤੇ ਉਸਦੇ ਰਿਸ਼ਤੇਦਾਰਾਂ ਅਤੇ ਦੋਸਤਾਂ ਨੇ ਥਾਣਾ ਚੰਦਨਨਗਰ ਵਿੱਚ ਧਰਨਾ ਦੇ ਕੇ ਹੱਤਿਆਰਿਆਂ ਨੂੰ ਜਲਦੀ ਪਕੜਨ ਦੀ ਮੰਗ ਕੀਤੀ।

ਇੱਕ ਪਾਸੇ ਜਿੱਥੇ ਮ੍ਰਿਤਕ ਸਲਮਾਨ ਸ਼ੇਖ ਦੇ ਘਰ ਵਾਲਿਆਂ ਅਤੇ ਵਾਕਫ਼ਕਾਰਾਂ ਨੇ ਪੁਲਿਸ ਤੇ ਹੱਤਿਆਰਿਆ ਨੂੰ ਗ੍ਰਿਫ਼ਤਾਰ ਕਰਨ ਦਾ ਦਬਾਅ ਪਾਇਆ, ਇੱਥੇ ਮੁਖਬਰ ਤੋਂ ਮਿਲੀ ਜਾਣਕਾਰੀ ਨੇ ਪੁਲਿਸ ਨੂੰ ਹੈਰਾਨ ਕਰ ਦਿੱਤਾ। ਮੁਖਬਰ ਨੇ ਦੱਸਿਆ ਕਿ ਸਲਮਾਨ ਨੂੰ ਆਖਰੀ ਵਾਰ ਰਾਊਫ਼ ਖਾਨ ਦੇ ਡਰਾਈਵਰ ਸੱਦਾਮ ਦੇ ਨਾਲ ਦੇਖਿਆ ਗਿਆ ਸੀ।



ਸਲਮਾਨ ਨੂੰ ਇਸ ਨਾਲ ਕੋਈ ਫ਼ਰਕ ਨਾ ਪਿਆ। ਉਹ ਰਾਊਫ਼ ਦੇ ਘਰ ਦੇ ਠੀਕ ਸਾਹਮਣੇ ਰਹਿੰਦਾ ਸੀ। ਮੌਕਾ ਕੱਢ ਕੇ ਉਹ ਸ਼ਬਨਮ ਨੂੰ ਮਿਲ ਹੀ ਲੈਂਦਾ ਸੀ। ਫ਼ੋਨ ਤੇ ਉਹਨਾਂ ਦੀਆਂ ਗੱਲਾਂ ਹੁੰਦੀਆਂ ਰਹਿੰਦੀਆਂ। ਜਦੋਂ ਰਾਊਫ਼ ਨੂੰ ਪਤਾ ਲੱਗਿਆ ਕਿ ਹੁਣ ਵੀ ਸਲਮਾਨ ਅਤੇ ਸ਼ਬਨਮ ਮਿਲਦੇ ਹਨ ਤਾਂ ਉਸਨੂੰ ਡਰ ਲੱਗਣ ਲੱਗਿਆ ਕਿ ਕਿਤੇ ਸਲਮਾਨ ਉਸਦੀ ਪਤਨੀ ਨੂੰ ਭਜਾ ਕੇ ਨਾ ਲੈ ਜਾਵੇ। ਇਸ ਕਰਕੇ ਉਸਨੇ ਸਲਮਾਨ ਨੂੰ ਰਸਤੇ ਤੋਂ ਹਟਾਉਣ ਦਾ ਫ਼ੈਸਲਾ ਕੀਤਾ।

ਇਸ ਤੋਂ ਬਾਅਦ ਥਾਣਾ ਚੰਦਨ ਨਗਰ ਪੁਲਿਸ ਨੇ ਸ਼ਬਨਮ ਅਤੇ ਸੱਦਾਮ ਨੂੰ ਹਿਰਾਸਤ ਵਿੱਚ ਲਿਆ ਪਰ ਦੋਵੇਂ ਹੀ ਕੁਝ ਦੱਸਣ ਲਈ ਤਿਆਰ ਨਹੀਂ ਸਨ, ਕਿਉਂਕ ਪੁਲਿਸ ਦੇ ਕੋਲ ਦੋਵਾਂ ਦੇ ਖਿਲਾਫ਼ ਠੋਸ ਸਬੂਤ ਸਨ, ਇਸ ਕਰਕੇ ਪੁਲਿਸ ਨੇ ਦੋਵਾਂ ਨਾਲ ਥੋੜ੍ਹੀ ਸਖਤੀ ਕੀਤੀ ਅਤੇ ਕਾਲ ਡਿਟੇਲ ਦਿਖਾਈ ਤਾਂ ਉਹਨਾਂ ਨੇ ਅਸਲੀਅਤ ਉਗਲ ਦਿੱਤੀ।

ਸੱਦਾਮ ਨੇ ਸਵੀਕਾਰ ਕਰ ਲਿਆ ਕਿ ਸ਼ਬਨਮ ਭਾਬੀ ਨਾਲ ਸਲਮਾਨ ਸ਼ੇਖ ਦੇ ਸਬੰਧ ਸਨ, ਜਿਸ ਤੋਂ ਨਰਾਜ਼ ਹੋ ਕੇ ਰਾਊਫ਼ ਖਾਨ ਨੇ ਸਲਮਾਨ ਦੀ ਹੱਤਿਆ ਕਰਨ ਦੀ ਯੋਜਨਾ ਬਣਾਈ। ਇਸ ਯੋਜਨਾ ਵਿੱਚ ਉਸ ਤੋਂ ਇਲਾਵਾ ਰਾਊਫ਼ ਦੇ ਭਤੀਜੇ ਗੋਲੂ ਉਰਫ਼ ਜਫ਼ਰ ਅਤੇ ਜਾਵੇਦ ਵੀ ਸ਼ਾਮਲ ਸਨ।

ਇਸ ਤੋਂ ਬਾਅਦ ਉਸ ਨੇ ਸਲਮਾਨ ਸ਼ੇਖ ਦੀ ਹੱਤਿਆ ਦੀ ਜੋ ਕਹਾਦੀ ਸੁਣਾਈ, ਉਸ ਦੇ ਆਧਾਰ ਤੇ ਪੁਲਿਸ ਨੇ ਜਾਵੇਦ, ਰਾਊਫ਼ ਖਾਨ, ਗੋਲੂ ਉਰਫ਼ ਜਫ਼ਰ ਤੋਂ ਇਲਾਵਾ ਧਰਮਪੁਰੀ ਪੁਲਿਸ ਦੀ ਮਦਦ ਨਾਲ ਧਰਮਪੁਰੀ ਦੇ ਰਹਿਣ ਵਾਲੇ ਰਾਊਫ਼ ਦੇ ਇੱਕ ਰਿਸ਼ਤੇਦਾਰ ਨੂੰ ਵੀ ਗ੍ਰਿਫ਼ਤਾਰ ਕਰ ਲਿਆ। ਬਾਅਦ ਵਿੱਚ ਇਹਨਾਂ ਸਾਰਿਆਂ ਨੂੰ ਧਰਮਪੁਰੀ ਪੁਲਿਸ ਹਵਾਲੇ ਕਰ ਦਿੱਤਾ।

ਇੰਦੌਰ ਦੇ ਥਾਣਾ ਚੰਦਨਨਗਰ ਵਿੱਚ ਰਹਿਣ ਵਾਲਾ 21 ਸਾਲ ਦਾ ਸਲਮਾਨ ਅਬਦੁਲ ਲਤੀਫ਼ ਸ਼ੇਖ ਦਾ ਮੁੰਡਾ ਸੀ। ਉਸ ਦੇ ਘਰ ਦੇ ਸਾਹਮਣੇ ਰਾਊਫ਼ ਦਾ ਘਰ ਸੀ, ਜੋ ਬਿਲਡਿੰਗਾਂ ਦੀ ਮੁਰੰਮਤ ਦਾ ਠੇਕਾ ਲੈਂਦਾ ਸੀ। ਸਲਮਾਨ ਪੜ੍ਹ ਲਿਖ ਕੇ ਕਮਾਉਣ ਲਾਇੱਕ ਹੋਇਟਾ ਤਾਂ ਅਬਦੁਲ ਲਤੀਫ਼ ਸ਼ੇਖ ਦੇ ਕਹਿਣ ਤੇ ਰਾਊਫ਼ ਖਾਨ ਨੇ ਉਸਨੂੰ ਵੀ ਕੰਮ ਤੇ ਲਗਾ ਲਿਆ।

ਸਲਮਾਨ ਰਾਊਫ਼ ਦਾ ਪੜੌਸੀ ਸੀ, ਇਯ ਕਰਕੇ ਉਸ ਦਾ ਰਾਊਫ਼ ਦੇ ਘਰ ਪਹਿਲਾਂ ਵੀ ਆਉਣਾ-ਜਾਣਾ ਸੀ ਪਰ ਜਦੋਂ ਉਹ ਉਸ ਦੇ ਕੋਲ ਕੰਮ ਕਰਨ ਲੱਗਿਆ ਤਾਂ ਆਵਾਜਾਈ ਹੋਰ ਵੱਧ ਗਈ, ਜਿਸ ਕਾਰਨ ਰਾਊਫ਼ ਦੀ ਪਤਨੀ ਸ਼ਬਨਮ ਨਾਲ ਉਸਦੀ ਜ਼ਿਆਦਾ ਹੀ ਬਣਨ ਲੱਗੀ। ਉਹਨਾਂ ਦਾ ਰਿਸ਼ਤਾ ਵੀ ਕੁਝ ਅਜਿਹਾ ਸੀ। ਸਲਮਾਨ ਸ਼ਬਨਮ ਨੂੰ ਭਾਬੀ ਕਹਿੰਦਾ ਸੀ, ਇਸ ਕਰਕੇ ਖੁੱਲ੍ਹ ਕੇ ਹਾਸਾ ਮਜ਼ਾਕ ਕਰਦਾ ਸੀ।

ਰਾਊਫ਼ ਖਾਨ ਦਾ ਕੰਮ ਚੰਗਾ ਸੀ, ਉਸਦਾ ਸਾਰਾ ਦਿਨ ਭੱਜ ਦੌੜ ਵਿੱਚ ਬੀਤਦਾ। ਕਿਉਂਕਿ ਸਲਮਾਨ ਪੜੌਸੀ ਸੀ, ਇਸ ਕਰਕੇ ਘਰ ਦੇ ਕੰਮਾਂ ਲਈ ਉਹ ਜ਼ਿਆਦਾਤਰ ਉਸੇ ਨੂੰ ਭੇਜਦਾ। ਘਰ ਦੇ ਕੰਮਾਂ ਨਾਂਲ ਸਲਮਾਨ ਸ਼ਬਦਮ ਦੇ ਛੋਟੇ-ਮੋਟੇ ਨਿੱਜੀ ਕੰਮ ਵੀ ਕਰ ਦਿੰਦਾ। ਸ਼ਬਨਮ ਖ਼ੂਬਸੂਰਤ ਵੀ ਸੀ ਅਤੇ ਉਮਰ ਵਿੱਚ ਰਾਊਫ਼ ਤੋਂ ਛੋਟੀ ਸੀ। ਸਲਮਾਨ ਉਸ ਦਾ ਹਮਸਫ਼ਰ ਸੀ। ਉਹ ਸ਼ਬਨਮ ਨਾਲ ਅਜਿਹਾ ਮਜ਼ਾਕ ਕਰਦਾ ਕਿ ਉਹ ਸ਼ਰਮ ਨਾਲ ਲਾਲ ਹੋ ਜਾਂਦੀ। ਔਰਤਾਂ ਨੂੰ ਮਰਦਾਂ ਦੀਆਂ ਨਜ਼ਰਾਂ ਪਛਾਣਦਿਆਂ ਦੇਰ ਨਹੀਂ ਲੱਗਦੀ। ਸ਼ਬਨਮ ਨੇ ਵੀ ਸਲਮਾਨ ਦੀਆਂ ਨਜ਼ਰਾਂ ਤੋਂ ਉਸ ਦਾ ਇਰਾਦਾ ਭਾਂਪ ਲਿਆ।

ਪਹਿਲਾਂ ਤਾਂ ਸ਼ਬਨਮਾ ਨੇ ਉਸ ਤੋਂ ਨਜ਼ਰਾਂ ਬਚਾਉਣ ਦੀ ਕੋਸ਼ਿਸ਼ ਕੀਤੀ ਪਰ ਖੁਦ ਘੱਟ ਉਮਰ ਦੇ ਆਸ਼ਕ ਦੀ ਦੀਵਾਨਗੀ ਨੇ ਉਸਨੂੰ ਬਚਣ ਨਾ ਦਿੱਤਾ। ਉਸ ਦੀ ਦੀਵਾਨਗੀ ਉਸਨੂੰ ਚੰਗੀ ਲੱਗਣ ਲੱਗੀ ਤਾਂ ਉਹ ਉਸ ਦੇ ਸਾਹਮਣੇ ਆਪਣੇ ਲੁਕੇ ਅੰਗਾਂ ਨੂੰ ਇਸ ਤਰ੍ਹਾਂ ਦਿਖਾਉਣ ਲੱਗੀ, ਜਿਵੇਂ ਸਲਮਾਨ ਜੋਦੇਖ ਰਿਹਾ ਹੈ, ਉਸ ਤੋਂ ਉਹ ਅਣਜਾਣ ਹੈ।

ਸਲਮਾਨ ਨੇ ਜੋ ਕੁਝ ਹੁਣ ਤੱਕ ਨਹੀਂ ਦੇਖਿਆ ਸੀ, ਸ਼ਬਨਮ ਨੇ ਉਹ ਸਭ ਦਿਖਾ ਦਿੱਤਾ। ਸਲਮਾਨ ਦੀ ਚਾਹਤ ਦੀ ਅੱਗ ਵਿੱਚ ਸ਼ਬਨਮ ਕੁਝ ਜ਼ਿਆਦਾ ਹੀ ਪਿਘਲਣ ਲੱਗੀ ਅਤੇ ਹੌਲੀ-ਹੌਲੀ ਖੁਦ ਹੀ ਉਸ ਦੀ ਹੁੰਦੀ ਚਲੀ ਗਈ। ਉਸੇ ਵਿੱਚਕਾਰ ਰਾਊਫ਼ ਖਾਨ ਵਿਧਾਨ ਸਭਾ ਦੀ ਚੋਣ ਲੜ ਰਿਹਾ ਸੀ। ਇਯ ਕਰਕੇ ਉਹ ਚੋਣ ਵਿੱਚ ਇੰਨੇ ਬਿਜ਼ੀ ਹੋ ਗਿਆ ਕਿ ਉਸਨੂੰ ਕੰਮ ਅਤੇ ਪਤਨੀ ਦਾ ਖਿਆਲ ਨਾ ਰਿਹਾ।

ਉਸਨੇ ਸਾਰੇ ਕਰਮਚਾਰੀਆਂ ਨੂੰ ਪ੍ਰਚਾਰ ਵਿੱਚ ਲਗਾ ਦਿੱਤਾ। ਇਸ ਕਰਕੇ ਉਸ ਨੇ ਸਲਮਾਨ ਨੂੰ ਘਰ ਦੇ ਕੰਮਾਂ ਦੀ ਜ਼ਿੰਮੇਵਾਰੀ ਸੌਂਪ ਦਿੱਤੀ। ਇਸ ਵਿੱਚਕਾਰ ਉਸ ਨੇ ਸਲਮਾਨ ਨੂੰ ਘਰ ਦੀ ਜ਼ਿੰਮੇਵਾਰੀ ਸੌਂਪ ਦਿੱਤੀ। ਸਲਮਾਨ ਹੁਣ ਦਿਨ ਰਾਤ ਸ਼ਬਨਮ ਕੋਲ ਸੀ। ਇੱਕ ਦਿਨ ਸਲਮਾਨ ਨੇ ਸ਼ਬਨਮ ਨੂੰ ਬਾਹਾਂ ਵਿੱਚ ਲੈ ਲਿਆ ਤਾਂ ਸ਼ਬਨਮ ਨੇ ਉਸਦੀ ਦਲੇਰੀ ਦੀ ਸ਼ਲਾਘਾ ਕੀਤੀ। ਇਸ ਤੋਂ ਬਾਅਦ ਦੋਵਾਂ ਦੇ ਨਜਾਇਜ਼ ਸਬੰਧ ਆਰੰਭ ਹੋ ਗਏ। ਸਲਮਾਨ ਨੂੰ ਹੁਣ ਸ਼ਬਨਮ ਤੋਂ ਜੁਦਾਈ ਬਿਲਕੁਲ ਬਰਦਾਸ਼ਤ ਨਹੀਂ ਹੁੰਦੀ ਸੀ। ਉਹ ਚਾਹੁੰਦਾ ਸੀ ਕਿ ਸ਼ਬਨਮ ਹਮੇਸ਼ਾ ਉਸ ਦੀਆਂ ਅੱਖਾਂ ਦੇ ਸਾਹਮਣੇ ਰਹੇ। ਪਰ ਇਹ ਸੰਭਵ ਨਹੀਂ ਸੀ। ਫ਼ਿਰ ਵੀ ਉਹ ਹਰ ਪਲ ਉਸੇ ਦੀਆਂ ਯਾਦਾਂ ਵਿੱਚ ਗੁਆਚਿਆ ਰਹਿੰਦਾ ਅਤੇ ਉਸ ਨੂੰ ਮਿਲਣ ਦਾ ਮੌਕਾ ਲੱਭਦਾ ਰਹਿੰਦਾ। ਅਕਸਰ ਉਹ ਦੁਪਹਿਰੇ ਕੰਮ ਛੱਡ ਕੇ ਸ਼ਬਨਮ ਨੂੰ ਮਿਲਣ ਪਹੁੰਚ ਜਾਂਦਾ।

ਸਲਮਾਨ ਦੇ ਇਸ ਤਰ੍ਹਾਂ ਕੰਮ ਛੱਡ ਕੇ ਆਉਣ ਤੇ ਰਾਊਫ਼ ਨੂੰ ਸ਼ੱਕ ਹੋਇਆ ਤਾਂ ਉਸਨੇ ਕਰਮਚਾਰੀਆਂ ਤੋਂ ਉਸ ਬਾਰੇ ਪਤਾ ਕੀਤਾ। ਪਤਾ ਲੱਗਿਆ ਕਿ ਸਲਮਾਨ ਉਸਦੀ ਪਤਨੀ ਨਾਲ ਫ਼ੋਨ ਤੇ ਘੰਟਿਆਂ ਬੱਧੀ ਗੱਲਾਂ ਕਰਦਾ ਹੈ। ਅਕਸਰ ਦੁਪਹਿਰ ਨੂੰ ਉਸਨੂੰ ਮਿਲਣ ਵੀ ਜਾਂਦਾ ਹੈ। ਰਾਊਫ਼ ਨੇ ਨਜ਼ਰ ਰੱਖਣੀ ਆਰੰਭ ਕਰ ਦਿੱਤੀ। ਆਖਿਰ ਇੱਕ ਦਿਨ ਉਸ ਨੇ ਸਲਮਾਨ ਨੂੰ ਪਤਨੀ ਨਾਲ ਫ਼ੋਨ ਤੇ ਗੱਲਾਂ ਕਰਦੇ ਪਕੜ ਲਿਆ ਤਾਂ ਉਸਨੇ ਸਲਮਾਨ ਦੀ ਕੁੱਟਮਾਰ ਕਰਕੇ ਕੰਮ ਤੋਂ ਕੱਢ ਦਿੱਤਾ। ਸਲਮਾਨ ਨੂੰ ਇਸ ਨਾਲ ਕੋਈ ਫ਼ਰਕ ਨਾ ਪਿਆ। ਉਹ ਰਾਊਫ਼ ਦੇ ਘਰ ਦੇ ਠੀਕ ਸਾਹਮਣੇ ਰਹਿੰਦਾ ਸੀ। ਮੌਕਾ ਕੱਢ ਕੇ ਉਹ ਸ਼ਬਨਮ ਨੂੰ ਮਿਲ ਹੀ ਲੈਂਦਾ ਸੀ। ਫ਼ੋਨ ਤੇ ਉਹਨਾਂ ਦੀਆਂ ਗੱਲਾਂ ਹੁੰਦੀਆਂ ਰਹਿੰਦੀਆਂ। ਜਦੋਂ ਰਾਊਫ਼ ਨੂੰ ਪਤਾ ਲੱਗਿਆ ਕਿ ਹੁਣ ਵੀ ਸਲਮਾਨ ਅਤੇ ਸ਼ਬਨਮ ਮਿਲਦੇ ਹਨ ਤਾਂ ਉਸਨੂੰ ਡਰ ਲੱਗਣ ਲੱਗਿਆ ਕਿ ਕਿਤੇ ਸਲਮਾਨ ਉਸਦੀ ਪਤਨੀ ਨੂੰ ਭਜਾ ਕੇ ਨਾ ਲੈ ਜਾਵੇ। ਇਸ ਕਰਕੇ ਉਸਨੇ ਸਲਮਾਨ ਨੂੰ ਰਸਤੇ ਤੋਂ ਹਟਾਉਣ ਦਾ ਫ਼ੈਸਲਾ ਕੀਤਾ।

ਰਾਊਫ਼ ਨੇ ਸਲਮਾਨ ਨੂੰ ਇੰਦੌਰ ਤੋਂ ਕਰੀਬ 150 ਕਿਲੋਮੀਟਰ ਦੂਰ ਲਿਜਾ ਕੇ ਧਾਰ ਜ਼ਿਲ੍ਹੇ ਦੇ ਧਰਮਪੁੀ ਇਲਾਕੇ ਦੇ ਜੰਗਲ ਵਿੱਚ ਹੱਤਿਆ ਕਰਨ ਦੀ ਯੋਜਨਾ ਬਣਾਈ ਤਾਂ ਜੋ ਪੁਲਿਸ ਉਸਦੀ ਲਾਸ਼ ਨਾ ਲੱਭ ਸਕੇ। ਆਪਣੀ ਯੋਜਨਾ ਵਿੱਚ ਉਸ ਨੇ ਆਪਣੇ ਡਰਾਈਵਰ ਸੱਦਾਮ, ਭਤੀਜੇ ਗੋਲੂ ਉਰਫ਼ ਜਫ਼ਰ ਅਤੇ ਜਾਵੇਦ ਨੂੰ ਸ਼ਾਮਲ ਕੀਤਾ।

ਯੋਜਨਾ ਤਾਂ ਬਣ ਗਈ ਪਰ ਹੁਣ ਸਲਮਾਨ ਨੂੰ ਧਰਮਪੁਰੀ ਦੇ ਜੰਗਲ ਤੱਕ ਕਿਵੇਂ ਲਿਜਾਇਆ ਜਾਵੇ, ਇਸ ਤੇ ਵਿੱਚਾਰ ਕੀਤਾ ਗਿਆ। ਉਹ ਆਸਾਨੀ ਨਾਲ ਜਾਣ ਵਾਲਾ ਨਹੀਂ ਸੀ। ਆਖਿਰ ਸਕੀਮ ਬਣਾਈ ਅਤੇ ਇਸ ਕੰਮ ਲਈ ਡਰਾਈਵਰ ਸੱਦਾਮ ਨੂੰ ਤਿਆਰ ਕੀਤਾ। ਉਸ ਨੇ ਸੱਦਾਮ ਨੂੰ ਕਿਹਾ ਕਿ ਉਹ ਸਲਮਾਨ ਨੂੰ ਸ਼ਬਨਮ ਨੂੰ ਮਿਲਾਉਣ ਦੇ ਬਹਾਨੇ ਧਰਮਪੁਰੀ ਦੇ ਜੰਗਲ ਤੱਕ ਲੈ ਜਾਵੇ।

ਯੋਜਨਾ ਮੁਤਾਬਕ 8 ਜਨਵਰੀ 2017 ਨੂੰ ਸੱਦਾਮ ਸਲਮਾਨ ਨੂੰ ਮਿਲਿਆ। ਸੱਦਾਮ ਨੇ ਉਸ ਨੂੰ ਸ਼ਬਨਮ ਨੂੰ ਮਿਲਾਉਣ ਲਈ ਕਿਹਾ ਤਾਂ ਉਹ ਫ਼ੌਰਨ ਤਿਆਰ ਹੋ ਗਿਆ। ਕਿਉਂਕਿ ਪਿਛਲੇ ਇੱਕ ਹਫ਼ਤੇ ਤੋਂ ਉਹ ਸ਼ਬਨਮ ਨੂੰ ਨਹੀਂ ਮਿਲਿਆ ਸੀ। ਸੱਦਾਮ ਸਲਮਾਨ ਨੂੰ ਆਪਣੇ ਨਾਲ ਲੈ ਕੇ ਚੱਲਿਆ ਤਾਂ ਕਈ ਲੋਕਾਂ ਨੇ ਉਸ ਨੂੰ ਸਲਮਾਨ ਦੇ ਨਾਲ ਦੇਖ ਲਿਆ। ਧਰਮਪੁਰੀ ਦੇ ਜੰਗਲ ਵਿੱਚ ਪਹੁੰਚ ਕੇ ਸਲਮਾਨ ਨੇ ਸ਼ਬਨਮ ਦੀ ਬਜਾਏ ਗੋਲੂ, ਜਾਵੇਦ ਅਤੇ ਰਾਊਫ਼ ਖਾਨ ਨੂੰ ਦੇਖਿਆ ਤਾਂ ਸਮਝ ਗਿਆ ਕਿ ਉਸ ਨਾਲ ਧੋਖਾ ਹੋਇਆ ਹੈ।

ਉਹ ਕੁਝ ਕਹਿੰਦਾ ਜਾਂ ਭੱਜਦਾ, ਉਸ ਤੋਂ ਪਹਿਲਾਂ ਸਾਰਿਆਂ ਨੇ ਉਸਨੂੰ ਪਕੜ ਲਿਆ ਅਤੇ ਉਸਦੀ ਕੁੱਟਮਾਰ ਆਰੰਭ ਕਰ ਦਿੱਤੀ। ਕੁੱਟਮਾਰ ਕਰਨ ਤੋਂ ਬਾਅਦ ਉਸਦੇ ਗਲੇ ਵਿੱਚ ਰੱਸੀ ਪਾ ਕੇ ਕਸ ਦਿੱਤੀ ਤਾਂ ਉਸਦੀ ਮੌਤ ਹੋ ਗਈ। ਇਸ ਤੋਂ ਬਾਅਦ ਪਛਾਣ ਲੁਕੋਣ ਦੇ ਲਈ ਉਸਦਾ ਚਿਹਰਾ ਇੱਟ ਨਾਲ ਕੁਚਲ ਦਿੱਤਾ। ਉਸ ਦੇ ਕੱਪੜੇ ਉਤਾਰ ਕੇ ਗੁਪਤ ਅੰਗ ਕੱਟ ਦਿੱਤਾ ਤਾਂ ਜੋ ਉਸ ਦੇ ਧਰਮ ਦਾ ਪਤਾ ਨਾ ਲੱਗੇ। ਗਲੇ ਵਿੱਚ ਤੁਲਸੀ ਦੀ ਮਾਲਾ ਪਾ ਕੇ ਉਸ ਦੀ ਪੈਂਟ ਦੀ ਜੇਬ ਵਿੱਚ ਇੱਕ ਲੜਕੇ ਅਤੇ ਲੜਕੀ ਦੀ ਤਸਵੀਰ ਪਾ ਦਿੱਤੀ।

ਉਹਨਾਂ ਨੇ ਪੁਲਿਸ ਨੂੰ ਗੁੰਮਰਾਹ ਕਰਨ ਲਈ ਕੀਤਾ ਬਹੁਤ ਕੁਝ ਪਰ ਅਪਰਾਧ ਲੁਕ ਨਾ ਸਕਿਆ। ਸਲਮਾਨ ਦੀ ਹੱਤਿਆ ਕਰਨ ਤੋਂ ਬਾਅਦ ਰਾਊਫ਼ ਨੇ ਗੋਲੂ ਅਤੇ ਸੱਦਾਮ ਨੂੰ ਰਾਤ ਨੂੰ ਇੰਦੌਰ ਭੇਜ ਦਿੱਤਾ, ਜਦਕਿ ਖ਼ੁਦ ਜਾਵੇਦ ਦੇ ਨਾਲ ਆਪਣੀ ਭੈਣ ਕੋਲ ਧਰਮਪੁਰੀ ਰੁਕ ਗਿਆ ਤਾਂ ਜੋ ਕਿਸੇ ਨੂੰ ਸ਼ੱਕਾ ਨਾ ਹੋਵੇ। ਉਹ ਅਗਲੇ ਦਿਨ ਇੰਦੌਰ ਆ ਗਿਆ ਅਤੇ ਆਪਣੇ ਕੰਮ ਵਿੱਚ ਲੱਗ ਗਿਆ।

# ਚੀਨੀਆਂ ਨੂੰ ਪਛਾੜ ਕੇ ਕੈਨੇਡਾ ਦੇ ਡਰੱਗ ਮਾਫੀਆ 'ਤੇ ਪੰਜਾਬੀਆਂ ਦਾ ਕਬਜ਼ਾ

ਜਲੰਧਰ: ਕੈਨੇਡਾ ਦੇ ਡਰੱਗ ਮਾਫੀਆ 'ਤੇ ਕਦੇ ਚੀਨੀਆਂ ਦਾ ਕਬਜ਼ਾ ਰਿਹਾ ਹੈ ਪਰ ਹੁਣ ਇਹ ਬਾਦਸ਼ਾਹਤ ਪੰਜਾਬੀਆਂ ਕੋਲ ਹੈ। ਇਸ ਤੋਂ ਪਹਿਲਾਂ ਤਕ ਚੀਨੀ ਹੀ ਹੈਰੋਇਨ ਅਤੇ ਹੋਰਨਾਂ ਨਸ਼ੀਲੀਆਂ ਵਸਤਾਂ ਦੀ ਸਮੱਗਲਿੰਗ ਕਰਦੇ ਸਨ। ਪੰਜਾਬੀ ਸਮੱਗਲਰ ਤਾਂ ਸਿਰਫ ਪੰਜਾਬ ਤੋਂ ਹੈਰੋਇਨ ਦੀਆਂ ਖੇਪਾਂ ਮੰਗਵਾਉਣ ਦਾ ਕੰਮ ਕਰਦੇ ਸਨ। ਜਿਵੇਂ-ਜਿਵੇਂ ਕੈਨੇਡਾ 'ਚ ਪੰਜਾਬੀਆਂ ਦੀ ਆਬਾਦੀ ਵਧਣ ਲੱਗੀ ਅਤੇ ਪੰਜਾਬ ਤੋਂ ਜਾਣ ਵਾਲੇ ਨੌਜਵਾਨ ਸਰਗਰਮੀ ਨਾਲ ਡਰੱਗ ਮਾਫੀਆ ਨਾਲ ਜੁੜਨ ਲੱਗੇ ਤਾਂ ਪੰਜਾਬੀ ਚੀਨੀਆਂ 'ਤੇ ਭਾਰੂ ਹੋ ਗਏ। ਇਸ ਸਮੇਂ ਟੋਰਾਂਟੋ 'ਚ ਤਿੰਨ ਅਤੇ ਵੈਨਕੂਵਰ 'ਚ 2 ਵੱਡੇ ਗਿਰੋਹ ਕੰਮ ਕਰ ਰਹੇ ਹਨ ਜੋ ਪੰਜਾਬੀਆਂ ਨਾਲ ਸੰਬੰਧਤ ਹਨ। ਇਨ੍ਹਾਂ 'ਚੋਂ ਵਧੇਰੇ ਗੈਂਗ ਕਬੱਡੀ ਨਾਲ ਜੁੜੇ ਮਸਲਮੈਨ ਸਮਝੇ ਜਾਣ ਵਾਲੇ ਪੰਜਾਬੀਆਂ ਦੇ ਹਨ। ਭੋਲਾ ਡਰੱਗ ਰੈਕੇਟ 'ਚ ਵੀ ਕੈਨੇਡਾ ਦੇ ਰਹਿਣ ਵਾਲੇ ਦੋ ਐੱਨ.ਆਰ. ਆਈਜ਼ ਦਾ ਨਾਂ ਸਾਹਮਣੇ ਆਇਆ ਸੀ। ਇਹੀ ਨਹੀਂ, ਪੰਜਾਬ 'ਚ ਡਰੱਗ ਸਮੱਗਲਿੰਗ ਨਾਲ ਜੁੜੇ ਭੋਲਾ ਡਰੱਗ ਰੈਕੇਟ ਦੇ ਮਾਮਲੇ 'ਚ ਸੀ.ਬੀ.ਆਈ. ਕੈਨੇਡਾ ਦੀ ਸਰਕਾਰ ਕੋਲੋਂ 16 ਐੱਨ.ਆਰ. ਆਈਜ਼ ਦੀ ਹਵਾਲਗੀ ਤਕ ਦੀ ਮੰਗ ਕਰ ਚੁੱਕੀ ਹੈ।

**ਪੰਜਾਬੀਆਂ ਦੇ ਰਿਮੋਟ ਕੰਟਰੋਲ ਨਾਲ ਚੱਲ ਰਿਹਾ ਹੈ ਯੂ. ਕੇ. - ਕੈਨੇਡਾ ਦਾ ਮਾਫੀਆ**

ਯੂ. ਕੇ. ਅਤੇ ਕੈਨੇਡਾ ਦਾ ਮਾਫੀਆ ਪੰਜਾਬੀਆਂ ਦੇ ਰਿਮੋਟ ਕੰਟਰੋਲ ਨਾਲ ਚੱਲ ਰਿਹਾ ਹੈ। ਯੂ.ਕੇ. 'ਚ ਕੁਝ ਪੰਜਾਬੀ ਫਰਾਂਸ ਅਤੇ ਨਾਲ ਲੱਗਦੇ ਹੋਰਨਾਂ ਦੇਸ਼ਾਂ ਤੋਂ ਸ਼ਰਾਬ ਦੀ ਸਮੱਗਲਿੰਗ ਕਰਦੇ ਹਨ ਅਤੇ ਇਸ ਦੇ ਨਾਲ-ਨਾਲ ਪੰਜਾਬ ਤੋਂ ਹੈਰੋਇਨ ਉਥੇ ਲੈ ਜਾਂਦੇ ਹਨ। ਇਹ ਕੰਮ ਇਹ ਵਿਅਕਤੀ ਉਥੇ ਸਰਗਰਮ ਮਾਫੀਆ ਨਾਲ ਮਿਲ ਕੇ ਕਰਦੇ ਹਨ। ਇਸੇ ਤਰ੍ਹਾਂ ਕੈਨੇਡਾ 'ਚ ਕੁਝ ਪੰਜਾਬੀ ਹੈਰੋਇਨ ਦੀ ਸਮੱਗਲਿੰਗ ਕਰ ਰਹੇ ਹਨ। ਇਥੇ ਅਜਿਹੇ ਕਈ ਗਿਰੋਹ ਸਰਗਰਮ ਹਨ ਜੋ ਇਸ ਮਾਫੀਆ ਲਈ ਕੰਮ ਕਰਦੇ ਹਨ। ਕੈਨੇਡਾ 'ਚ ਹੈਰੋਇਨ ਦੀ ਸਮੱਗਲਿੰਗ ਨਾਲ ਜੁੜੇ ਕੁਝ ਵਿਅਕਤੀ ਪੰਜਾਬ 'ਚ ਇਸ ਰੈਕੇਟ ਨਾਲ ਜੁੜੇ ਆਪਣੇ ਰਿਸ਼ਤੇਦਾਰਾਂ ਰਾਹੀਂ ਹੈਰੋਇਨ ਦੀ ਖੇਪ ਮੰਗਵਾਉਂਦੇ ਹਨ।

**ਡਰੱਗ ਮਾਫੀਆ ਨਾਲ ਜੁੜੇ ਪੰਜਾਬੀਆਂ 'ਚ ਗੈਂਗਵਾਰ**

ਬੀਤੇ 5 ਸਾਲਾਂ ਦੌਰਾਨ ਵੈਨਕੂਵਰ ਅਤੇ ਟੋਰਾਂਟੋ ਵਿਖੇ ਸਰਗਰਮ ਪੰਜਾਬੀ ਗੈਂਗਾਂ 'ਚ ਹੋਈ ਖ਼ੂਨੀ ਜੰਗ ਕਾਰਨ 125 ਪੰਜਾਬੀ ਨੌਜਵਾਨਾਂ ਦੀ ਜਾਨ ਜਾ ਚੁੱਕੀ ਹੈ। ਇਸ ਗੈਂਗਵਾਰ ਤੋਂ ਕੈਨੇਡਾ ਦੀ ਸਰਕਾਰ ਵੀ ਪ੍ਰੇਸ਼ਾਨ ਹੈ। ਕੁਝ ਸਾਲ ਪਹਿਲਾਂ ਕੈਨੇਡਾ ਦੀ ਪੁਲਸ ਨੇ ਪੰਜਾਬ ਪੁਲਸ ਕੋਲੋਂ ਇਸ ਸੰਬੰਧੀ ਸਹਿਯੋਗ ਮੰਗਿਆ ਸੀ। ਇਨ੍ਹਾਂ 'ਚੋਂ ਵਧੇਰੇ ਨੌਜਵਾਨ ਦੋਆਬਾ ਅਤੇ ਮਾਲਵਾ ਨਾਲ ਸੰਬੰਧ ਰੱਖਦੇ ਹਨ। ਹੈਰਾਨੀ ਵਾਲੀ ਗੱਲ ਇਹ ਹੈ ਕਿ ਗੈਂਗਵਾਰ 'ਚ ਆਪਣੇ ਰਿਸ਼ਤੇਦਾਰਾਂ ਦੀ ਜਾਨ ਗੁਆਉਣ ਦੇ ਬਾਵਜੂਦ ਉਨ੍ਹਾਂ ਦੇ ਨੇੜਲੇ ਰਿਸ਼ਤੇਦਾਰ ਮੋਟੀ ਕਮਾਈ ਵਾਲੇ ਇਸ ਕਾਰੋਬਾਰ 'ਚ ਲੱਗੇ ਹੋਏ ਹਨ। ਕੈਨੇਡਾ ਅਤੇ ਅਮਰੀਕਾ 'ਚ ਬੀਤੇ ਕੁੱਝ ਸਮੇਂ ਤੋਂ ਹੈਰੋਇਨ ਦੀ ਖਪਤ ਬਹੁਤ ਵਧੀ ਹੈ। ਕੈਨੇਡਾ ਅਮਰੀਕਾ ਦੀ ਸਰਹੱਦ 'ਤੇ ਸਥਿਤ ਹੈ। ਇਸ ਦਾ ਲਾਭ ਉਠਾਉਂਦੇ ਹੋਏ ਹੈਰੋਇਨ ਦੀ ਸਮੱਗਲਿੰਗ ਕੀਤੀ ਜਾਂਦੀ ਹੈ।

**ਸੁਪਾਰੀ ਦੇ ਕੇ ਕਰਵਾਏ ਜਾਂਦੇ ਹਨ ਕਤਲ**

ਕੈਨੇਡਾ 'ਚ ਸਰਗਰਮ ਪੰਜਾਬੀ ਡਰੱਗ ਮਾਫੀਆ ਗੈਂਗ ਆਪਣੇ ਵਿਰੋਧੀ ਗੈਂਗਾਂ ਦੇ ਮੈਂਬਰਾਂ ਦੀ ਹੱਤਿਆ ਉਥੇ ਸਰਗਰਮ ਗੋਰਿਆਂ ਅਤੇ ਨੀਗਰੋ ਗੈਂਗਾਂ ਕੋਲੋਂ ਸੁਪਾਰੀ ਦੇ ਕੇ ਕਰਵਾਉਂਦੇ ਹਨ। ਇੰਟੈਲੀਜੈਂਸ ਏਜੰਸੀਆਂ ਦੇ ਰਿਕਾਰਡ ਮੁਤਾਬਕ ਦੋਆਬੇ ਦੇ ਪੰਜ ਦਰਜਨ ਨੌਜਵਾਨ ਬੀਤੇ 5 ਸਾਲਾਂ 'ਚ ਇਸ ਗੈਂਗਵਾਰ ਦੌਰਾਨ ਮਾਰੇ ਗਏ ਹਨ। ਇਨ੍ਹਾਂ 'ਚੋਂ ਸ਼ੇਰਾ ਨਾਂ ਦਾ ਇਕ ਨੌਜਵਾਨ ਕੈਨੇਡਾ ਦੀ ਸਰਹੱਦ ਤੋਂ ਟਰੱਕ ਰਾਹੀਂ ਅਮਰੀਕਾ ਤਕ ਹੈਰੋਇਨ ਦੀ ਸਮੱਗਲਿੰਗ ਕਰਦਾ ਸੀ। ਉਸ ਦੀ ਹੱਤਿਆ ਇਸ ਸਰਹੱਦ 'ਤੇ ਨੀਗਰੋ ਕਾਤਲਾਂ ਨੇ ਕੀਤੀ ਸੀ। ਕੈਨੇਡਾ ਡਰੱਗ ਮਾਫੀਆ ਨਾਲ ਇਨ੍ਹਾਂ ਮਾਮਲਿਆਂ ਦੇ ਜੁੜੇ ਹੋਣ ਕਾਰਨ ਮ੍ਰਿਤਕ ਨੌਜਵਾਨਾਂ ਦੇ ਪਰਿਵਾਰਕ ਮੈਂਬਰ ਇਨ੍ਹਾਂ ਮਾਮਲਿਆਂ ਨੂੰ ਭੇਤ ਖੁੱਲ੍ਹਣ ਦੇ ਡਰ ਕਾਰਨ ਖੁਦ ਹੀ ਦਬਾਅ ਦਿੰਦੇ ਹਨ। 2016 'ਚ ਟੋਰਾਂਟੋ ਵਿਖੇ ਇਕ ਪੰਜਾਬੀ ਨੌਜਵਾਨ ਦੀ




ਗੈਂਗਵਾਰ 'ਚ ਹੱਤਿਆ ਕਰ ਦਿੱਤੀ ਗਈ ਸੀ। ਇਸ ਨੌਜਵਾਨ ਦਾ ਨਾਂ ਇਕ ਵੱਡੇ ਡਰੱਗ ਰੈਕੇਟ 'ਚ ਸਾਹਮਣੇ ਆਇਆ ਸੀ। ਅਜਿਹੇ ਕਈ ਮਾਮਲੇ ਕੈਨੇਡਾ 'ਚ ਹੋ ਰਹੇ ਹਨ।

**ਭੋਲਾ ਡਰੱਗ ਰੈਕੇਟ ਨਾਲ ਜੁੜੇ ਐੱਨ. ਆਰ. ਆਈਜ਼ ਦਾ ਰੈੱਡ ਕਾਰਨਰ ਨੋਟਿਸ ਜਾਰੀ**

6000 ਕਰੋੜ ਰੁਪਏ ਦੇ ਭੋਲਾ ਡਰੱਗ ਰੈਕੇਟ ਵਿਚ ਹੁਣ ਤਕ ਈ. ਡੀ. ਇਕ ਦਰਜਨ ਕੈਨੇਡਾ ਦੇ ਐੱਨ. ਆਰ. ਆਈਜ਼ ਵਿਰੁੱਧ ਚਾਰਜਸ਼ੀਟ ਦਾਇਰ ਕਰ ਚੁੱਕਾ ਹੈ। ਇਸ ਤੋਂ ਇਲਾਵਾ 16 ਐੱਨ. ਆਰ. ਆਈਜ਼ ਨੂੰ ਭਾਰਤ ਲਿਆਉਣ ਦੀ ਪ੍ਰਕਿਰਿਆ ਸ਼ੁਰੂ ਕੀਤੀ ਗਈ ਹੈ। ਇਨ੍ਹਾਂ 'ਚ 12 ਨੂੰ ਰੈੱਡ ਕਾਰਨਰ ਨੋਟਿਸ ਜਾਰੀ ਕੀਤੇ ਜਾ ਚੁੱਕੇ ਹਨ। ਈ. ਡੀ. ਨੇ ਇਨ੍ਹਾਂ 16 ਐੱਨ. ਆਰ. ਆਈਜ਼ ਬਾਰੇ ਕੋਰਟ ਦੇ ਰਾਹੀਂ ਜਾਣਕਾਰੀ ਮੰਗੀ ਹੈ। ਈ. ਡੀ. ਦੇ ਇਕ ਸੀਨੀਅਰ ਅਫਸਰ ਦਾ ਕਹਿਣਾ ਹੈ ਕਿ ਸਾਡੀ ਕੋਸ਼ਿਸ਼ ਹੈ ਕਿ ਅਸੀਂ ਇਨ੍ਹਾਂ ਐੱਨ. ਆਰ. ਆਈਜ਼ ਨੂੰ ਇਥੇ ਲਿਆ ਕੇ ਪੁੱਛਗਿੱਛ ਕਰੀਏ ਕਿਉਂਕਿ ਹੁਣ ਤਕ ਦੀ ਜਾਂਚ ਵਿਚ ਇਨ੍ਹਾਂ ਦੇ ਭੋਲਾ ਡਰੱਗ ਰੈਕੇਟ ਵਿਚ ਸ਼ਾਮਿਲ ਹੋਣ ਦੇ ਪੁਖਤਾ ਸਬੂਤ ਸਾਨੂੰ ਮਿਲੇ ਹਨ। ਜੇਕਰ ਅਸੀਂ ਇਨ੍ਹਾਂ ਲੋਕਾਂ ਨੂੰ ਇਥੇ ਲਿਆਉਣ ਵਿਚ ਸਫਲ ਹੁੰਦੇ ਹਾਂ ਤਾਂ ਇਸ ਮਾਮਲੇ ਵਿਚ ਹੋਰ ਖੁਲਾਸੇ ਹੋਣ ਦੀ ਆਸ ਹੈ। ਜਿਨ੍ਹਾਂ ਇਕ ਦਰਜਨ ਐੱਨ. ਆਰ. ਆਈਜ਼ ਨੂੰ ਚਾਰਜਸ਼ੀਟ ਵਿਚ ਸ਼ਾਮਿਲ ਕੀਤਾ ਗਿਆ ਹੈ, ਉਨ੍ਹਾਂ ਵਿਚ ਇਕ ਯੂ. ਕੇ. ਦਾ ਐੱਨ. ਆਰ. ਆਈ. ਵੀ ਸ਼ਾਮਿਲ ਹੈ। ਇਨ੍ਹਾਂ 'ਚੋਂ ਕੁਝ ਐੱਨ. ਆਰ. ਆਈਜ਼ ਇਸ ਸਮੇਂ ਜੇਲ ਵਿਚ ਹਨ, ਕੁਝ ਨੇ ਜ਼ਮਾਨਤ ਕਰਵਾ ਲਈ ਹੈ। ਈ. ਡੀ. ਦੇ ਰਾਡਾਰ 'ਤੇ ਕੁਝ ਹੋਰ ਐੱਨ. ਆਰ. ਆਈਜ਼ ਵੀ ਹਨ, ਜੋ ਦੂਜੇ ਦੇਸ਼ਾਂ ਵਿਚ ਡਰੱਗ ਦੀ ਸਮੱਗਲਿੰਗ ਕਰਦੇ ਹਨ। ਅਜੇ ਈ. ਡੀ. ਵਿਦੇਸ਼ ਵਿਚ ਰਹਿ ਰਹੇ ਸਮੱਗਲਰਾਂ ਦੀ ਇਥੋਂ ਦੀਆਂ ਜਾਇਦਾਦਾਂ ਦਾ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਿਹਾ ਹੈ।

**ਹੈਰੋਇਨ ਸਮੱਗਲਿੰਗ ਦਾ ਰੂਟ**

ਹੈਰੋਇਨ ਅਫਗਾਨਿਸਤਾਨ ਵਿਚ ਤਿਆਰ ਹੁੰਦੀ ਹੈ। ਉਥੇ 470 ਮੀਟ੍ਰਿਕ ਟਨ ਅਫੀਮ ਦੀ ਖੇਤੀ ਹੁੰਦੀ ਹੈ। 10 ਕਿਲੋ ਅਫੀਮ ਤੋਂ ਇਕ ਕਿਲੋ ਹੈਰੋਇਨ ਤਿਆਰ ਹੁੰਦੀ ਹੈ। ਇਹ ਹੈਰੋਇਨ ਅਫਗਾਨਿਸਤਾਨ ਦੀ ਪਾਕਿ ਸਰਹੱਦ 'ਤੇ ਸਥਿਤ ਖਾਸ ਤੌਰ 'ਤੇ ਬਣਾਈਆਂ ਗਈਆਂ ਲੈਬਾਰਟਰੀਆਂ ਵਿਚ ਇਕ ਰਸਾਇਣਕ ਐਸੀਟਿਕ ਐਨ ਹਾਈਡ੍ਰਾਈਡ ਤੋਂ ਤਿਆਰ ਕੀਤੀ ਜਾਂਦੀ ਹੈ। ਅਫਰੀਕੀ ਭਾਈਚਾਰੇ ਦੇ ਲੋਕ ਅਫੀਮ ਤੋਂ ਹੈਰੋਇਨ ਤਿਆਰ ਕਰਨ ਦਾ ਕੰਮ ਕਰਦੇ ਹਨ। ਹਰ ਸਾਲ ਤਿਆਰ ਹੋਣ ਵਾਲੀ ਹੈਰੋਇਨ 'ਚੋਂ 20 ਫੀਸਦੀ ਹੈਰੋਇਨ ਪੰਜਾਬ ਦੇ ਨਾਲ ਲੱਗਦੀ ਸਰਹੱਦ ਤੋਂ ਇਥੇ ਭੇਜੀ ਜਾਂਦੀ ਹੈ। ਪਾਕਿਸਤਾਨ ਦੇ ਬਲੋਚਿਸਤਾਨ ਵਿਚ ਤਿਆਰ ਹੋ ਕੇ ਪੇਸ਼ਾਵਰ ਦੇ ਰਸਤਿਓਂ ਵੱਡੇ-ਛੋਟੇ ਵ੍ਹੀਕਲਾਂ 'ਚ ਇਹ ਹੈਰੋਇਨ ਲਾਹੌਰ ਪਹੁੰਚਦੀ ਹੈ। ਉਥੇ ਇਸ ਦੀ ਕੀਮਤ ਡੇਢ ਲੱਖ ਰੁਪਏ ਕਿਲੋ ਹੁੰਦੀ ਹੈ। ਲਾਹੌਰ ਤੋਂ ਇਹ ਸਰਹੱਦ ਪਾਰ ਸਮੱਗਲਿੰਗ ਕਰ ਕੇ ਅੰਮ੍ਰਿਤਸਰ, ਗੁਰਦਾਸਪੁਰ, ਖੇਮਕਰਨ ਤੋਂ ਹੁੰਦੇ ਹੋਏ ਬੀ.ਐੱਸ.ਐੱਫ. ਅਤੇ ਪੁਲਸ ਦੀ ਨੱਕ ਹੇਠੋਂ ਪੰਜਾਬ, ਹਰਿਆਣਾ ਅਤੇ ਦਿੱਲੀ ਦੀ ਪੁਲਸ ਦੇ ਸੁਰੱਖਿਆ ਤੰਤਰਾਂ ਨੂੰ ਤੋੜਦੇ ਹੋਏ ਦਿੱਲੀ ਪਹੁੰਚਾ ਦਿੱਤੀ ਜਾਂਦੀ ਹੈ। ਇਸ ਵਿਚ ਰੋਚਕ ਗੱਲ ਇਹ ਵੀ ਹੈ ਕਿ ਅੰਮ੍ਰਿਤਸਰ, ਖੇਮਕਰਨ ਅਤੇ ਗੁਰਦਾਸਪੁਰ ਸੈਕਟਰ ਤੋਂ ਸਮੱਗਲਰ ਕਾਰਾਂ ਅਤੇ ਟਰੱਕਾਂ ਵਿਚ ਲੁਕਾ ਕੇ ਇਸ ਨੂੰ ਬਹੁਤ ਚਲਾਕੀ ਨਾਲ ਦਿੱਲੀ ਭੇਜਦੇ ਹਨ।

**ਕੈਨੇਡਾ ਤੋਂ ਅਮਰੀਕਾ ਭੇਜੀ ਜਾਂਦੀ ਹੈ ਡਰੱਗ**

ਕੈਨੇਡਾ 'ਚ ਸਰਗਰਮ ਮਾਫੀਆ ਹੈਰੋਇਨ ਅਤੇ ਹੋਰ ਨਸ਼ੀਲੀਆਂ ਵਸਤਾਂ ਵੱਡੀਆਂ ਮੋਟਰ ਗੱਡੀਆਂ ਰਾਹੀਂ ਅਮਰੀਕਾ ਲੈ ਕੇ ਜਾਂਦੇ ਹਨ। ਪੰਜਾਬ 'ਚ ਸਰਗਰਮ ਕੇਂਦਰੀ ਏਜੰਸੀਆਂ ਦੇ ਇਕ ਚੋਟੀ ਦੇ ਅਧਿਕਾਰੀ ਦਾ ਕਹਿਣਾ ਹੈ ਕਿ ਉਨ੍ਹਾਂ ਵਲੋਂ ਦਿੱਤੀ ਗਈ ਸੂਚਨਾ ਦੇ ਆਧਾਰ 'ਤੇ ਕੈਨੇਡਾ 'ਚ ਬੀਤੇ 5 ਸਾਲ 'ਚ ਡਰੱਗ ਦੀਆਂ ਕਈ ਵੱਡੀਆਂ ਖੇਪਾਂ ਫੜੀਆਂ ਗਈਆਂ ਹਨ। ਕੈਨੇਡਾ ਅਤੇ ਯੂ. ਕੇ. 'ਚ ਸਰਗਰਮ ਮਾਫੀਆ ਸਤੰਬਰ ਤੋਂ ਮਾਰਚ ਤਕ ਇਥੋਂ ਨਸ਼ੀਲੀਆਂ ਵਸਤਾਂ ਦੀ ਸਮੱਗਲਿੰਗ ਕਰਦਾ ਹੈ। ਇਸ ਗੱਲ ਦੀ ਜਾਣਕਾਰੀ ਕੇਂਦਰੀ ਏਜੰਸੀਆਂ ਕੋਲ ਵੀ ਹੈ। ਇਸ ਲਈ ਅਜਿਹੇ ਐੱਨ. ਆਰ. ਆਈਜ਼ 'ਤੇ ਨਜ਼ਰ ਰੱਖਣ ਦੇ ਹੁਕਮ ਦਿੱਤੇ ਗਏ ਹਨ। ਇਨਫੋਰਸਮੈਂਟ ਡਾਇਰੈਕਟੋਰੇਟ ਦੇ ਚੋਟੀ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਕੈਨੇਡਾ ਦੇ ਡਰੱਗ ਮਾਫੀਆ 'ਤੇ ਪੰਜਾਬੀਆਂ ਦਾ ਕਬਜ਼ਾ ਹੈ। ਇਹ ਮਾਫੀਆ ਪੰਜਾਬ ਦੇ ਸਮੱਗਲਰਾਂ ਨਾਲ ਮਿਲ ਕੇ ਕੰਮ ਕਰ ਰਿਹਾ ਹੈ। ਈ. ਡੀ. ਜਿਨ੍ਹਾਂ ਮਾਮਲਿਆਂ ਦੀ ਜਾਂਚ ਕਰ ਰਿਹਾ ਹੈ, ਉਨ੍ਹਾਂ ਦੀਆਂ ਤਾਰਾਂ ਵੀ ਕੈਨੇਡਾ ਨਾਲ ਜੁੜੀਆਂ ਹੋਈਆਂ ਹਨ।

**ਰੁਜ਼ਗਾਰ ਦੀ ਭਾਲ 'ਚ ਕੈਨੇਡਾ ਜਾਣ ਵਾਲੇ ਨੌਜਵਾਨਾਂ 'ਤੇ ਰਹਿੰਦੀ ਹੈ ਨਜ਼ਰ**

ਕੈਨੇਡਾ 'ਚ ਰੁਜ਼ਗਾਰ ਦੀ ਭਾਲ 'ਚ ਲੱਖਾਂ ਰੁਪਏ ਖਰਚ ਕਰ ਕੇ ਜਾਣ ਵਾਲੇ ਨੌਜਵਾਨ ਅਕਸਰ ਇਨ੍ਹਾਂ ਸਮੱਗਲਰਾਂ ਦੇ ਚੱਕਰ 'ਚ ਫਸ ਜਾਂਦੇ ਹਨ।

ਡਰੱਗ ਸਮੱਗਲਿੰਗ ਰਾਹੀਂ ਲੰਬੇ ਸਮੇਂ ਤੋਂ ਜੁੜੇ ਲੋਕਾਂ ਦੀਆਂ ਵਧੇਰੇ ਨਜ਼ਰਾਂ ਪੰਜਾਬ ਤੋਂ ਆਉਣ ਵਾਲੇ ਨਵੇਂ ਨੌਜਵਾਨਾਂ 'ਤੇ ਰਹਿੰਦੀਆਂ ਹਨ। ਉਨ੍ਹਾਂ ਨੂੰ ਰੁਜ਼ਗਾਰ ਦਾ ਝਾਂਸਾ ਦੇ ਕੇ ਉਹ ਇਨ੍ਹਾਂ ਨੂੰ ਇਕ ਕੋਰੀਅਰ ਵਜੋਂ ਵਰਤਦੇ ਹਨ। ਕੇਂਦਰੀ ਏਜੰਸੀਆਂ ਕੋਲ ਅਜਿਹੀਆਂ ਸੂਚਨਾਵਾਂ ਹੁੰਦੀਆਂ ਹਨ ਕਿ ਕੈਨੇਡਾ ਅਤੇ ਯੂ. ਕੇ. 'ਚ ਰਹਿ ਰਹੇ ਖਾਲਿਸਤਾਨ ਹਮਾਇਤੀ ਡਰੱਗ ਸਮੱਗਲਿੰਗ 'ਚ ਸ਼ਾਮਿਲ ਹਨ। ਜਲਦੀ ਵੱਧ ਪੈਸਾ ਕਮਾਉਣ ਦੇ ਚੱਕਰ 'ਚ ਇਹ ਨੌਜਵਾਨ ਇਨ੍ਹਾਂ ਸਮੱਗਲਰਾਂ ਦੇ ਝਾਂਸੇ 'ਚ ਆ ਜਾਂਦੇ ਹਨ।

## ਤੁਹਾਡੀ ਰਸੋਈ



# ਸੂਜੀ ਦੇ ਰਸਗੁੱਲੇ



ਮਿੱਠਾ ਖਾਣਾ ਹਰ ਕਿਸੇ ਨੂੰ ਪਸੰਦ ਹੁੰਦਾ ਹੈ ਮਿੱਠੇ ਵਿੱਚ ਕਈ ਤਰ੍ਹਾਂ ਦੀਆਂ ਮਿੱਠਾਈਆਂ ਮੌਜੂਦ ਹਨ ਜੇ ਤੁਸੀਂ ਵੀ ਮਿੱਠਾ ਖਾਣ ਦੇ ਸ਼ੌਕੀਨ ਹੋ ਤਾਂ ਚਾਵਲ ਦੇ ਰਸਗੁੱਲੇ ਤੋਂ ਬਾਅਦ ਹੁਣ ਟ੍ਰਾਈ ਕਰੋ ਸੂਜੀ ਦੇ ਰਸਗੁੱਲੇ।ਆਓ ਜਾਣਦੇ ਹਾਂ ਇਸ ਨੂੰ ਬਣਾਉਣ ਦੀ ਵਿਧੀ ਬਾਰੇ

ਸਮੱਗਰੀ

ਸੂਜੀ
2 ਵੱਡੇ ਚਮੱਚ ਦੇਸੀ ਘਿਓ
1 ਵੱਡੀ ਕੌਲੀ ਦੁੱਧ
3 ਵੱਡੇ ਚਮੱਚ ਖੰਡ
ਅੱਧਾ ਕੱਪ ਬਾਰੀਕ ਕੱਟੇ ਹੋਏ ਡਰਾਈ ਫ਼ਰੂਟਸ
ਪਾਣੀ ਜ਼ਰੂਰਤ ਮੁਤਾਬਕ
ਬਾਰੀਕ ਕੱਟਿਆਂ ਹੋਇਆ ਪਿਸਤਾ
1 ਚੁਟਕੀ ਕੇਸਰ

ਬਣਾਉਣ ਦੀ ਵਿਧੀ

ਘੱਟ ਗੈਸ 'ਤੇ ਇੱਕ ਪੈਨ ਵਿੱਚ ਦੁੱਧ ਅਤੇ ਖੰਡ ਪਾ ਕੇ ਉਬਲਣ ਲਈ ਰੱਖੋ।
ਹੋਲੀ-ਹੋਲੀ ਕੜਸ਼ੀ ਚਲਾਉਂਦੇ ਹੋਏ ਸੂਜੀ ਪਾਓ ਤਾਂ ਕਿ ਕੋਈ ਗੰਢ ਨਾ ਰਹਿ ਜਾਵੇ .
ਕੜਸ਼ੀ ਨਾਲ ਲਗਾਤਾਰ ਚਲਾਉਂਦੇ ਰਹੋ ਜਦੋਂ ਤੱਕ ਸੂਜੀ ਪੂਰੀ ਤਰ੍ਹਾਂ ਨਾਲ ਗਾੜੀ ਨਾ ਹੋ ਜਾਵੇ।
ਸੂਜੀ ਦੇ ਸੰਘਣਾ ਹੁੰਦੇ ਹੀ ਇਸ ਨੂੰ ਠੰਡਾ ਹੋਣ ਲਈ ਰੱਖ ਦਿਓ।
ਸੂਜੀ ਦੇ ਠੰਡੇ ਹੁੰਦੇ ਹੀ ਹਥੇਲੀਆਂ ਵਿੱਚ ਪੇੜਾ ਲੈ ਕੇ ਚਪਟਾ ਬਣਾ ਲਓ।ਚਿਕਣਾ ਕਰਕੇ ਘਿਓ ਲਗਾ ਲਓ।
ਫ਼ਿਰ ਸੂਜੀ ਦੇ ਵਿੱਚ ਡਰਾਈ ਫ਼ਰੂਟ ਭਰੋ।ਫ਼ਿਰ ਗੋਲ ਅਕਾਰ ਦੇ ਕੇ ਰਸਗੁੱਲੇ ਬਣਾ ਲਓ।
ਘੱਟ ਗੈਸ 'ਤੇ ਇੱਕ ਪੈਨ ਵਿੱਚ ਖੰਡ ਅਤੇ ਪਾਣੀ ਮਿਲਾ ਕੇ ਚਾਸ਼ਨੀ ਤਿਆਰ ਕਰ ਲਓ।
ਚਾਸ਼ਨੀ ਦੇ ਤਿਆਰ ਹੁੰਦੇ ਹੀ ਰਸਗੁੱਲੇ ਨੂੰ ਚਾਸ਼ਨੀ ਵਿੱਚ ਪਾ ਲਓ ਅਤੇ ਢੱਕ ਕੇ 2 ਤੋਂ 3 ਮਿੰਟ ਤੱਕ ਪਕਾਓ।
ਤੈਅ ਸਮੇਂ ਤੋਂ ਬਾਅਦ ਗੈਸ ਬੰਦ ਕਰ ਦਿਓ ਅਤੇ ਸੂਜੀ ਦੇ ਰਸਗੁੱਲੇ , ਬਾਰੀਕ ਕੱਟੇ ਪਿਸਤੇ ਅਤੇ ਕੇਸਰ ਨਾਲ ਗਾਰਨਿਸ਼ ਕਰ ਕੇ ਸਰਵ ਕਰੋ।

# ਲੀਚੀ ਆਈਸਕਰੀਮ



ਗਰਮੀ ਦੇ ਮੌਸਮ ਵਿੱਚ ਆਈਸਕਰੀਮ ਨੂੰ ਕੋਈ ਮਨ੍ਹਾ ਨਹੀਂ ਕਰ ਸਕਦਾ, ਜੇ ਤੁਸੀਂ ਵੀ ਆਈਸਕਰੀਮ ਵਿੱਚ ਨਵਾਂ ਫ਼ਲੇਵਰ ਟ੍ਰਾਈ ਕਰਨਾ ਚਾਹੁੰਦੇ ਹੋ ਤਾਂ ਅੱਜ ਹੀ ਘਰ ਵਿੱਚ ਬਣਾ ਲਓ ਸੁਆਦੀ ਆਈਸਕਰੀਮ। ਜੋ ਖਾਣ ਵਿੱਚ ਕਾਫ਼ੀ ਸੁਆਦ ਹੋਵੇਗੀ ਆਓ ਜਾਣਦੇ ਹਾਂ ਇਸ ਨੂੰ ਬਣਾਉਣ ਦੀ ਵਿਧੀ ਬਾਰੇ

ਸਮੱਗਰੀ

10-12 ਲੀਚੀ
1 ਕੱਪ ਕਰੀਮ
ਅੱਧਾ ਕੱਪ ਖੰਡ
2 ਵੱਡੇ ਚੱਮਚ ਸੁੱਕੇ ਮੇਵੇ

ਬਣਾਉਣ ਦੀ ਵਿਧੀ

ਸੱਭ ਤੋਂ ਪਹਿਲਾਂ ਖੰਡ ਵਿੱਚ ਕਰੀਮ ਮਿਲਾ ਕੇ 10 ਤੋਂ 15 ਮਿੰਟਾਂ ਤੱਕ ਚੰਗੀ ਤਰ੍ਹਾਂ ਨਾਸਲ ਫ਼ੈਂਟ ਲਓ।ਸੁੱਕੇ ਮੇਵਿਆਂ ਨੂੰ ਬਾਰੀਕ ਕੱਟ ਲਓ।
ਫ਼ੈਂਟੀ ਹੋਈ ਕਰੀਮ ਵਿੱਚ ਲੀਚੀ ਦੇ ਟੁੱਕੜੇ ਅਤੇ ਮੇਵੇ ਮਿਲਾਓ। ਫ਼ਿਰ ਇਸ ਮਿਸ਼ਰਣ ਨੂੰ ਫ਼ਰਿੱਜ਼ ਵਿੱਚ ਜੰਮਣ ਲਈ ਰੱਖ ਦਿਓ।
ਜਦੋਂ ਆਈਸਕਰੀਮ ਜੰਮ ਜਾਵੇ ਤਾਂ ਇਸ ਨੂੰ ਬਾਹਰ ਕੱਢ ਕੇ ਇੱਕ ਵਾਰੀ ਚੰਗੀ ਤਰ੍ਹਾਂ ਨਾਲ ਫ਼ੈਂਟ ਲਓ ਅਤੇ ਦੌਬਾਰਾ ਜੰਮਣ ਲਈ ਰੱਖੋ। ਲੀਚੀ ਆਈਸਕਰੀ ਤਿਆਰ ਹੈ, ਇਸ ਨੂੰ ਆਪਣੀ ਪਸੰਦ ਦੀ ਸ਼ੇਪ ਨਾਲ ਗਾਰਨਿਸ਼ ਕਰਕੇ ਇਸ ਦਾ ਸੁਆਦ ਲਓ।

# ਮਸਾਲਾ ਰਵਾ ਇਡਲੀ

ਕਈ ਲੋਕ ਇਡਲੀ ਖਾਣ ਦੇ ਸ਼ੌਕੀਨ ਹੁੰਦੇ ਹਨ।ਸੂਜੀ ਦੀ ਇਡਲੀ ਬਣਾਉਣਾ ਕਾਫ਼ੀ ਆਸਾਨ ਹੁੰਦਾ ਹੈ ਅੱਜ ਅਸੀਂ ਤੁਹਾਨੂੰ ਇਡਲੀ ਬਣਾਉਣ ਦੀ ਵਿਧੀ ਬਾਰੇ ਦੱਸਣ ਜਾ ਰਹੇ ਹਾਂ ਆਓ ਜਾਣਦੇ ਹਾਂ ਇਸ ਨੂੰ ਬਣਾਉਣ ਦੀ ਵਿਧੀ ਬਾਰੇ

ਸਮੱਗਰੀ

2 ਚਮੱਚ ਤੇਲ
2 ਚਮੱਚ ਸਰੋਂ ਦੇ ਬੀਜ
8 ਕੜੀ ਪੱਤੇ
2 ਚਮੱਚ ਸਫ਼ੇਤ ਮਸੂਰ
60 ਗ੍ਰਾਮ ਗਾਜਰ
2 ਹਰੀ ਮਿਰਚ
350 ਗ੍ਰਾਮ ਸੂਜੀ
2 ਚਮੱਚ ਭੁੰਣੇ ਹੋਏ ਕਾਜੂ
245 ਗ੍ਰਾਮ ਦਹੀਂ
ਪਾਣੀ
1 ਚਮੱਚ ਨਮਕ
2 ਚਮੱਚ ਫ਼ਰੂਟ ਸਾਲਟ

ਬਣਾਉਣ ਦੀ ਵਿਧੀ

ਇੱਕ ਕੜਾਈ ਵਿੱਚ ਤੇਲ ਗਰਮ ਕਰਕੇ ਸਰੋਂ ਦੇ ਬੀਜ ਅਤੇ ਕੜੀ ਪੱਤਾ ਪਾ ਕੇ



ਭੁੰਣ ਲਓ।
ਫ਼ਿਰ ਇਸ ਵਿੱਚ ਸਫ਼ੇਰ ਮਸੂਰ, ਗਾਜਰ ਅਤੇ ਹਰੀ ਮਿਰਚ ਪਾ ਕੇ ਭੁੰਣ ਲਓ।
ਫ਼ਿਰ ਇਸ ਵਿੱਚ ਸੂਜੀ ਪਾ ਕੇ 3-5 ਮਿੰਟ ਲਈ ਪਕਾਓ।
ਫ਼ਿਰ ਗੈਸ ਬੰਦ ਕਰ ਦਿਓ.
ਇਸ ਤੋਂ ਬਾਅਦ ਇਸ ਵਿੱਚ ਭੁੰਣੇ ਹੋਏ ਕਾਜੂ ਅਤੇ ਦਹੀਂ ਮਿਕਸ ਕਰੋ।ਫ਼ਿਰ ਇਸ ਵਿੱਚ ਪਾਣੀ ,ਨਮਕ ਅਤੇ ਫ਼ਰੂਟ ਸਾਲਟ ਪਾ ਕੇ ਮਿਕਸ ਕਰੋ।
ਫ਼ਿਰ ਇਸ ਮਿਕਸਰ ਨੂੰ ਗ੍ਰੀਸ ਕੀਤੀ ਹੋਈ ਇਡਲੀ ਮੋਲਡਸ ਵਿੱਚ ਪਾਓ।
ਇਸ ਤੋਂ ਬਾਅਦ ਸਟੈਂਡ ਨੂੰ ਪੋਟ ਵਿੱਚ ਰੱਖੋ ਅਤੇ 10-15 ਮਿੰਟ ਲਈ ਭਾਫ਼ ਦਿਓ।ਰਵਾ ਇਡਲੀ ਤਿਆਰ ਹੈ।
ਇਸ ਨੂੰ ਨਾਰੀਅਲ ਦੀ ਚਟਨੀ ਨਾਲ ਸਰਵ ਕਰੋ।



# ਦਿਨ ਤੀਆਂ ਦੇ...

➣ ਨਿਰਮਲ ਜੌੜਾ

ਪੰਜਾਬ ਆਪਣੇ ਕੰਮ ਸੱਭਿਆਚਾਰ, ਇਤਿਹਾਸ, ਆਸਥਾ, ਰੀਤੀ ਰਿਵਾਜ ਅਤੇ ਭੂਗੋਲਿਕ ਮਹੱਤਤਾ ਨਾਲ ਜੁੜੇ ਮੇਲਿਆਂ ਤੇ ਤਿਉਹਾਰਾਂ ਦੀ ਧਰਤੀ ਵਜੋਂ ਜਾਣਿਆ ਜਾਂਦਾ ਹੈ। ਸਾਉਣ ਮਹੀਨੇ ਲੱਗਦੀਆਂ ਤੀਆਂ ਦਾ ਤਿਉਹਾਰ ਮੌਸਮ ਦੇ ਸੁਹਾਵਣੇਪਣ ਨਾਲ ਸਬੰਧ ਰੱਖਦਾ ਹੈ।ਤੀਆਂ ਪੰਜਾਬ ਦੀਆਂ ਮੁਟਿਆਰਾਂ ਦਾ ਮਨਭਾਉਂਦਾ ਤਿਉਹਾਰ ਹੈ।ਪਿੰਡ ਦੀਆਂ ਕੁੜੀਆਂ, ਖ਼ਾਸਕਰ ਵਿਆਹੀਆਂ ਵਰ੍ਹੀਆਂ, ਸਾਉਣ ਮਹੀਨੇ ਤੀਆਂ ਦੇ ਬਹਾਨੇ ਪੇਕੇ ਆਉਂਦੀਆਂ ਤਾਂ ਸਭ ਇਕੱਠੀਆਂ ਹੋ ਚਿੜੀਆਂ ਬਣ ਜਾਂਦੀਆਂ ਹਨ।ਨੱਚਣ ਟੱਪਣ, ਹੱਸਣ ਖੇਡਣ ਦੇ ਨਾਲ ਨਾਲ ਚਾਵਾਂ, ਰੀਝਾਂ, ਉਮੰਗਾਂ ਭਰੀ ਸਹੇਲਪੁਣੇ ਦੀ ਗੁਫ਼ਤਗੂ ਦਾ ਸਰੂਰ ਵੀ ਉਨ੍ਹਾਂ ਲਈ ਇਸ ਤਿਉਹਾਰ ਦੀ ਖ਼ੁਸ਼ੀ ਦੁੱਗਣੀ ਕਰ ਦਿੰਦਾ ਹੈ।ਸਾਉਣ ਮਹੀਨੇ ਦੇ ਚਾਨਣ ਪੱਖ ਦੀ ਤੀਜੀ ਤਿੱਥ ਨੂੰ ਤੀਆਂ ਦਾ ਤਿਉਹਾਰ ਮਨਾਇਆ ਜਾਂਦਾ ਹੈ।ਇਸੇ ਕਰਕੇ 'ਤੀਆਂ ਤੀਜ ਦੀਆਂ' ਬਣੀਆਂ। ਕਈ ਥਾਂਈ ਇਹ ਤਿਉਹਾਰ ਤੀਜ ਨੂੰ ਸ਼ੁਰੂ ਹੋ ਕੇ ਪੂਰਨਮਾਸ਼ੀ ਤਕ ਮਨਾਇਆ ਜਾਂਦਾ ਹੈ।

ਭਾਰਤ ਦੇ ਕਈ ਹੋਰ ਸੂਬਿਆਂ ਵਿੱਚ ਵੀ ਤੀਆਂ ਦਾ ਤਿਉਹਾਰ ਪ੍ਰਚੱਲਿਤ ਹੈ, ਪਰ ਵੱਖ ਵੱਖ ਤਰੀਕਿਆਂ ਤੇ ਵਿਚਾਰਧਾਰਾ ਨਾਲ ਕਿਤੇ ਇਸ ਨੂੰ ਕੰਮ ਧੰਦੇ ਅਤੇ ਕਿਤੇ ਦੇਵੀ ਦੇਵਤਿਆਂ ਦੀ ਪੂਜਾ ਨਾਲ ਜੋੜ ਕੇ ਮਨਾਇਆ ਜਾਂਦਾ ਹੈ।ਪੰਜਾਬ ਵਿੱਚ ਇਹ ਨਿਰੋਲ ਕੁਦਰਤ ਨਾਲ ਜੁੜਿਆ ਤਿਉਹਾਰ ਹੈ। ਮੁਟਿਆਰਾਂ ਕੁਦਰਤ ਨਾਲ ਇਕਮਿਕ ਹੋ ਕੇ ਪੀਘਾਂ ਝੂਟਦੀਆਂ, ਹੱਸਦੀਆਂ ਖੇਡਦੀਆਂ, ਗਿੱਧੇ ਪਾਉਂਦੀਆਂ ਤੇ ਗੀਤ ਗਾਉਂਦੀਆਂ ਹਨ। ਉਹ ਇਸ ਮੌਸਮ ਨੂੰ ਰੂਹ ਤੋਂ ਹੰਢਾਉਂਦੀਆਂ ਨਜ਼ਰ ਆਉਂਦੀਆਂ ਹਨ। ਮਨਾ ਦੀਆਂ ਤਰੰਗਾਂ ਆਸਮਾਨੀਂ ਉਡਾਰੀ ਭਰਦੀਆਂ ਹਨ।

ਸੌਣ ਮਹੀਨੇ ਬੱਦਲ ਪੈਂਦਾ ਨਿੰਮੀਆਂ ਪੈਣ ਫੁਹਾਰਾਂ।
'ਕੱਠੀਆਂ ਹੋ ਕੇ ਆਈਆਂ ਗਿੱਧੇ ਵਿੱਚ ਇੱਕੋ ਜਿਹੀਆਂ ਮੁਟਿਆਰਾਂ।
ਗਿੱਧੇ ਦੇ ਵਿੱਚ ਏਦਾਂ ਲਿਸ਼ਕਣ ਜਿਉਂ ਸੋਨੇ ਦੀਆਂ ਤਾਰਾਂ।
ਦੂਹਰੀਆਂ ਹੋ ਕੇ ਨੱਚਣ ਲੱਗੀਆਂ ਜਿਉਂ ਕੂੰਜਾਂ ਦੀਆਂ ਡਾਰਾਂ।
ਜੋਰ ਜਵਾਨੀ ਦਾ ਲੁੱਟ ਲਉ ਮੌਜ ਬਹਾਰਾਂ।

ਬਲਿਹਾਰੀ ਕੁਦਰਤ ਵਸਿਆ ਦਾ ਨਜ਼ਾਰਾ ਪੇਸ਼ ਕਰਦਾ ਸਾਉਣ ਮਹੀਨੇ ਦਾ ਮੌਸਮ ਸੁਹਾਵਣਾ ਹੁੰਦਾ ਹੈ, ਮਨ ਲਈ ਵੀ ਤੇ ਤਨ ਲਈ ਵੀ। ਆਸਮਾਨੀਂ ਉੱਡਦੇ ਬੱਦਲ, ਘਟਾਵਾਂ ਅਤੇ ਕਿਣਮਿਣ ਅਜੀਬ ਕਿਸਮ ਦਾ ਹੁਲਾਸ ਤੇ ਹੁਲਾਰਾ ਦਿੰਦੇ ਹਨ।ਘਰਾਂ ਵਿੱਚ ਬਣਦੇ ਖੀਰ ਪੂੜੇ, ਗੁਲਗਲੇ ਅਤੇ ਹੋਰ ਖਾਣ ਪੀਣ ਦਾ ਬੱਚਿਆਂ ਅਤੇ ਸਿਆਣਿਆਂ, ਸਭ ਨੂੰ ਚਾਅ ਹੁੰਦਾ ਹੈ। ਸਾਉਣ ਦੇ ਮੇਘਲਿਆਂ ਦੀ ਗੱਲ ਬਾਬਾ ਬੁੱਲ੍ਹੇ ਸ਼ਾਹ ਇਉਂ ਕਰਦਾ ਹੈ:

ਸਾਵਣ ਸੋਹੇ ਮੇਘਲਾ ਘਟ ਸੋਹੇ ਕਰਤਾਰ।
ਠੌਰ ਠੌਰ ਇਨਾਇਤ ਬਸੇ ਪਪੀਹਾ ਕਰੇ ਪੁਕਾਰ।

ਮੌਸਮ ਦਾ ਸੁਹੱਪਣ ਰੂਹਾਂ 'ਤੇ ਜਾਦੂ ਕਰਦਾ ਹੈ।ਮੁਟਿਆਰਾਂ ਦੇ ਅੰਦਰੋਂ ਨੱਚਣ ਦੀ ਉਮੰਗ ਜਾਗਦੀ ਹੈ ਜਿਵੇਂ ਕਹਿੰਦੇ ਹੁੰਦੇ ਹਨ ਕਿ 'ਸਾਉਣ ਸੈਨਤਾਂ ਮਾਰੇ, ਨੱਚ ਲੈ ਹਾਣਦੀਏ'। ਨਸ਼ਿਆਈਆਂ ਰੂਹਾਂ ਨੂੰ ਮਾਹੌਲ ਦੇ ਇਸ਼ਾਰੇ ਸੋਨੇ 'ਤੇ ਸੁਹਾਗੇ ਵਾਂਗ ਬੋਲੀਆਂ ਪਾਉਣ ਅਤੇ ਨੱਚਣ ਦਾ ਬਲ ਬਖ਼ਸ਼ਦੇ ਹਨ:

ਸਾਉਣ ਮਹੀਨਾ ਦਿਨ ਤੀਆਂ ਦੇ ਸਭੇ ਸਹੇਲੀਆਂ ਆਈਆਂ
ਭਿੱਜ ਗਈ ਰੂਹ ਮਿੱਤਰਾ, ਸ਼ਾਮ ਘਟਾ ਚੜ੍ਹ ਆਈਆਂ।

ਇਹ ਬੋਲੀ ਕਾਦਰ ਦੀ ਕੁਦਰਤ ਵੱਲੋਂ ਸਿਰਜੇ ਸੁਹਾਵਣੇ ਅਤੇ ਰੂਹ ਦੀ ਤ੍ਰਿਪਤੀ ਵਾਲੇ ਮੌਸਮੀ ਦ੍ਰਿਸ਼ਾਂ ਨਾਲ ਗੂੜ੍ਹੀ ਮਿੱਤਰਤਾ ਨੂੰ ਮੁਖਾਤਬ ਹੁੰਦੀ ਹੈ। ਬਾਰਾਮਾਹ ਰਾਹੀਂ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਅਰਜਨ ਦੇਵ ਜੀ ਨੇ ਸਾਉਣ ਮਹੀਨੇ ਦੀ ਮਹੱਤਤਾ ਦੱਸੀ ਹੈ।ਪੰਜਾਬੀ ਦੇ ਸ਼ਾਇਰ ਬਾਬੂ ਫਿਰੋਜ਼ ਦੀਨ ਸ਼ਰਫ ਲਿਖਦੇ ਹਨ:

ਸਾਵਣ ਸੀਸ ਗੁੰਦਾ ਕੇ ਸਈਆਂ, ਹਾਰ ਸ਼ਿੰਗਾਰ ਲਗਾਏ ਨੇ।
ਸਿਰ 'ਤੇ ਸਾਲੂ ਸ਼ਗਨਾਂ ਵਾਲੇ, ਰੀਝਾਂ ਨਾਲ ਸਜਾਏ ਨੇ।
ਮਿੱਠੇ ਮਿੱਠੇ ਗੀਤ ਮਾਹੀ ਦੇ, ਸਭਨਾ ਰਲਮਿਲ ਗਾਏ ਨੇ।

ਸੁਭਾਅ, ਬਣਤਰ ਅਤੇ ਪੇਸ਼ਕਾਰੀ ਪੱਖ ਤੋਂ ਤੀਆਂ ਸ਼ੁੱਧ ਰੂਪ ਵਿੱਚ ਸਿਰਫ਼ ਕੁੜੀਆਂ ਦਾ ਤਿਉਹਾਰ ਹੈ।ਮਰਦਾਂ ਦਾ ਤੀਆਂ ਵਿੱਚ ਜਾਣਾ ਵਰਜਿਤ ਵੀ ਹੁੰਦਾ ਤੇ ਮਿਹਣਾ ਵੀ। ਇਸੇ ਕਰਕੇ ਤੀਆਂ ਦੇ ਪਿੜ ਲਈ ਪਿੰਡ ਦੀ ਵਸੋਂ ਤੋਂ ਥੋੜ੍ਹਾ ਦੂਰ ਜਗ੍ਹਾ ਨਿਸ਼ਚਿਤ ਕੀਤੀ ਜਾਂਦੀ ਹੈ ਜਿੱਥੋਂ ਨੱਚਣ ਟੱਪਣ ਅਤੇ ਰੌਲੇ ਰੱਪੇ ਦੀ ਆਵਾਜ਼ ਵੀ ਘਰਾਂ ਤਕ ਨਾ ਪਹੁੰਚ ਸਕੇ ਅਤੇ ਉਸ ਪਾਸੇ ਵੱਲ ਮੁੰਡੇ ਜਾਣ ਵੀ ਨਾ।ਪਿੰਡੋਂ ਬਾਹਰ ਦੀ ਕਿਸੇ ਸਾਂਝੀ ਜਗ੍ਹਾ ਵਿੱਚ ਪਿੱਪਲਾਂ, ਬੋਹੜਾਂ, ਟਾਹਲੀਆਂ ਵਰਗੇ ਦਰੱਖਤਾਂ ਦੀ ਛਾਂ ਹੇਠ ਕਈ ਕਈ ਦਿਨ ਰੰਗਲਾ ਮਾਹੌਲ ਬਣਿਆ ਰਹਿੰਦਾ।ਗਿੱਧੇ ਦੇ ਰੂਪ ਵਿੱਚ ਬੋਲੀਆਂ, ਤਮਾਸ਼ਿਆਂ ਰਾਹੀਂ ਮਨ ਦਾ ਗੁੱਭ-ਗੁਲ੍ਹਾਟ ਨਿਕਲਦਾ। ਕਈ ਗੱਲਾਂ ਜਿਹੜੀਆਂ ਸਿੱਧੇ ਵਾਰਤਾਲਾਪ ਵਿੱਚ ਨਹੀਂ ਹੋ ਸਕਦੀਆਂ, ਉਨ੍ਹਾਂ ਲਈ ਬੋਲੀਆਂ ਅਤੇ ਤਮਾਸ਼ੇ ਸਹਾਈ ਹੋ ਜਾਂਦੇ ਹਨ। ਮਨ ਵਿਚਲੀਆਂ ਗੱਲਾਂ ਨੂੰ ਸਖੀਆਂ ਨਾਲ ਸਾਂਝਾ ਕਰਕੇ ਹੌਲੀਆਂ ਫੁੱਲ ਵਰਗੀਆਂ ਹੋਈਆਂ ਕੁੜੀਆਂ ਪੇਕੇ ਘਰ, ਪੇਕੇ ਪਿੰਡ ਦੀ ਅਪਣੱਤ ਭਰੀ ਆਬੋ-ਹਵਾ ਵਿੱਚ ਸੁਖਾਵਾਂ ਸਾਹ ਲੈਂਦੀਆਂ ਪ੍ਰਤੀਤ ਹੁੰਦੀਆਂ ਹਨ।

ਸਾਉਣ ਮਹੀਨੇ ਇਕੱਠੀਆਂ ਹੋਈਆਂ ਕੁੜੀਆਂ ਭਾਦੋਂ ਚੜ੍ਹਦਿਆਂ ਹੀ ਤੀਆਂ ਦੀ 'ਬੱਲੋ' ਪਾ ਕੇ ਸਹੁਰੇ ਜਾਣ ਦੀ ਤਿਆਰੀ ਕਰਦੀਆਂ। ਬੱਲੋ ਦਾ ਤੋਂ ਭਾਵ ਤੀਆਂ ਦੀ ਸਮਾਪਤੀ ਹੈ।ਆਪਣੇ ਪੇਕੇ ਪਿੰਡ, ਬਾਬਲ ਦੇ ਘਰ, ਭੈਣਾਂ ਭਰਾਵਾਂ ਭਤੀਜਿਆਂ ਦੀ ਸੁੱਖ ਮੰਗਦੀਆਂ ਕੁੜੀਆਂ ਗਿੱਧੇ ਦੇ ਸਿਖਰ 'ਤੇ ਪਹੁੰਚ ਕੇ ਤੀਆਂ ਦੀ ਸਮਾਪਤੀ ਕਰਦੀਆਂ ਹਨ। ਪੇਕੇ ਆਈਆਂ ਕੁੜੀਆਂ ਨੂੰ ਪੇਕਾ ਘਰ ਛੱਡ ਕੇ ਸਹੁਰੇ ਵਾਪਸ ਜਾਣ ਦੀ ਉਦਾਸੀ ਹੋਣਾ ਸੁਭਾਵਿਕ ਹੈ। ਉਨ੍ਹਾਂ ਦੇ ਜਾਣ ਦੀ ਉਦਾਸੀ ਪਿੰਡ ਦੀਆਂ ਕੁਆਰੀਆਂ ਕੁੜੀਆਂ ਨੂੰ ਵੀ ਹੁੰਦੀ ਹੈ। ਸਿਖਰ ਦੇ ਮੇਲ-ਮਿਲਾਪੀ ਧਮੱਚੜ ਤੋਂ ਬਾਅਦ ਵਿਛੋੜਾ ਡਾਢਾ ਹੁੰਦਾ। ਇਸ ਲਈ ਮਿਲਾਪ ਦਾ ਸਿਹਰਾ ਸਾਉਣ ਮਹੀਨੇ ਨੂੰ ਤੇ ਵਿਛੋੜੇ ਦਾ ਭਾਂਡਾ ਭਾਦੋਂ ਦੇ ਸਿਰ ਭੱਜਦਾ:

ਸਾਉਣ ਵੀਰ 'ਕੱਠੀਆਂ ਕਰੇ, ਭਾਦੋਂ ਚੰਦਰੀ ਵਿਛੋੜੇ ਪਾਵੇ।

ਤੀਆਂ ਵਿੱਚ ਪੈਂਦੀਆਂ ਬੋਲੀਆਂ ਦੇ ਅਰਥ ਬੜੇ ਡੂੰਘੇ ਹੁੰਦੇ ਹਨ। ਸੱਸ, ਸਹੁਰੇ, ਜੇਠ, ਦਿਉਰ ਵੱਲੋਂ ਕਿਤੇ ਨਾ ਕਿਤੇ ਦਿਲ ਦੁਖਾਉਣ ਵਾਲੇ ਕੀਤੇ ਵਰਤਾਰੇ ਦਾ ਇਜ਼ਹਾਰ ਪੇਕੇ ਪਿੰਡ ਦੀਆਂ ਤੀਆਂ ਵਿੱਚ ਬੋਲੀਆਂ ਪਾ ਕੇ ਹੁੰਦਾ ਹੈ:

ਮੈਂ ਤਾਂ ਜੇਠ ਨੂੰ ਜੀ ਜੀ ਕਹਿੰਦੀ
ਮੈਨੂੰ ਕਹਿੰਦਾ ਫੋਟ
ਜੇਠ ਨੂੰ ਅੱਗ ਲੱਗਜੇ ਸਣੇ ਪਜਾਮੇ ਕੋਟ।

ਨਵੀਆਂ ਵਿਆਹੀਆਂ ਮੁਟਿਆਰਾਂ ਲਈ ਇਸ ਤਿਉਹਾਰ ਦੀ ਮਹੱਤਤਾ ਜ਼ਿਆਦਾ ਇਸ ਕਰਕੇ ਵੀ ਹੁੰਦੀ ਹੈ ਕਿਉਂਕਿ ਉਨ੍ਹਾਂ ਨੇ ਵਿਆਹ ਤੋਂ ਬਾਅਦ ਪਹਿਲੀ ਵਾਰ ਪੇਕੇ ਆਉਣਾ ਹੁੰਦਾ ਹੈ। ਤੀਆਂ ਬਹਾਨੇ ਕੁਝ ਦਿਨ ਪੇਕੇ ਰਹਿਣ ਅਤੇ ਪਰਿਵਾਰ ਤੇ ਸਹੇਲੀਆਂ ਨੂੰ ਮਿਲਣ-ਗਿਲਣ ਅਤੇ ਸਹੁਰਿਆਂ ਬਾਰੇ ਗੱਲਾਂਬਾਤਾਂ ਕਰਨ ਦਾ ਚੰਗਾ ਸਬੱਬ ਬਣਦਾ ਹੈ। ਵਿਆਹ ਔਰਤ ਦੀ ਜ਼ਿੰਦਗੀ ਦਾ ਵਿਲੱਖਣ ਮੋੜ ਹੈ। ਮਾਂ ਦੇ ਲਾਡ ਪਿਆਰ ਦਾ ਸੱਸ ਦੀਆਂ ਮੱਤਾਂ ਨਾਲ ਤਬਾਦਲਾ ਕਾਫ਼ੀ ਅਸਾਧਾਰਨ ਪ੍ਰਕਿਰਿਆ ਹੋਣ ਕਰਕੇ ਇਹ ਛੇਤੀ ਹਜ਼ਮ ਆਉਣ ਵਾਲਾ ਵਰਤਾਰਾ ਨਹੀਂ ਹੁੰਦਾ।ਇਹੀ ਵਰਤਾਰਾ ਸੱਸ ਅਤੇ ਨੂੰਹ ਵਿਚਲੀ ਖਹਿਬਾਜ਼ੀ ਦਾ ਸਭਿਆਚਾਰਕ ਦੁਖਾਂਤ ਬਣ ਜਾਂਦਾ ਹੈ। ਸੱਸ ਪ੍ਰਤੀ ਮਨ ਦੀ ਘਰੋੜਾਂ ਨੂੰ ਬਾਹਰ ਕੱਢਣ ਦਾ ਇੱਕੋ ਇੱਕ ਹੱਲ, ਗਿੱਧੇ ਦੀਆਂ ਬੋਲੀਆਂ ਹਨ ਅਤੇ ਤੀਆਂ ਇਸ ਲਈ ਢੁਕਵਾਂ ਸਮਾਂ ਹੁੰਦਾ ਹੈ।ਸੋ ਇਸ ਮੌਕੇ ਵਿਆਹੀਆਂ ਕੁੜੀਆਂ ਦੇ ਨਿਸ਼ਾਨੇ 'ਤੇ ਸੱਸ ਜ਼ਿਆਦਾ ਹੁੰਦੀ ਹੈ:

ਸੱਸ ਮੇਰੀ ਨੇ ਗੰਢੇ ਤੜਕੇ, ਵੀਰ ਮੇਰੇ ਨੂੰ ਭੂਕਾਂ
ਪੇਕੇ ਸੁਣਦੀ ਸੀ, ਸੱਸੇ ਤੇਰੀਆਂ ਕਰਤੂਤਾਂ।

ਬੋਲੀਆਂ ਰਾਹੀਂ ਕੁੜੀਆਂ ਆਪਣੇ ਮਨ ਦੇ ਗੁਬਾਰ ਕੱਢ ਕੇ ਖ਼ੁਸ਼ ਹੁੰਦੀਆਂ ਹਨ। ਸਿੱਧੇ ਰੂਪ ਵਿੱਚ ਅਜਿਹੀਆਂ ਗੱਲਾਂ ਹੋਣ ਨਾਲ ਮਨਾਂ ਵਿੱਚ ਕੁੜੱਤਣ ਆ ਸਕਦੀ ਹੈ, ਪਰ ਬੋਲੀ ਦੇ ਨਾਲ ਪੈਂਦਾ ਗਿੱਧਾ ਇਨ੍ਹਾਂ ਗੱਲਾਂਬਾਤਾਂ ਦਾ ਸੁਖਾਵਾਂ ਅਸਰ ਕਾਇਮ ਰੱਖਦਾ ਹੈ।ਇਸੇ ਤਰ੍ਹਾਂ ਕੁਆਰੀਆਂ ਕੁੜੀਆਂ ਆਪਣੇ ਮਨ ਦੀ ਗੱਲ ਬੋਲੀਆਂ ਰਾਹੀਂ ਆਪਣੇ ਬਾਪ, ਮਾਂ, ਵੀਰ, ਭਾਬੀ ਨੂੰ ਕਹਿ ਜਾਂਦੀਆਂ ਹਨ। 'ਮੈਨੂੰ ਵਿਆਹਦੇ ਅੰਮੀਏ, ਨੀਂ ਮੈਂ ਕੋਠੇ ਜਿੱਠੀ ਹੋਈ' ਵਰਗੀਆਂ ਬੋਲੀਆਂ ਰਾਹੀਂ ਲੰਘਦੀ ਜਾ ਰਹੀ ਆਪਣੀ ਵਿਆਹ ਦੀ ਉਮਰ ਦਾ ਅਹਿਸਾਸ ਵੀ ਮਾਪਿਆਂ ਨੂੰ ਕਰਵਾ ਦਿੰਦੀਆਂ।

ਤੀਆਂ ਦੇ ਤਿਉਹਾਰ ਦੀ ਖ਼ੂਬਸੂਰਤੀ ਇਸ ਗੱਲ ਵਿੱਚ ਹੈ ਕਿ ਇਸ ਮੌਕੇ ਪਿੰਡ ਦੀਆਂ ਧੀਆਂ ਧਿਆਣੀਆਂ ਨੂੰ ਆਪਣੇ ਪਿੰਡ ਵਿੱਚ ਹੀ ਮੇਲਣਾਂ ਬਣਨ ਦਾ ਮੌਕਾ ਮਿਲਦਾ ਹੈ। ਉਹ ਬੋਲੀ ਪਾਉਂਦੀਆਂ ਹਨ:

ਥੜ੍ਹਿਆਂ ਬਾਝ ਨਾ ਪਿੱਪਲ ਸੋਂਹਦੇ
ਫੁੱਲਾਂ ਬਾਝ ਕਲਾਈਆਂ।
ਸੱਗੀ ਫੁੱਲ ਸਿਰਾਂ 'ਤੇ ਸੋਂਹਦੇ,
ਪੈਰੀਂ ਝਾਂਜਰਾਂ ਪਾਈਆਂ।
ਨੱਚਣ ਟੱਪਣ ਗਿੱਧਾ ਪਾਵਣ
ਵੱਡਿਆਂ ਘਰਾਂ ਦੀਆਂ ਜਾਈਆਂ।
ਸੂਬੇਦਾਰਨੀਆਂ ਬਣ ਕੇ ਮੇਲਣਾਂ ਆਈਆਂ।

ਪੰਜਾਬੀ ਜਨ ਜੀਵਨ ਵਿੱਚ ਔਰਤਾਂ ਦੀ ਭੂਮਿਕਾ ਮਹੱਤਵਪੂਰਨ, ਸਲਾਹੁਣਯੋਗ ਅਤੇ ਸਤਿਕਾਰਯੋਗ ਹੈ।ਔਰਤਾਂ ਆਪਣੇ ਹਰ ਚਾਅ, ਖ਼ੁਸ਼ੀ ਤੇ ਖ਼ੁਆਹਿਸ਼ ਵਿੱਚ ਮਰਦ ਦੀ ਸੁੱਖ ਮੰਗਦੀਆਂ ਹਨ। ਵਿਲੱਖਣ ਗੱਲ ਇਹ ਹੈ ਕਿ ਤੀਆਂ ਦੇ ਤਿਉਹਾਰ ਵਿੱਚ ਪੈਂਦੀਆਂ ਬੋਲੀਆਂ ਸਿੱਧੇ, ਅਸਿੱਧੇ ਰੂਪ ਵਿੱਚ ਮਰਦ ਦੀ ਖ਼ੁਸ਼ੀ ਲਈ ਦੁਆਵਾਂ ਵਰਗੀਆਂ ਹੀ ਹੁੰਦੀਆਂ ਹਨ।ਲੱਖ ਤਾਅਨੇ ਮਿਹਣੇ ਮਾਰ ਕੇ ਵੀ ਅੰਤ ਉਹ ਆਪਣੇ ਰਿਸ਼ਤਿਆਂ ਵਿਚਲੇ ਮਰਦਾਂ ਦੀ ਚੜ੍ਹਦੀ ਕਲਾ ਲਈ ਵਚਨਬੱਧ ਹੁੰਦੀਆਂ ਹਨ।ਇਹ ਔਰਤ ਮਨ ਦੀ ਕੋਮਲਤਾ ਦਾ ਪ੍ਰਮਾਣ ਹੈ।

ਜੁੱਗ ਜੁੱਗ ਰਹੇ ਵਸਦਾ, ਮੇਰੇ ਧਰਮੀ ਬਾਬਲ ਦਾ ਵਿਹੜਾ।

ਤੀਆਂ ਸਮਾਪਤ ਹੁੰਦਿਆਂ ਘਰੋ-ਘਰੀ ਜਾਣ 'ਤੇ ਪੇਕਿਆਂ ਤੋਂ ਆਪਣੇ ਸਹੁਰੇ ਜਾਣ ਦਾ ਡੋਬਾ ਤਾਂ ਪੈਂਦਾ ਹੈ, ਪਰ ਆਖ਼ਰੀ ਦਿਨ ਬੱਲੋ ਪੈਂਦਿਆਂ ਹੀ ਆਖ਼ਰੀ ਬੋਲੀ ਬੜੀ ਆਸ ਨਾਲ ਪਾਈ ਜਾਂਦੀ ਹੈ ਤਾਂ ਕਿ ਇਸ ਤਿਉਹਾਰ ਬਹਾਨੇ ਮਿਲਣ-ਗਿਲਣ, ਹੱਸਣ-ਖੇਡਣ, ਨੱਚਣ-ਟੱਪਣ ਦਾ ਸਿਲਸਿਲਾ ਚਲਦਾ ਰਹੇ:

ਤੀਆਂ ਤੀਜ ਦੀਆਂ
ਵਰ੍ਹੇ ਦਿਨਾਂ ਨੂੰ ਫੇਰ...।

ਬਦਲਦੇ ਸਮੇਂ ਨੇ ਮਨੁੱਖੀ ਜ਼ਿੰਦਗੀ ਦੀ ਰਵਾਨੀ ਉਪਰ ਗਹਿਰਾ ਪਰਛਾਵਾਂ ਪਾਇਆ ਹੈ। ਜ਼ਿੰਦਗੀ ਵਿੱਚੋਂ ਮੜਕ, ਖੁੱਲ੍ਹਾਪਣ ਅਤੇ ਬੇਪਰਵਾਹੀ ਦੂਰ ਹੋ ਗਈ। ਨਿੱਤ ਦੀ ਭੱਜ ਦੌੜ ਨੇ ਜੀਵਨ ਦੇ ਬਹੁਤ ਸਾਰੇ ਰਸ ਖ਼ਤਮ ਕਰ ਦਿੱਤੇ ਹਨ।ਬਦਲ ਰਹੇ ਵਰਤਾਰੇ ਨੇ ਸਾਡੇ ਮੇਲਿਆਂ ਤਿਉਹਾਰਾਂ 'ਤੇ ਵੀ ਬਹੁਤ ਅਸਰ ਕੀਤਾ ਹੈ।ਕੁੜੀਆਂ, ਔਰਤਾਂ ਹੁਣ ਮਰਦਾਂ ਵਾਂਗ ਨੌਕਰੀਆਂ ਅਤੇ ਹੋਰ ਕੰਮ ਧੰਦਿਆਂ ਵਿੱਚ ਮਸ਼ਰੂਫ ਹਨ।ਸ਼ਾਇਦ ਇਸੇ ਕਰਕੇ ਤੀਆਂ ਵਰਗੇ ਤਿਉਹਾਰ ਖੁੱਲ੍ਹੇ ਡੁਲ੍ਹੇ ਪਿੜਾਂ ਵਿੱਚੋਂ ਸਿਮਟ ਕੇ ਸਟੇਜ ਜਾਂ ਸਕਰੀਨ ਤਕ ਸੀਮਿਤ ਹੋ ਗਏ ਹਨ।ਪਰ ਖ਼ੁਸ਼ੀ ਵਾਲੀ ਗੱਲ ਹੈ ਕਿ ਪੰਜਾਬ ਦੇ ਬਹੁਤ ਸਾਰੇ ਪਿੰਡਾਂ ਕਸਬਿਆਂ ਵਿੱਚ ਤੀਆਂ ਵਰਗੇ ਤਿਉਹਾਰ ਜਿਉਂਦੇ ਜਾਗਦੇ ਹਨ ਜਿਨ੍ਹਾਂ ਵਿੱਚ ਪੰਜਾਬ ਦੀ ਜ਼ਿੰਦਗੀ ਧੜਕਦੀ ਹੈ।

# ਸਿਰ.ਫ ਬੋਲਣ ਲਈ ਹੀ ਨਾ ਬੋਲੋ

ਸੰਤੋਖ ਸਿੰਘ ਭਾਣਾ



ਦੁਨੀਆਂ ਦੀਆਂ ਸਾਰੀਆਂ ਭਾਸ਼ਾਵਾਂ ਵਿੱਚ ਸ਼ਬਦਾਂ ਦਾ ਅਥਾਹ ਭੰਡਾਰ ਮੌਜੂਦ ਹੈ। ਸ਼ਬਦ ਬਹੁਤ ਵੱਡਮੁੱਲੇ ਅਤੇ ਮਹੱਤਵਪੂਰਨ ਹੁੰਦੇ ਹਨ, ਪਰ ਇਨ੍ਹਾਂ ਦਾ ਮਹੱਤਵ ਅਰਥਾਂ 'ਤੇ ਨਿਰਭਰ ਕਰਦਾ ਹੈ।ਬਿਨਾਂ ਅਰਥਾਂ ਦੇ ਸ਼ਬਦਾਂ ਦੀ ਕੋਈ ਕੀਮਤ ਨਹੀਂ, ਕੋਈ ਮਹੱਤਵ ਨਹੀਂ। ਇਸ ਦੇ ਬਿਨਾਂ ਇਹ ਵਿਅਰਥ ਅਤੇ ਬੇਕਾਰ ਹਨ।ਸਾਡੀ ਬੋਲਬਾਣੀ ਸ਼ਬਦਾਂ ਦਾ ਹੀ ਸਮੂਹ ਹੁੰਦੀ ਹੈ।ਬੋਲਬਾਣੀ ਦੀ ਲੋੜ ਅਨੁਸਾਰ ਸੁਚੱਜਤਾ ਨਾਲ ਕੀਤੀ ਗਈ ਵਰਤੋਂ ਨਾਲ ਵੱਡੀਆਂ-ਵੱਡੀਆਂ ਉਲਝਣਾਂ ਅਤੇ ਸਮੱਸਿਆਵਾਂ ਦਾ ਨਿਬੇੜਾ ਸੰਭਵ ਹੈ। ਹਰੇਕ ਥਾਂ ਅਤੇ ਹਰੇਕ ਸਮਾਂ ਬੋਲਣ ਦੇ ਯੋਗ ਨਹੀਂ ਹੁੰਦੇ। ਕਈ ਵਾਰ ਕਿਸੇ ਥਾਂ 'ਤੇ ਚੁੱਪ ਕਰ ਜਾਣਾ ਜਾਂ ਘੱਟ ਬੋਲਣਾ ਵੀ ਸਾਡੀ ਕਾਮਯਾਬੀ ਅਤੇ ਸਾਡੀ ਸਿਆਣਪ ਲਈ ਫਾਇਦੇਮੰਦ ਹੁੰਦਾ ਹੈ।ਇਹ ਸਭ ਨਿਰਭਰ ਹੈ ਤੁਹਾਡੀ ਉਸਾਰੂ ਅਤੇ ਸਮਝਦਾਰੀ ਭਰੀ ਬੋਲਚਾਲ 'ਤੇ।ਕਈ ਵਾਰ ਸਿਰਫ਼ ਦੋ ਸ਼ਬਦਾਂ ਨਾਲ ਹੀ ਗੱਲ ਬਣ ਜਾਂ ਵਿਗੜ ਜਾਂਦੀ ਹੈ।

ਜ਼ਿਆਦਾ ਬੋਲਣ ਵਾਲੇ ਬੰਦੇ ਕੁਝ ਸਮੇਂ ਲਈ ਹੀ ਪਸੰਦ ਕੀਤੇ ਜਾਂਦੇ ਹਨ।ਘੱਟ ਬੋਲਣ ਵਾਲੇ ਆਦਮੀ ਜ਼ਿਆਦਾ ਸਤਿਕਾਰੇ ਜਾਂਦੇ ਹਨ। ਜੋ ਆਦਮੀ ਜ਼ਿਆਦਾ ਬੋਲਦੇ ਹਨ, ਉਸਦੇ ਪਿੱਛੇ ਇੱਕ ਖ਼ਾਸ ਕਾਰਨ ਇਹ ਹੁੰਦਾ ਹੈ ਕਿ ਕਿਧਰੇ ਨਾ ਕਿਧਰੇ ਉਨ੍ਹਾਂ ਨੂੰ ਆਪਣੇ ਕਮਜ਼ੋਰ ਪੱਖ ਦਾ ਗਿਆਨ ਹੁੰਦਾ ਹੈ। ਉਨ੍ਹਾਂ ਨੂੰ ਆਪਣੇ ਦਿਮਾਗ਼ ਦੀ ਸ਼ਾਂਤੀ 'ਤੇ ਸ਼ੱਕ ਹੁੰਦਾ ਹੈ। ਬਸ ਇਹੀ ਕਮਜ਼ੋਰੀਆਂ ਜ਼ਾਹਿਰ ਨਾ ਹੋ ਜਾਣ ਇਸੇ ਲਈ ਉਹ ਜ਼ਿਆਦਾ ਬੋਲਕੇ ਆਪਣੀ ਮਾਨਸਿਕ ਸ਼ਕਤੀ ਦਾ ਵਿਖਾਵਾ ਕਰਨ ਲਈ ਵਿਆਕੁਲ ਰਹਿੰਦੇ ਹਨ।

ਕਈ ਵਾਰ ਅਸੀਂ ਵੇਖਦੇ ਹਾਂ ਕਿ ਕੁਝ ਬੋਲਣ ਤੋਂ ਪਹਿਲਾਂ ਸਾਹਮਣੇ ਵਾਲਾ ਆਦਮੀ ਕਹਿੰਦਾ ਹੈ ਕਿ 'ਜ਼ਰਾ ਸੰਖੇਪ 'ਚ ਹੀ ਗੱਲ ਕਰਨਾ।' ਇਸਦਾ ਮਤਲਬ ਸਾਫ਼ ਹੈ ਕਿ ਤੁਸੀਂ ਜੋ ਕਹਿਣ ਜਾ ਰਹੇ ਹੋ ਉਸਨੂੰ ਸੁਣਨ ਵਿੱਚ ਕਿਸੇ ਨੂੰ ਜ਼ਰਾ ਜਿੰਨੀ ਵੀ ਦਿਲਚਸਪੀ ਨਹੀਂ ਹੈ।ਉਹ ਤਾਂ ਤੁਹਾਨੂੰ ਸਿਰਫ਼ ਇਸ ਲਈ ਬੋਲਣ ਦਾ ਮੌਕਾ ਦੇ ਰਹੇ ਹਨ ਤਾਂ ਕਿ ਤੁਸੀਂ ਆਪਣੀ ਬੋਲਣ ਦੀ ਭੁੱਖ ਨੂੰ ਮਿਟਾ ਲਉ। ਦੁਨੀਆਂ ਵਿੱਚ ਕਿਸੇ ਵੀ ਆਦਮੀ ਨੂੰ ਸਮਝਣ ਲਈ ਉਸਦੇ ਸਾਹਮਣੇ ਬੋਲਣਾ ਜ਼ਰੂਰੀ ਨਹੀਂ ਹੈ, ਉਸਨੂੰ ਸੁਣਨਾ ਜ਼ਰੂਰੀ ਹੈ। ਹੱਸਣਾ ਜਿੰਨਾ ਤੁਹਾਡੀ ਸਿਹਤ ਲਈ ਚੰਗਾ ਹੈ, ਜ਼ਿਆਦਾ ਬੋਲਣਾ ਤੁਹਾਡੀ ਸਿਹਤ ਲਈ ਉੱਨਾ ਹੀ ਖਰਾਬ ਹੈ।ਜਿੱਥੋਂ ਤਕ ਸੰਭਵ ਹੋ ਸਕੇ ਚੁੱਪ ਰਹਿਣ ਦੀ ਆਦਤ ਪਾਓ। ਇਹ ਦੁਨੀਆਂ ਸ਼ਾਂਤ ਅਤੇ ਚੁੱਪ ਰਹਿਣ ਵਾਲੇ ਆਦਮੀਆਂ ਨੂੰ ਸਿਆਣੇ ਅਤੇ ਅਕਲਮੰਦ ਇਨਸਾਨ ਸਮਝਦੀ ਹੈ।

ਬਿਹਤਰ ਹੈ ਕਿ ਠੋਕਰ ਪੈਰ ਤੋਂ ਖਾਓ ਨਾ ਕਿ ਜੀਭ ਤੋਂ।ਜੋ ਲੋਕ ਘੱਟ ਬੋਲਦੇ ਹਨ ਉਨ੍ਹਾਂ ਦੇ ਸ਼ਬਦਾਂ ਦੀ ਕੀਮਤ ਐਨੀ ਜ਼ਿਆਦਾ ਹੁੰਦੀ ਹੈ ਕਿ ਅਸੀਂ ਤਾਰਨ ਵਿੱਚ ਅਸਮਰੱਥ ਹੁੰਦੇ ਹਾਂ।ਅਜਿਹੇ ਲੋਕਾਂ ਨੂੰ 'ਮੁਆਫ਼ ਕਰਨਾ' ਕਹਿਣ ਦੀ ਕਦੇ ਵੀ ਲੋੜ ਨਹੀਂ ਪੈਂਦੀ।

ਜ਼ਿਆਦਾ ਬੋਲਣਾ ਸਾਰੇ ਸਮਾਜਿਕ ਦੋਸ਼ਾਂ ਵਿੱਚੋਂ ਸਭ ਤੋਂ ਬੁਰਾ ਦੋਸ਼ ਹੈ। ਜੇਕਰ ਤੁਹਾਡੇ ਵਿੱਚ ਇਹ ਦੋਸ਼ ਹੈ ਤਾਂ ਤੁਹਾਡਾ ਸਭ ਤੋਂ ਗੂੜ੍ਹਾ ਦੋਸਤ ਵੀ ਤੁਹਾਨੂੰ ਇਸ ਬਾਰੇ ਨਹੀਂ ਦੱਸੇਗਾ, ਸਗੋਂ ਉਹ ਤੁਹਾਡੇ ਤੋਂ ਕੰਨੀ ਕਤਰਾਉਂਦਾ ਫਿਰੇਗਾ।

ਸ਼ਾਂਤ ਰਹਿਕੇ ਸੁਣਨ ਦਾ ਇੱਕ ਹੋਰ ਫਾਇਦਾ ਇਹ ਹੈ ਕਿ ਅਸੀਂ ਸਾਹਮਣੇ ਵਾਲੇ ਦੀਆਂ ਗੱਲਾਂ ਸੁਣਨ ਤੋਂ ਹੀ ਸਮਝ ਜਾਂਦੇ ਹਾਂ ਕਿ ਉਹ ਕੀ ਸੋਚ ਰਿਹਾ ਹੈ ਅਤੇ ਕੀ ਕਰਨਾ ਚਾਹੁੰਦਾ ਹੈ। ਜੇਕਰ ਤੁਸੀਂ ਸਾਹਮਣੇ ਵਾਲੇ ਦੀਆਂ ਗੱਲਾਂ ਵੱਲ ਧਿਆਨ ਕੇਂਦਰਿਤ ਕਰੋਗੇ ਤਾਂ ਹੀ ਤੁਸੀਂ ਉਸਨੂੰ ਆਪਣੀ ਗੱਲ ਸੁਣਨ ਲਈ ਮਜਬੂਰ ਕਰ ਸਕੋਗੇ।

ਲੋਕੀ ਹਮੇਸ਼ਾਂ ਉਸ ਆਦਮੀ ਤੋਂ ਨ.ਫਰਤ ਕਰਦੇ ਹਨ ਜੋ ਆਪਣੇ ਦਿਮਾ.ਗ ਦੇ ਇੰਜਣ ਨੂੰ ਚਾਲੂ ਕੀਤੇ ਬਿਨਾਂ ਹੀ ਮੂੰਹ ਨੂੰ ਟਾਪ ਗੇਅਰ ਵਿੱਚ ਪਾ ਲੈਂਦੇ ਹਨ। ਜ਼ਿਆਦਾਤਰ ਬੰਦੇ ਬੋਲਣ ਲਈ ਕਾਹਲੇ ਹੋਏ ਰਹਿੰਦੇ ਹਨ।ਸੁਣਨਾ ਕਿਸੇ ਨੂੰ ਵੀ ਪਸੰਦ ਨਹੀਂ, ਪਰ ਕੁਦਰਤ ਦਾ ਨਿਯਮ ਹੈ ਕਿ ਅਸੀਂ ਦੁੱਗਣਾ ਸੁਣੀਏ ਅਤੇ ਉਸਤੋਂ ਅੱਧਾ ਬੋਲੀਏ।ਕਾਰਨ ਸਾ.ਫ ਹੈ- ਸਾਡੀ ਜੀਭ ਤਾਂ ਇੱਕ ਹੈ ਤੇ ਕੰਨ ਦੋ। ਵੇਖਿਆ ਗਿਆ ਹੈ ਕਿ ਜੋ ਲੋਕ ਜ਼ਿਆਦਾ ਬੋਲਣਾ ਪਸੰਦ ਕਰਦੇ ਹਨ ਉਨ੍ਹਾਂ ਨੂੰ ਕੋਈ ਸੁਣਨਾ ਪਸੰਦ ਨਹੀਂ ਕਰਦਾ। ਜਿਹੜੇ ਬੰਦੇ ਸ਼ਾਂਤ ਰਹਿਣਾ ਜਾਣਦੇ ਹਨ, ਦੁਨੀਆਂ ਉਨ੍ਹਾਂ ਨੂੰ ਸੁਣਨ ਲਈ ਵਿਆਕੁਲ ਰਹਿੰਦੀ ਹੈ।

ਜ਼ਰੂਰੀ ਨਹੀਂ ਕਿ ਲੋਕੀਂ ਇਸ ਲਈ ਬੋਲਦੇ ਹਨ ਕਿ ਉਨ੍ਹਾਂ ਦੀਆਂ ਗੱਲਾਂ ਦਾ ਕੋਈ ਮਤਲਬ ਨਿਕਲੇ। ਬਹੁਤੇ ਲੋਕੀ ਤਾਂ ਸਿਰ.ਫ ਬੋਲਣ ਲਈ ਹੀ ਬੋਲਦੇ ਹਨ। ਉਹ ਆਪਣੀ ਬੋਲਬਾਣੀ ਰਾਹੀਂ ਆਪਣੇ ਆਪ ਨੂੰ ਸਿੱਧ ਕਰਨ ਵਿੱਚ ਲੱਗੇ ਰਹਿੰਦੇ ਹਨ।ਉਨ੍ਹਾਂ ਦਾ ਮੰਨਣਾ ਹੈ ਕਿ ਦੂਸਰਿਆਂ ਨੂੰ ਬਿਨਾਂ ਦੇਖੇ ਹੀ ਬੋਲਕੇ ਸਭ ਕੁਝ ਦਿਖਾ ਦਿੱਤਾ ਜਾਵੇ। ਬੂਹਤੇ ਲੋਕੀਂ ਝੂਠੀਆਂ ਘਟਨਾਵਾਂ ਨੂੰ ਆਪਣੀਆਂ ਗੱਲਾਂ ਰਾਹੀਂ ਸੱਚੀਆਂ ਅਤੇ ਆਕਰਸ਼ਕ ਬਣਾਉਣ ਦੀ ਕੋਸ਼ਿਸ਼ ਵਿੱਚ ਵੱਧ ਤੋਂ ਵੱਧ ਬੋਲਦੇ ਹਨ।

ਮੌਨ ਰਹਿਣਾ ਹਰ ਹਾਲਤ ਵਿੱਚ ਲਾਭਕਾਰੀ ਹੈ।ਬੋਲਣ ਨਾਲ ਜਿੰਨੇ ਸਮੇਂ ਵਿੱਚ ਅਸੀਂ ਜਿਹੜੇ ਵਿਚਾਰ ਪ੍ਰਗਟ ਕਰਦੇ ਹਾਂ, ਸ਼ਾਂਤ ਰਹਿਕੇ ਉਸਤੋਂ ਕਈ ਗੁਣਾ ਜ਼ਿਆਦਾ ਵਿਚਾਰ ਅਸੀਂ ਉੱਨੇ ਹੀ ਸਮੇਂ ਵਿੱਚ ਆਪਣੇ ਮਨ ਵਿੱਚ ਉਤਪਨ ਕਰ ਸਕਦੇ ਹਾਂ।ਜ਼ਿਆਦਾਤਰ ਇਕੱਠਾਂ ਵਿੱਚ ਲੋਕ ਬੋਲਣ ਵਾਲੇ ਨੂੰ ਸੁਣਦੇ ਘੱਟ ਅਤੇ ਵੇਖਦੇ ਜ਼ਿਆਦਾ ਹਨ। ਇੱਕ ਹਿੰਦੀ ਲੇਖਿਕਾ ਨੇ ਆਪਣਾ ਸਾਢੇ ਤਿੰਨ ਸੌ ਸਫਿਆ ਦਾ ਨਾਵਲ ਛਪਣ ਲਈ ਪ੍ਰਕਾਸ਼ਕ ਕੋਲ ਭੇਜਿਆ।ਮੈਂ ਉਸ ਨਾਲ ਨਾਵਲ ਦੇ ਜ਼ਿਆਦਾ ਵਿਸਥਾਰ ਬਾਰੇ ਗੱਲ ਕੀਤੀ ਤਾਂ ਉਹ ਕਹਿਣ ਲੱਗੀ ਕਿ ਅਜੇ ਤਾਂ ਮੇਰੀ ਗੱਲ ਵੀ ਪੂਰੀ ਨਹੀਂ ਹੋਈ।ਸਮਝਦਾਰ ਆਦਮੀ ਇੱਕ ਸ਼ਬਦ ਕਹਿੰਦਾ ਹੈ ਅਤੇ ਦੋ ਸ਼ਬਦ ਸੁਣਦਾ ਹੈ। ਖੁੱਲ੍ਹੇ ਦਿਲ ਵਾਲਾ ਆਦਮੀ ਤਾਂ ਹੀ ਮਹੱਤਵਪੂਰਨ ਹੁੰਦਾ ਹੈ ਜੇਕਰ ਉਹ ਖੁੱਲ੍ਹੇ ਕੰਨਾਂ ਵਾਲਾ ਵੀ ਹੋਵੇ।ਸਮਝਦਾਰੀ ਇਸ ਵਿੱਚ ਨਹੀਂ ਕਿ ਅਸੀਂ ਕਿਉਂ ਬੋਲਦੇ ਹਾਂ ? ਸਗੋਂ ਇਸ ਵਿੱਚ ਹੈ ਕਿ ਅਸੀਂ ਕੀ ਬੋਲਦੇ ਹਾਂ ?

ਸੰਪਰਕ: 98152-96475

# ਬੱਚਿਆਂ ਲਈ ਹਾਨੀਕਾਰਕ ਹੈ ਵੀਡੀਓ ਗੇਮ ਦੀ ਰੁਚੀ

ਸਤਵਿੰਦਰ ਸਿੰਘ ਅਰਾਈਆਂਵਾਲਾ

ਆਧੁਨਿਕ ਸਮੇਂ ਵਿਚ ਮਸ਼ੀਨੀਕਰਨ ਹੋਣ ਕਰਕੇ ਸਾਰਾ ਕੰਮ ਮਸ਼ੀਨਾਂ ਰਾਹੀਂ ਹੋਣ ਲੱਗ ਪਿਆ ਹੈ। ਇਥੋਂ ਤੱਕ ਕਿ ਬੱਚਿਆਂ ਦੀਆਂ ਖੇਡਾਂ ਦਾ ਵੀ ਮਸ਼ੀਨੀਕਰਨ ਹੋ ਚੁੱਕਾ ਹੈ।ਪਹਿਲਾਂ ਬੱਚੇ ਖੁੱਲ੍ਹੇ ਮੈਦਾਨਾਂ ਵਿਚ ਜਾ ਕੇ ਖੁੱਲ੍ਹੀ ਹਵਾ ਵਿਚ ਸਰੀਰਕ ਖੇਡਾਂ ਖੇਡਦੇ ਸਨ।ਖੁੱਲ੍ਹੀ ਹਵਾ ਵਿਚ ਖੇਡੀਆਂ ਗਈਆਂ ਖੇਡਾਂ ਬੱਚਿਆਂ ਦੀ ਸਿਹਤ ਨੂੰ ਤੰਦਰੁਸਤ ਰੱਖਦੀਆਂ ਸਨ।

ਗੁੱਲੀ-ਡੰਡਾ, ਫੜਨ-ਫੜੀਚੀ, ਖੋ-ਖੋ, ਬਾਂਦਰ-ਕਿੱਲਾ, ਖਿੱਦੋ ਖੂੰਡੀ ਆਦਿ ਖੇਡਾਂ ਖੇਡਦੇ ਤਾਂ ਬੱਚੇ ਆਮ ਹੀ ਦਿਖਾਈ ਦਿੰਦੇ ਸਨ ਪਰ ਆਧੁਨਿਕ ਸਮੇਂ ਵਿਚ ਤਾਂ ਖੇਡਾਂ ਮੋਬਾਈਲ, ਕੰਪਿਊਟਰਾਂ ਉੱਪਰ ਹੀ ਖੇਡੀਆਂ ਜਾਣ ਲੱਗ ਪਈਆਂ ਹਨ।ਹਰ ਬੱਚਾ ਵੀਡੀਓ ਗੇਮ ਖੇਡ ਕੇ ਹੀ ਖੁਸ਼ ਹੁੰਦਾ ਹੈ।ਕਾਰ ਰੇਸ, ਵਾਈਸ ਸਿਟੀ, ਕੈਂਡੀ ਕਰੱਸ਼, ਟੈਂਪਰ ਰਨ, ਸਬ ਵੇਅ ਅਤੇ ਅਜਿਹੀਆਂ ਹੋਰ ਪਤਾ ਨਹੀਂ ਕਿੰਨੀਆਂ ਖੇਡਾਂ ਹਨ, ਜੋ ਬੱਚੇ ਖੇਡ ਰਹੇ ਹਨ। ਇਕ ਵਾਰ ਜੋ ਬੱਚਾ ਵੀਡੀਓ ਗੇਮਜ਼ ਖੇਡਣ ਲੱਗ ਪੈਂਦਾ ਹੈ, ਫਿਰ ਵਾਰ-ਵਾਰ ਘੰਟਿਆਂਬੱਧੀ ਉਹ ਇਹ ਖੇਡਾਂ ਖੇਡਦਾ ਰਹਿੰਦਾ ਹੈ, ਜਿਸ ਨਾਲ ਉਨ੍ਹਾਂ ਦੀਆਂ ਅੱਖਾਂ 'ਤੇ ਬੁਰਾ ਅਸਰ ਪੈਂਦਾ ਹੈ।ਪਹਿਲਾਂ ਬੱਚਿਆਂ ਦਾ ਸਾਰਾ ਸਰੀਰ ਖੇਡਾਂ ਖੇਡਦਾ ਸੀ ਪਰ ਹੁਣ ਤਾਂ ਖੇਡ ਹੱਥ ਦੀਆਂ ਉਂਗਲਾਂ ਤੱਕ ਹੀ ਸੀਮਤ ਰਹਿ ਗਈ ਹੈ। ਬੱਚੇ ਸਾਰਾ-ਸਾਰਾ ਦਿਨ ਪੂਰਾ ਧਿਆਨ ਲਾ ਕੇ ਵੀਡੀਓ ਗੇਮ ਖੇਡਦੇ ਰਹਿੰਦੇ ਹਨ, ਜਿਸ ਦਾ ਬਹੁਤ ਹੀ ਬੁਰਾ ਅਸਰ ਉਨ੍ਹਾਂ ਦੇ ਸਰੀਰ ਅਤੇ ਦਿਮਾਗ ਉੱਪਰ ਪੈਂਦਾ ਹੈ। ਖੇਡਣ-ਕੁੱਦਣ ਦੀ ਬਜਾਏ ਇਕ ਜਗ੍ਹਾ ਬੈਠੇ ਰਹਿਣ ਕਰਕੇ ਸਰੀਰ 'ਤੇ ਮੋਟਾਪਾ ਵਧ ਜਾਂਦਾ ਹੈ। ਲਗਾਤਾਰ ਸਕਰੀਨ ਵੱਲ ਦੇਖਣ ਕਰਕੇ ਅੱਖਾਂ ਦੀ ਰੌਸ਼ਨੀ ਘਟ ਜਾਂਦੀ ਹੈ ਅਤੇ ਸਰੀਰਕ ਗਤੀਵਿਧੀ ਨਾ ਹੋਣ ਕਰਕੇ ਅਜਿਹੇ ਬੱਚਿਆਂ ਦਾ ਸਰੀਰ ਕਮਜ਼ੋਰ ਅਤੇ ਆਲਸੀ ਬਣ ਜਾਂਦਾ ਹੈ।

ਜਿਹੜੇ ਬੱਚੇ ਖੁੱਲ੍ਹੇ ਮੈਦਾਨਾਂ ਵਿਚ ਸਰੀਰਕ ਖੇਡਾਂ ਖੇਡਦੇ ਹਨ, ਉਹ ਬੱਚੇ ਤੰਦਰੁਸਤ ਰਹਿੰਦੇ ਹਨ। ਅਜਿਹੇ ਬੱਚਿਆਂ ਦਾ ਦਿਮਾਗ ਵੀ ਤਰੋਤਾਜ਼ਾ ਰਹਿੰਦਾ ਹੈ, ਜਿਸ ਕਰਕੇ ਪੜ੍ਹਾਈ ਵਿਚ ਵੀ ਮਨ ਲਗਦਾ ਹੈ ਅਤੇ ਪੜ੍ਹਿਆ ਯਾਦ ਰਹਿੰਦਾ ਹੈ। ਸਰੀਰਕ ਖੇਡਾਂ ਖੇਡਣ ਨਾਲ ਬੱਚੇ ਦਾ ਸਰੀਰਕ ਅਤੇ ਮਾਨਸਿਕ ਵਿਕਾਸ ਹੁੰਦਾ ਹੈ।ਅਜਿਹੇ ਬੱਚੇ ਹਮੇਸ਼ਾ ਚੁਸਤ ਅਤੇ ਚਲਾਕ ਰਹਿੰਦੇ ਹਨ। ਅਜਿਹੇ ਬਹੁਤ ਹੀ ਫਾਇਦੇ ਹਨ, ਜੋ ਸਰੀਰਕ ਖੇਡਾਂ ਖੇਡਣ ਨਾਲ ਮਿਲਦੇ ਹਨ। ਵੀਡੀਓ ਗੇਮਜ਼ ਨਾਲ ਤਾਂ ਬੱਚਿਆਂ ਦਾ ਮਾਨਸਿਕ ਅਤੇ ਸਰੀਰਕ ਨੁਕਸਾਨ ਹੀ ਹੁੰਦਾ ਹੈ।ਅੱਖਾਂ 'ਤੇ ਲੱਗੇ ਮੋਟੇ ਚਸ਼ਮੇ, ਸਰੀਰਕ ਕਮਜ਼ੋਰੀ, ਕੱਦ ਦਾ ਨਾ ਵਧਣਾ, ਮੋਟਾਪਾ ਆਦਿ ਸਰੀਰਕ ਖੇਡਾਂ ਨਾ ਖੇਡਣ ਦਾ ਹੀ ਪ੍ਰਭਾਵ ਹਨ।ਕਈ ਲੋਕਾਂ ਦਾ ਕਹਿਣਾ ਹੈ ਕਿ ਵੀਡੀਓ ਗੇਮਜ਼ ਖੇਡਣ ਨਾਲ ਦਿਮਾਗ ਤੇਜ਼ ਹੁੰਦਾ ਹੈ। ਤਾਂ ਅਜਿਹੇ ਦਿਮਾਗ ਤੇਜ਼ ਕੀਤੇ ਦਾ ਕੀ ਫਾਇਦਾ, ਜਿਸ ਨਾਲ ਸਰੀਰ ਕਮਜ਼ੋਰ ਬਣ ਜਾਵੇ ਤੇ ਬੱਚੇ ਦੀ ਅੱਖਾਂ ਦੀ ਰੌਸ਼ਨੀ ਘਟ ਜਾਵੇ। ਛੋਟੇ-ਛੋਟੇ ਮੈਦਾਨਾਂ ਵਿਚ ਖੇਡਣ ਵਾਲਾ ਉਲੰਪਿਕ ਵਰਗੇ ਪੱਧਰ 'ਤੇ ਖੇਡਦਾ ਦੇਖਿਆ ਗਿਆ ਹੈ।ਇਥੇ ਇਹ ਵਰਨਣਯੋਗ ਹੈ ਕਿ ਜੋ ਸਰੀਕ ਖੇਡਾਂ ਖੇਡਦਾ ਹੈ, ਉਹ ਪੜ੍ਹਦਾ ਵੀ ਬਹੁਤ ਹੁੰਦਾ ਹੈ।

ਇਸ ਲਈ ਮਾਪਿਆਂ ਦਾ ਇਹ ਫਰਜ਼ ਬਣਦਾ ਹੈ ਕਿ ਉਹ ਬੱਚਿਆਂ ਨੂੰ ਵੀਡੀਓ ਗੇਮਜ਼ ਦੀ ਬਜਾਏ ਸਰੀਰਕ ਖੇਡਾਂ ਖਿਡਾਉਣ ਵੱਲ ਧਿਆਨ ਦੇਣ। ਮਾਪੇ ਬੱਚਿਆਂ ਨੂੰ ਸਰੀਰਕ ਖੇਡਾਂ ਬਾਰੇ ਜਾਣਕਾਰੀ ਦੇਣ ਅਤੇ ਬੱਚਿਆਂ ਨੂੰ ਖੇਡਾਂ ਖਿਡਾਉਣ। ਜਿਨ੍ਹਾਂ ਸ਼ਹਿਰਾਂ ਵਿਚ ਮੈਦਾਨਾਂ ਦੀ ਘਾਟ ਹੈ, ਉਥੇ ਮਾਤਾ-ਪਿਤਾ ਜਾਂ ਤਾਂ ਬੱਚਿਆਂ ਨੂੰ ਮੈਦਾਨਾਂ ਵਿਚ ਲੈ ਕੇ ਜਾਣ ਜਾਂ ਫਿਰ ਘਰ ਵਿਚ ਖੇਡੀਆਂ ਜਾਣ ਵਾਲੀਆਂ ਸਰੀਰਕ ਖੇਡਾਂ ਖਿਡਾਈਆਂ ਜਾਣ। ਜਿੰਨਾ ਬੱਚਾ ਖੇਡੇਗਾ, ਓਨਾ ਹੀ ਬੱਚੇ ਦਾ ਸਰੀਰਕ ਤੇ ਮਾਨਸਿਕ ਵਿਕਾਸ ਹੋਵੇਗਾ। ਖੇਡਣ ਨਾਲ ਮਨ ਤਰੋਤਾਜ਼ਾ ਹੁੰਦਾ ਹੈ ਤੇ ਪੜ੍ਹਾਈ ਵੱਲ ਵੀ ਧਿਆਨ ਜ਼ਿਆਦਾ ਜਾਂਦਾ ਹੈ। ਇਸ ਲਈ ਮਾਪੇ ਹੁਣ ਤੋਂ ਹੀ ਇਹ ਟੀਚਾ ਮਿੱਥ ਲੈਣ ਕਿ ਅਸੀਂ ਆਪਣੇ ਬੱਚਿਆਂ ਨੂੰ ਵੀਡੀਓ ਗੇਮ ਦੇ ਜਾਲ ਵਿਚੋਂ ਕੱਢ ਕੇ ਸਰੀਰਕ ਖੇਡਾਂ ਖੇਡਣ ਲਾਉਣਾ ਹੈ, ਜਿਸ ਨਾਲ ਬੱਚਾ ਚੁਸਤ-ਦਰੁਸਤ ਰਹੇਗਾ।

ਕੌਮੀ ਪੱਤ੍ਰਿਕਾ

## ਸੰਪਾਦਕੀ

### ਨਾਗਰਿਕ ਰਜਿਸਟ੍ਰੇਸ਼ਨ ਸਿਸਟਮ ਨੂੰ ਮਜ਼ਬੂਤ ਕਰਨ ਵੱਲ ਇੱਕ ਵੱਡਾ ਕਦਮ

ਸੰਸਦ ਵੱਲੋਂ 'ਜਨਮ ਅਤੇ ਮੌਤ ਰਜਿਸਟ੍ਰੇਸ਼ਨ (ਸੋਧ) ਬਿੱਲ' ਨੂੰ ਪਾਸ ਕਰਨਾ ਭਾਰਤ ਦੇ ਨਾਗਰਿਕ ਰਜਿਸਟ੍ਰੇਸ਼ਨ ਸਿਸਟਮ ਨੂੰ ਮਜ਼ਬੂਤ ਕਰਨ ਵੱਲ ਇੱਕ ਵੱਡਾ ਕਦਮ ਦੱਸਿਆ ਜਾ ਰਿਹਾ ਹੈ। ਇਸ ਨਵੇਂ ਕਾਨੂੰਨ ਤਹਿਤ ਜੇਕਰ ਕਿਸੇ ਦਾ ਜਨਮ ਜਾਂ ਮੌਤ ਦੋ ਸਾਲ ਤੋਂ ਵੱਧ ਸਮਾਂ ਬੀਤ ਜਾਣ ਤੋਂ ਬਾਅਦ ਦਰਜ ਕਰਵਾਈ ਜਾਂਦੀ ਹੈ ਤਾਂ ਹੁਣ ਅਧਿਕਾਰੀਆਂ ਦੀ ਬਜਾਏ ਨਿਆਂਇਕ ਮੈਜਿਸਟਰੇਟ (ਫਸਟ ਕਲਾਸ) ਦੇ ਹੁਕਮਾਂ ਦੀ ਲੋੜ ਪਵੇਗੀ। ਭਾਵੇਂ ਸਰਕਾਰ ਦਾ ਮਕਸਦ ਜਾਅਲੀ ਰਜਿਸਟ੍ਰੇਸ਼ਨਾਂ ਨੂੰ ਰੋਕਣਾ ਹੈ, ਪਰ ਇਸ ਸੋਧ ਨਾਲ ਆਮ ਲੋਕਾਂ ਲਈ ਖੱਜਲ-ਖੁਆਰੀ ਅਤੇ ਪਹੁੰਚ ਨੂੰ ਲੈ ਕੇ ਵੱਡੇ ਸਵਾਲ ਖੜ੍ਹੇ ਹੁੰਦੇ ਹਨ। ਭਾਰਤ ਵਿੱਚ ਹੁਣ 99 ਫ਼ੀਸਦੀ ਤੋਂ ਵੱਧ ਜਨਮ ਅਤੇ ਮੌਤਾਂ ਦਾ ਰਿਕਾਰਡ ਦਰਜ ਹੋ ਜਾਂਦਾ ਹੈ। ਅੱਜ ਅਸਲ ਚੁਣੌਤੀ ਰਜਿਸਟ੍ਰੇਸ਼ਨ ਕਰਵਾਉਣਾ ਨਹੀਂ ਸਗੋਂ ਇਹ ਯਕੀਨੀ ਬਣਾਉਣਾ ਹੈ ਕਿ ਇਹ ਸਭ 21 ਦਿਨਾਂ ਦੇ ਤੈਅ ਸਮੇਂ ਦੇ ਅੰਦਰ ਰਿਪੋਰਟ ਹੋਵੇ। ਨਵੇਂ ਅੜਿੱਕੇ ਖੜ੍ਹੇ ਕਰਨ ਦੀ ਬਜਾਏ ਸਰਕਾਰ ਨੂੰ ਸਮੇਂ ਸਿਰ ਰਜਿਸਟ੍ਰੇਸ਼ਨ ਸੌਖੀ ਬਣਾਉਣ, ਲੋਕਾਂ ਵਿੱਚ ਜਾਗਰੂਕਤਾ ਫੈਲਾਉਣ ਅਤੇ ਪੁਰਾਣੇ ਨਿਯਮਾਂ ਨੂੰ ਸਖ਼ਤੀ ਨਾਲ ਲਾਗੂ ਕਰਨ ਵੱਲ ਧਿਆਨ ਦੇਣਾ ਚਾਹੀਦਾ ਹੈ। ਸਰਕਾਰ ਦਾ ਤਰਕ ਹੈ ਕਿ ਅਦਾਲਤੀ ਜਾਂਚ ਨਾਲ ਧੋਖਾਧੜੀ ਰੁਕੇਗੀ, ਖ਼ਾਸਕਰ ਜਦੋਂ ਜਨਮ ਸਰਟੀਫਿਕੇਟ ਪਛਾਣ ਦਾ ਮੁੱਖ ਸਬੂਤ ਬਣ ਚੁੱਕਾ ਹੈ, ਪਰ ਦੋ ਸਾਲ ਦੀ ਸਮਾਂ-ਸੀਮਾ ਰੱਖਣ ਦਾ ਕੋਈ ਠੋਸ ਆਧਾਰ ਪੇਸ਼ ਨਹੀਂ ਕੀਤਾ ਗਿਆ। ਦੇਰੀ ਨਾਲ ਰਜਿਸਟ੍ਰੇਸ਼ਨ ਪਿੱਛੇ ਅਕਸਰ ਆਮ ਲੋਕਾਂ ਦੀਆਂ ਅਸਲ ਮਜਬੂਰੀਆਂ ਹੁੰਦੀਆਂ ਹਨ; ਜਿਵੇਂ ਦੂਰ-ਦੁਰਾਡੇ ਇਲਾਕਿਆਂ ਵਿੱਚ ਜਨਮ, ਰੁਜ਼ਗਾਰ ਖ਼ਾਤਰ ਪਰਵਾਸ ਅਤੇ ਕਾਨੂੰਨੀ ਜਾਣਕਾਰੀ ਦੀ ਘਾਟ। ਅਜਿਹੇ ਹਾਲਾਤ ਵਿੱਚ ਇਹ ਨਵਾਂ ਕਾਨੂੰਨ ਆਮ ਪਰਿਵਾਰਾਂ ਲਈ ਖੱਜਲ-ਖੁਆਰੀ ਅਤੇ ਮਾਲੀ ਖ਼ਰਚੇ ਨੂੰ ਹੋਰ ਵਧਾ ਦੇਵੇਗਾ। ਸਰਕਾਰ ਨੂੰ ਇਸ ਗੱਲ ਦਾ ਖ਼ਾਸ ਖ਼ਿਆਲ ਰੱਖਣਾ ਚਾਹੀਦਾ ਹੈ ਕਿ ਕਾਨੂੰਨੀ ਨਿਯਮ ਬਣਾਉਂਦੇ ਸਮੇਂ ਆਮ ਲੋਕਾਂ ਦੇ ਬੁਨਿਆਦੀ ਹੱਕਾਂ ਨੂੰ ਕਿਸੇ ਵੀ ਕੀਮਤ ਉੱਤੇ ਢਾਹ ਨਾ ਲੱਗੇ ਅਤੇ ਕਾਨੂੰਨੀ ਅੜਿੱਕੇ ਲੋਕਾਂ ਦੀ ਭਲਾਈ ਦੇ ਰਾਹ ਵਿੱਚ ਰੋੜਾ ਨਾ ਬਣਨ। ਇਹ ਬਿੱਲ ਸੰਸਦ ਦੇ ਦੋਵਾਂ ਸਦਨਾਂ ਵਿੱਚ ਲਗਾਤਾਰ ਹੋ ਰਹੇ ਹੰਗਾਮੇ ਦੌਰਾਨ ਅਤੇ ਬਿਨਾਂ ਕਿਸੇ ਖੁੱਲ੍ਹੀ ਬਹਿਸ ਦੇ ਪਾਸ ਕਰ ਦਿੱਤਾ ਗਿਆ। ਜਿਹੜਾ ਕਾਨੂੰਨ ਹਰ ਨਾਗਰਿਕ ਦੀ ਕਾਨੂੰਨੀ ਪਛਾਣ ਨਾਲ ਜੁੜਿਆ ਹੋਵੇ, ਉਸ 'ਤੇ ਡੂੰਘਾਈ ਨਾਲ ਵਿਚਾਰ-ਚਰਚਾ ਅਤੇ ਸਾਰੀਆਂ ਪਾਰਟੀਆਂ ਦੀ ਸਹਿਮਤੀ ਹੋਣੀ ਚਾਹੀਦੀ ਸੀ। ਸਰਕਾਰ ਚਲਾਉਣ, ਭਲਾਈ ਯੋਜਨਾਵਾਂ ਦਾ ਲਾਭ ਪਹੁੰਚਾਉਣ ਅਤੇ ਚੋਣ ਪ੍ਰਕਿਰਿਆ ਦੀ ਪਵਿੱਤਰਤਾ ਬਣਾਈ ਰੱਖਣ ਲਈ ਇੱਕ ਮਜ਼ਬੂਤ ਰਜਿਸਟ੍ਰੇਸ਼ਨ ਸਿਸਟਮ ਬਹੁਤ ਜ਼ਰੂਰੀ ਹੈ। ਇਸ ਵਿਵਸਥਾ ਦੀ ਅਸਲ ਸਫ਼ਲਤਾ ਸਿਰਫ਼ ਧੋਖਾਧੜੀ ਰੋਕਣ ਤੱਕ ਹੀ ਸੀਮਿਤ ਨਹੀਂ ਹੋਣੀ ਚਾਹੀਦੀ ਸਗੋਂ ਇਹ ਵੀ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਕਿਸੇ ਵੀ ਅਸਲ ਨਾਗਰਿਕ ਨੂੰ ਕਾਨੂੰਨੀ ਮਾਨਤਾ ਤੋਂ ਵਾਂਝਾ ਨਾ ਰਹਿਣਾ ਪਵੇ। ਕਾਨੂੰਨੀ ਨਿਯਮ ਕਦੇ ਵੀ ਲੋਕਾਂ ਦੇ ਹੱਕਾਂ ਵਿੱਚ ਰੁਕਾਵਟ ਨਹੀਂ ਬਣਨੇ ਚਾਹੀਦੇ। ਅਸਲ ਤੇ ਚੰਗਾ ਸ਼ਾਸਨ ਉਹੀ ਹੈ ਜੋ ਪ੍ਰਸ਼ਾਸਕੀ ਪਾਰਦਰਸ਼ਤਾ ਦੇ ਨਾਲ-ਨਾਲ ਆਮ ਲੋਕਾਂ ਦੇ ਹੱਕਾਂ ਦੀ ਪੂਰੀ ਰਾਖੀ ਕਰੇ।

## ਗੁਰਪ੍ਰੀਤ ਡੈਂਟਲ ਹਸਪਤਾਲ ਮਾਛੀਵਾੜਾ ਵਿਖੇ ਲੱਗੀ ਸਿਟੀ ਸਕੈਨ ਮਸ਼ੀਨ

ਮਾਛੀਵਾੜਾ ਸਾਹਿਬ, 11 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਮਾਛੀਵਾੜਾ ਸਾਹਿਬ ਸਥਿਤ ਡਾਕਟਰ ਗੁਰਪ੍ਰੀਤ ਡੈਂਟਲ ਹਸਪਤਾਲ ਵਿਖੇ ਦੰਦਾਂ ਦੀ ਸਿਟੀ ਸਕੈਨ ਆਧੁਨਿਕ ਤਕਨੀਕ ਵਾਲੀ ਮਸ਼ੀਨ ਲਗਾਈ ਗਈ ਹੈ। ਇਸ ਸਬੰਧੀ ਗੱਲਬਾਤ ਕਰਦਿਆਂ ਡਾਕਟਰ ਗੁਰਪ੍ਰੀਤ ਸਿੰਘ ਅਤੇ ਡਾਕਟਰ ਹਰਮਨ ਨੇ ਦੱਸਿਆ ਕਿ ਇਹ ਮਸ਼ੀਨ ਪੰਜਾਬ ਦੇ ਜਲੰਧਰ, ਖੰਨਾ, ਰੋਪੜ ,ਲੁਧਿਆਣਾ, ਅੰਮ੍ਰਿਤਸਰ ਆਦਿ ਕੁਝ ਹੀ ਸ਼ਹਿਰਾਂ ਵਿੱਚ ਲੱਗੀ ਹੋਈ ਹੈ, ਤੇ ਹੁਣ ਮਾਛੀਵਾੜਾ ਸਾਹਿਬ ਵਿਖੇ ਗੁਰਪ੍ਰੀਤ ਡੈਂਟਲ ਹਸਪਤਾਲ ਵਿੱਚ ਇਸ ਮਸ਼ੀਨ ਨੂੰ ਲਗਵਾਇਆ ਗਿਆ ਹੈ ਤਾਂ ਜੋ ਇਲਾਕੇ ਦੇ ਲੋਕਾਂ ਨੂੰ ਦੰਦਾਂ ਜਾੜ੍ਹਾਂ ਦੀ ਸਮੱਸਿਆਵਾਂ ਨੂੰ ਠੀਕ ਕਰਵਾਉਣ ਲਈ ਦੂਰ ਦੁਰਾਡੇ ਨਾ ਜਾਣਾ ਪਵੇ। ਮਸ਼ੀਨ ਬਾਰੇ ਜਾਣਕਾਰੀ ਦਿੰਦਿਆਂ ਉਹਨਾਂ ਦੱਸਿਆ ਕਿ ਇਸ ਨਾਲ ਸਾਰੇ ਜਬਾੜੇ ਦਾ ਸਿਟੀ ਸਕੈਨ ਕੀਤਾ ਜਾਂਦਾ ਹੈ, ਨੈਸ ਦੀ ਮੈਪਿੰਗ ਕਰੀ ਜਾਂਦੀ। ਉਹਨਾਂ ਦੱਸਿਆ ਕਿ ਇਸ ਨਾਲ ਟੁੱਟੇ ਹੋਏ ਜਬਾੜੇ ਦਾ ਸਕੈਨ ਕਰਕੇ ਸਾਰੇ ਜਬਾੜੇ ਨੂੰ ਆਸਾਨੀ ਨਾਲ ਜੋੜਿਆ ਜਾ ਸਕਦਾ ਹੈ। ਦੰਦ ਲਗਾਉਣ ਦੀ ਪਲੈਨਿੰਗ ਇਸ ਨਾਲ ਬੜੀ ਆਸਾਨੀ ਨਾਲ ਹੁੰਦੀ ਹੈ, ਇਸ ਸਾਲ ਜਵਾੜੇ ਵਿੱਚ ਰਸੌਲੀ ਅਤੇ ਦੰਦਾਂ ਦੀ ਸਹੀ ਹਾਲਤ ਦਾ ਆਸਾਨੀ ਨਾਲ ਪਤਾ ਲਗਾਇਆ ਜਾ ਸਕਦਾ ਹੈ। ਉਹਨਾਂ ਦੱਸਿਆ ਕਿ ਇੱਥੇ ਦੰਦ ਜਾੜ੍ਹਾਂ ਦੇ ਮਰੀਜ਼ਾਂ ਨੂੰ ਆਧੁਨਿਕ ਤਕਨੀਕ ਨਾਲ ਤਿਆਰ ਕੀਤੀਆਂ ਮਸ਼ੀਨਾਂ ਰਾਹੀਂ ਬਹੁਤ ਘੱਟ ਅਤੇ ਵਾਜਬ ਰੇਟ ਵਿੱਚ ਇਲਾਜ ਮੁਹੱਈਆ ਕਰਵਾਇਆ ਜਾਂਦਾ ਹੈ।

## ਗੁੰਮਸ਼ੁਦਾ ਬੱਚੀ ਦੇ ਵਾਰਸਾਂ ਦੀ ਭਾਲ, 10 ਸਤੰਬਰ ਤੱਕ ਸੰਪਰਕ ਕਰਨ ਦੀ ਅਪੀਲ

ਪਟਿਆਲਾ, 11 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-



ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਨੇ ਦੱਸਿਆ ਕਿ ਇੱਕ ਗੁੰਮਸ਼ੁਦਾ ਬੱਚੀ ਜੋ ਕਿ ਸਪੈਸ਼ਲ ਹੈ ਅਤੇ ਪਿਛਲੇ ਕਾਫੀ ਸਮੇਂ ਤੋਂ ਬਾਲ ਘਰ ਵਿਖੇ ਰਹਿ ਰਹੀ ਹੈ। ਜਿਸਦੀ ਮੌਜੂਦਾ ਸਮੇਂ ਵਿੱਚ ਉਮਰ ਤਕਰੀਬਨ 12 ਸਾਲ ਹੈ ਅਤੇ ਬੱਚੀ ਦਾ ਰੰਗ ਸਾਂਵਲਾ ਹੈ। ਇਸ ਬੱਚੀ ਦੇ ਵਾਰਸਾ ਦੀ ਬਹੁਤ ਭਾਲ ਕੀਤੀ ਗਈ ਹੈ ਪਰੰਤੂ ਇਸ ਬੱਚੀ ਦਾ ਕੋਈ ਵੀ ਜਾਣਕਾਰ ਦਾ ਪਤਾ ਨਹੀ ਲਗਿਆ ਹੈ। ਇਸ ਲਈ ਹੁਣ ਇਹ ਆਖਰੀ ਜਨਤਕ ਸੂਚਨਾ ਦਿੱਤੀ ਜਾਂਦੀ ਹੈ ਕਿ ਜੇਕਰ ਇਸ ਬੱਚੀ ਦੇ ਪਰਿਵਾਰ ਬਾਰੇ ਕੋਈ ਵੀ ਜਾਣਕਾਰੀ ਮਿਲਦੀ ਹੈ ਤਾਂ ਦਫਤਰ ਜ਼ਿਲ੍ਹਾ ਬਾਲ ਸੁਰੱਖਿਆ ਅਫਸਰ, ਪਟਿਆਲਾ, ਕਮਰਾ ਨੰ. 150 ਬਲਾਕ ਸੀ ਐਕਸਟੈਨਸ਼ਨ ਮਿਨੀ ਸਕੱਤਰੇਤ ਪਟਿਆਲਾ, ਫੋਨ ਨੰ. 0175-2353523, ਈ ਮੇਲ.- dcpo.patiala@gmail.com ਅਤੇ 1098 ਚਾਈਲਡ ਹੈਲਪ ਲਾਈਨ ਪਟਿਆਲਾ ਤੇ ਮਿਤੀ 10-09-2026 ਤੱਕ ਸੰਪਰਕ ਕੀਤਾ ਜਾਵੇ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਬੱਚੇ ਨੂੰ ਅਡਾਪਟ ਕਰਵਾਉਣ ਲਈ ਲੀਗਲੀ ਫਰੀ ਕਰ ਦਿੱਤਾ ਜਾਵੇਗਾ।

## ਤੇਲ ਮਿੱਲਾਂ ਦੀ ਸਥਾਪਨਾ ਲਈ ਸਬਸਿਡੀ ਲਈ ਅਰਜ਼ੀਆਂ 10 ਅਗਸਤ ਤੱਕ ਜਮਾ ਕਰਵਾਓ : ਮੁੱਖ ਖੇਤੀਬਾੜੀ ਅਫ਼ਸਰ

ਬਠਿੰਡਾ, 11 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਖੇਤੀਬਾੜੀ ਅਫ਼ਸਰ, ਡਾ. ਹਰਪ੍ਰੀਤ ਪਾਲ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪੰਜਾਬ ਵੱਲੋਂ ਨੈਸ਼ਨਲ ਮਿਸ਼ਨ ਆਨ ਐਡਿਬਲ ਆਇਲਜ਼-ਆਇਲਸੀਡਸ ਤਹਿਤ ਤੇਲਬੀਜ ਫ਼ਸਲਾਂ ਦੀ ਖੇਤੀ ਨੂੰ ਉਤਸ਼ਾਹਿਤ ਕਰਨ ਲਈ ਤੇਲ ਕੱਢਣ ਵਾਲੀਆਂ ਮਿੱਲਾਂ ਦੀ ਸਥਾਪਨਾ ਲਈ 33 ਫ਼ੀਸਦੀ ਸਬਸਿਡੀ (ਵੱਧ ਤੋਂ ਵੱਧ 9.90 ਲੱਖ ਰੁਪਏ) ਪ੍ਰਦਾਨ ਕੀਤੀ ਜਾ ਰਹੀ ਹੈ।



ਉਨ੍ਹਾਂ ਦੱਸਿਆ ਕਿ ਇੱਛੁਕ ਬਿਨੈਕਾਰ ਆਪਣੀਆਂ ਅਰਜ਼ੀਆਂ 10 ਅਗਸਤ, 2026 ਤੱਕ ਜਮ੍ਹਾਂ ਕਰਵਾ ਸਕਦੇ ਹਨ। ਇਸ ਸਕੀਮ ਤਹਿਤ ਕਿਸਾਨ ਉਤਪਾਦਕ ਸੰਸਥਾਵਾਂ, ਸਹਿਕਾਰੀ ਸਭਾਵਾਂ, ਸਰਕਾਰੀ/ਗੈਰ ਸਰਕਾਰੀ ਇੰਡਸਟਰੀ/ ਕਾਰਪੋਰੇਸ਼ਨ ਅਤੇ ਹੋਰ ਯੋਗ ਬਿਨੈਕਾਰਾਂ ਨੂੰ ਸਬਸਿਡੀ ਦਾ ਲਾਭ ਦਿੱਤਾ ਜਾਵੇਗਾ।

ਇਸ ਸਕੀਮ ਦਾ ਉਦੇਸ਼ ਤੇਲ ਬੀਜਾਂ ਦੀ ਪ੍ਰੋਸੈਸਿੰਗ ਕਰਕੇ ਤੇਲ ਉਤਪਾਦਾਂ ਨਾਲ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਕਰਨਾ ਹੈ। ਯੋਗਤਾ, ਸਬਸਿਡੀ ਦੀ ਦਰ, ਲੋੜੀਂਦੇ ਦਸਤਾਵੇਜ਼ ਅਤੇ ਹੋਰ ਵਿਸਥਾਰਿਤ ਜਾਣਕਾਰੀ ਲਈ ਬਿਨੈਕਾਰ ਆਪਣੇ ਬਲਾਕ ਖੇਤੀਬਾੜੀ ਦਫ਼ਤਰ ਜਾਂ ਮੁੱਖ ਖੇਤੀਬਾੜੀ ਅਫ਼ਸਰ, ਬਠਿੰਡਾ ਦੇ ਦਫ਼ਤਰ ਨਾਲ ਸੰਪਰਕ ਕਰ ਸਕਦੇ ਹਨ।

ਮੁੱਖ ਖੇਤੀਬਾੜੀ ਅਫ਼ਸਰ ਨੇ ਸਮੂਹ ਯੋਗ ਬਿਨੈਕਾਰਾਂ ਨੂੰ ਅਪੀਲ ਕੀਤੀ ਕਿ ਉਹ ਸਰਕਾਰ ਦੀ ਇਸ ਲੋਕ-ਭਲਾਈ ਸਕੀਮ ਦਾ ਵੱਧ ਤੋਂ ਵੱਧ ਲਾਭ ਉਠਾਉਂਦੇ ਹੋਏ ਆਪਣੀਆਂ ਅਰਜ਼ੀਆਂ ਨਿਰਧਾਰਿਤ ਸਮੇਂ ਅੰਦਰ ਜ਼ਰੂਰ ਜਮ੍ਹਾਂ ਕਰਵਾਉਣ। ਉਹਨਾਂ ਅੱਗੇ ਦੱਸਿਆ ਕਿ ਜੇਕਰ ਪ੍ਰਾਪਤ ਅਰਜ਼ੀਆਂ ਦੀ ਗਿਣਤੀ ਨਿਰਧਾਰਿਤ ਸੀਮਾ ਤੋਂ ਵੱਧ ਹੁੰਦੀ ਹੈ ਤਾਂ ਲਾਭਪਾਤਰੀਆਂ ਦੀ ਚੋਣ ਆਇਲਸੀਡਸ ਮਿਸ਼ਨ ਤਹਿਤ ਗਠਿਤ ਜ਼ਿਲ੍ਹਾ ਪੱਧਰੀ ਕਮੇਟੀ ਵਲੋਂ ਕੀਤੀ ਜਾਵੇਗੀ ਅਤੇ ਕਮੇਟੀ ਦਾ ਫੈਸਲਾ ਅੰਤਿਮ ਹੋਵੇਗਾ।

## ਬਟਾਲਾ ਵਿਖੇ ਆਜ਼ਾਦੀ ਦਿਵਸ ਮਨਾਉਣ ਸਬੰਧੀ ਸੱਭਿਆਚਾਰਕ ਸਮਾਗਮ ਦੀਆਂ ਰਿਹਰਸਲਾਂ 10, 12 ਅਤੇ 13 ਅਗਸਤ ਨੂੰ ਹੋਣਗੀਆਂ

ਬਟਾਲਾ, 11 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਸਰਕਾਰੀ ਪੋਲੀਟੈਕਨਿਕ ਕਾਲਜ ਬਟਾਲਾ ਦੇ ਰਾਜੀਵ ਗਾਂਧੀ ਖੇਡ ਸਟੇਡੀਅਮ ਵਿਖੇ ਹਰ ਸਾਲ ਦੀ ਤਰਾਂ ਇਸ ਵਾਰ ਵੀ 15 ਅਗਸਤ ਨੂੰ ਆਜ਼ਾਦੀ ਦਿਵਸ ਪੂਰੇ ਉਤਸ਼ਾਹ ਨਾਲ ਮਨਾਇਆ ਜਾਵੇਗਾ।

ਅਰਜਨ ਸਿੰਘ ਗਰੇਵਾਲ ਤਹਿਸੀਲਦਾਰ ਨੇ ਦੱਸਿਆ ਕਿ ਆਜ਼ਾਦੀ ਦਿਵਸ ਮਨਾਉਣ ਸਬੰਧੀ ਸੱਭਿਆਚਾਰਕ ਸਮਾਗਮ ਦੀਆਂ ਰਿਹਰਸਲਾਂ 10, 12 ਅਤੇ 13 ਅਗਸਤ ਨੂੰ ਹੋਣਗੀਆਂ।ਉਨ੍ਹਾਂ ਦੱਸਿਆ ਕਿ 10 ਅਤੇ 12 ਅਗਸਤ ਨੂੰ ਸ਼ਿਵ ਕੁਮਾਰ ਬਟਾਲਵੀ ਆਡੀਟੋਰੀਅਮ ਬਟਾਲਾ ਵਿਖੇ ਸਵੇਰੇ 9 ਵਜੇ ਰਿਹਰਸਲਾਂ ਹੋਣਗੀਆਂ ਅਤੇ ਫੁੱਲ ਡਰੈੱਸ ਰਿਹਰਸਲ 13 ਅਗਸਤ ਨੂੰ ਸਰਕਾਰੀ ਪੋਲੀਟੈਕਨਿਕ ਕਾਲਜ ਬਟਾਲਾ ਦੇ ਰਾਜੀਵ ਗਾਂਧੀ ਖੇਡ ਸਟੇਡੀਅਮ ਵਿਖੇ ਹੋਵੇਗੀ।




ਉਨ੍ਹਾਂ ਦੱਸਿਆ ਕਿ ਵਿਭਾਗਾਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਜਾ ਚੁੱਕੀ ਹੈ ਕਿ ਆਜ਼ਾਦੀ ਦਿਵਸ ਸਮਾਗਮ ਦੌਰਾਨ ਲੋਕਾਂ ਦੇ ਬੈਠਣ, ਪੀਣ ਲਈ ਸਾਫ ਪਾਣੀ ਅਤੇ ਦੋ ਵਾਹਨਾਂ ਲਈ ਪਾਰਕਿੰਗ ਦੇ ਵਿਸ਼ੇਸ਼ ਪ੍ਰਬੰਧ ਕੀਤੇ ਜਾਣ। ਕਾਰਪੋਰੇਸ਼ਨ ਬਟਾਲਾ ਨੂੰ ਸਮਾਗਮ ਵਾਲੇ ਸਥਾਨ ਅਤੇ ਸ਼ਹਿਰ ਵਿੱਚ ਸਫ਼ਾਈ ਦੇ ਪ੍ਰਬੰਧਾਂ ਦਾ ਖਾਸ ਖਿਆਲ ਰੱਖਣ ਲਈ ਕਿਹਾ ਗਿਆ ਹੈ।

## ਐੱਚ.ਆਈ.ਵੀ./ਏਡਜ਼ ਬਾਰੇ ਜਾਗਰੂਕਤਾ ਸਬੰਧੀ ਜ਼ਿਲ੍ਹਾ ਪੱਧਰੀ ਮੈਰਾਥਨ 'ਚ ਦੌੜੇ ਨੌਜਵਾਨ

ਜਲੰਧਰ, 11 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਯੁਵਕ ਸੇਵਾਵਾਂ ਵਿਭਾਗ, ਜਲੰਧਰ ਵੱਲੋਂ ਪੰਜਾਬ ਰਾਜ ਏਡਜ਼ ਕੰਟਰੋਲ ਸੁਸਾਇਟੀ ਚੰਡੀਗੜ੍ਹ ਦੇ ਸਹਿਯੋਗ ਨਾਲ ਲਾਇਲਪੁਰ ਖਾਲਸਾ ਕਾਲਜ ਦੇ ਖੇਡ ਮੈਦਾਨ ਵਿੱਚ ਰੈੱਡ ਰਿਬਨ ਕਲੱਬਾਂ ਦੀ ਜ਼ਿਲ੍ਹਾ ਪੱਧਰੀ ਮੈਰਾਥਨ ਕਰਵਾਈ ਗਈ।

ਸਹਾਇਕ ਡਾਇਰੈਕਟਰ, ਯੁਵਕ ਸੇਵਾਵਾਂ ਜਲੰਧਰ ਰਵੀ ਦਾਰਾ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਪ੍ਰੋਗਰਾਮ ਦਾ ਉਦੇਸ਼ ਨੌਜਵਾਨਾਂ ਨੂੰ ਐੱਚ.ਆਈ.ਵੀ./ ਏਡਜ਼ ਵਰਗੀ ਬਿਮਾਰੀ ਅਤੇ ਨਸ਼ੇ ਦੀ ਸਮੱਸਿਆ ਪ੍ਰਤੀ ਜਾਗਰੂਕ ਕਰਨਾ ਸੀ।

## ਵੱਖ ਵੱਖ ਵਿਭਾਗਾਂ ਵਲੋਂ ਟਰੇਡਰਜ਼ ਕਮਿਸ਼ਨ ਨਾਲ ਸਬੰਧਤ ਸਮੱਸਿਆਵਾਂ ਦਾ ਕੀਤਾ ਜਾ ਰਿਹਾ ਨਿਪਟਾਰਾ




ਗੁਰਦਾਸਪੁਰ, 11 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਸ੍ਰੀ ਆਦਿਤਿਆ ਉੱਪਲ, ਡਿਪਟੀ ਕਮਿਸ਼ਨਰ ਗੁਰਦਾਸਪੁਰ ਵੱਲੋਂ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਕਾਨਫਰੰਸ ਹਾਲ ਵਿਖੇ ਟਰੇਡਰਜ਼ ਕਮਿਸ਼ਨ ਨਾਲ ਸਬੰਧਤ ਮੁਸ਼ਕਿਲਾਂ ਦੇ ਹੱਲ ਲਈ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਅਧਿਕਾਰੀਆਂ ਨੂੰ ਨਿਸ਼ਚਿਤ ਸਮੇਂ ਅੰਦਰ ਮੁਸ਼ਕਿਲਾਂ ਹੱਲ ਕਰਨ ਲਈ ਦਿਸ਼ਾ-ਨਿਰਦੇਸ਼ ਦਿੱਤੇ ਗਏ। ਇਸ ਮੌਕੇ ਚਰਨਜੀਤ ਸਿੰਘ ਪਾਰੋਵਾਲ, ਜ਼ਿਲ੍ਹਾ ਇੰਚਾਰਜ ਟਰੇਡਰਜ਼ ਕਮਿਸ਼ਨ ਗੁਰਦਾਸਪੁਰ, ਜੁਗਰਾਜ ਸਿੰਘ ਐਸ ਪੀ (ਐੱਚ) ਗੁਰਦਾਸਪੁਰ, ਰਮਨਦੀਪ ਸਿੰਘ ਐਸ ਪੀ ਬਟਾਲਾ, ਡੀ.ਡੀ.ਪੀ.ਓ ਹਰਪ੍ਰੀਤ ਸਿੰਘ ਸਮੇਤ ਹਲਕਿਆਂ ਦੇ ਚੇਅਰਮੈਨ ਅਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਵਲੋਂ ਸਮੂਹ ਅਧਿਕਾਰੀਆਂ ਨੂੰ ਟਰੇਡਰਜ਼ ਕਮਿਸ਼ਨ ਨਾਲ ਸਬੰਧਤ ਮੁਸ਼ਕਿਲਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਨ ਹਦਾਇਤ ਕਰਦਿਆਂ ਕਿਹਾ ਕਿ ਉਨ੍ਹਾਂ ਵਲੋਂ ਰੈਗੂਲਰ ਮੀਟਿੰਗ ਕਰਨ ਦਾ ਮੁੱਖ ਇਹੀ ਮੰਤਵ ਹੈ ਕਿ ਮੁਸ਼ਕਿਲਾਂ ਨੂੰ ਸਮੇਂ ਸਿਰ ਹੱਲ ਕੀਤਾ ਜਾ ਸਕੇ।

ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਵਲੋਂ ਹਲਕਾ ਵਾਈਜ਼ ਪੋਰਟਲ 'ਤੇ ਪ੍ਰਾਪਤ ਸਮੱਸਿਆਵਾਂ ਸਬੰਧੀ ਵੱਖ ਵੱਖ ਵਿਭਾਗਾਂ ਵਲੋਂ ਕੀਤੇ ਗਏ ਕੰਮਾਂ ਅਤੇ ਜਿਨ੍ਹਾਂ ਮੁਸ਼ਕਿਲਾਂ ਦਾ ਨਿਪਟਾਰਾ ਅਜੇ ਤੱਕ ਨਹੀ ਕੀਤਾ ਗਿਆ ਸਬੰਧੀ ਵਿਸਥਾਰ ਵਿੱਚ ਜਾਣਕਾਰੀ ਲਈ ਗਈ। ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਰਹਿੰਦੀਆਂ ਮੁਸ਼ਕਿਲਾਂ ਦਾ ਜਲਦ ਹੱਲ ਕਰਨ ਲਈ ਦਿਸ਼ਾ ਨਿਰਦੇਸ਼ ਦਿੱਤੇ।

ਮੀਟਿੰਗ ਦੌਰਾਨ ਅਧਿਕਾਰੀਆਂ ਦੱਸਿਆ ਕਿ ਟਰੇਡਰਸ ਕਮਿਸ਼ਨ ਨਾਲ ਸਬੰਧਤ ਮੁਸ਼ਕਿਲਾਂ ਦਾ ਨਿਪਟਾਰਾ ਕੀਤਾ ਜਾ ਰਿਹਾ ਹੈ ਅਤੇ ਪੇਡਿੰਗ ਮੁਸ਼ਕਿਲਾਂ ਨੂੰ ਵੀ ਜਲਦ ਹੱਲ ਕਰ ਦਿੱਤਾ ਜਾਵੇਗਾ।

ਮੀਟਿੰਗ ਵਿੱਚ ਜਿਲ੍ਹਾ ਟਰੇਡਰਜ਼ ਕਮਿਸ਼ਨ ਵਲੋਂ ਵੱਖ ਵੱਖ ਮੁਸ਼ਕਿਲਾਂ ਦੱਸੀਆਂ ਗਈਆਂ ਜਿਵੇਂ ਬਿਜਲੀ ਦੀਆਂ ਤਾਰਾਂ ਉੱਚੀਆਂ ਕਰਨ ਸਬੰਧੀ, ਸਟਰੀਟ ਲਾਈਟਾਂ ਲਗਾਉਣ ਸਬੰਧੀ, ਫਾਸਟ ਫੂਡ ਰੇਹੜੀਆਂ ਦੀ ਚੈਕਿੰਗ ਕਰਨ ਸਬੰਧੀ, ਸੀਵਰੇਜ਼ ਦੀ ਸਮੱਸਿਆ, ਨਾਜਾਇਜ਼ ਕਬਜ਼ੇ ਹਟਾਉਣ ਸਬੰਧੀ, ਟਰੈਫਿਕ ਦੀ ਸਮੱਸਿਆ, ਟਰੈਫਿਕ ਲਾਈਟਾਂ ਲਗਾਉਣ, ਸਫਾਈ ਸਬੰਧੀ, ਬਾਜਾਰਾਂ ਵਿਚੋਂ ਨਾਜਾਇਜ਼ ਕਬਜੇ ਹਟਾਉਣ, ਬਾਜਾਰਾਂ ਵਿੱਚ ਸੀਸੀਟੀਵੀ ਕੈਮਰੇ ਲਗਾਉਣ ਸਬੰਧੀ, ਨਾਲਿਆਂ ਦੀ ਸਫਾਈ ਕਰਵਾਉਣ ਆਦਿ ਸਬੰਧੀ ਮੁਸ਼ਕਿਲਾਂ ਦੱਸੀਆਂ ਗਈਆਂ।

ਇਸ ਮੌਕੇ ਡਿਪਟੀ ਕਮਿਸ਼ਨਰ ਵਲੋਂ ਸਬੰਧਿਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਸ਼ਿਕਾਇਤਾਂ ਦੇ ਤੁਰੰਤ ਹੱਲ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਕਿਸੇ ਵੀ ਸ਼ਿਕਾਇਤ ਦੇ ਹੱਲ ਵਿੱਚ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਇਸ ਮੌਕੇ ਜ਼ਿਲ੍ਹਾ ਟਰੇਡਰਜ਼ ਕਮਿਸ਼ਨ ਗੁਰਦਾਸਪੁਰ ਦੇ ਜ਼ਿਲ੍ਹਾ ਇੰਚਾਰਜ ਚਰਨਜੀਤ ਸਿੰਘ ਪਾਰੋਵਾਲ ਨੇ ਸਮੂਹ ਅਧਿਕਾਰੀਆਂ ਨੂੰ ਕਿਹਾ ਕਿ ਉਹ ਆਪਣੇ ਆਪਣੇ ਹਲਕੇ ਦੇ ਟਰੇਡਰਜ਼ ਕਮਿਸ਼ਨ ਦੇ ਚੇਅਰਮੈਨ ਨਾਲ ਰਾਬਤਾ ਕਰਨ ਕਰਕੇ ਸਮੱਸਿਆਵਾਂ ਦਾ ਹੋਰ ਤੇਜ਼ੀ ਨਾਲ ਨਿਪਟਾਰਾ ਕਰਨ ਨੂੰ ਯਕੀਨੀ ਬਣਾਉਣ।

ਉਨ੍ਹਾਂ ਅੱਗੇ ਦੱਸਿਆ ਕਿ ਵਪਾਰੀਆਂ ਦੀਆਂ ਸ਼ਿਕਾਇਤਾਂ ਦਾ ਨਿਪਟਾਰਾ ਕਰਨ ਲਈ ਸਰਕਾਰ ਦੇ ਪੋਰਟਲ 'ਤੇ ਸ਼ਿਕਾਇਤਾਂ ਦਰਜ ਕੀਤੀਆਂ ਜਾ ਰਹੀਆਂ ਹਨ ਅਤੇ ਉਨ੍ਹਾਂ ਦੇ ਹੱਲ ਦੀ ਨਿਗਰਾਨੀ ਵੀ ਕੀਤੀ ਜਾ ਰਹੀ ਹੈ, ਜਿਸ ਸਬੰਧੀ ਇਹ ਮੀਟਿੰਗ ਡਿਪਟੀ ਕਮਿਸ਼ਨਰ ਦੀ ਪ੍ਰਧਾਨਗੀ ਹੇਠ ਕੀਤੀ ਜਾਂਦੀ ਹੈ ਅਤੇ ਵੱਖ ਵੱਖ ਵਿਭਾਗਾਂ ਵਲੋਂ ਸਮੱਸਿਆਵਾਂ ਹੱਲ ਕੀਤੀਆਂ ਜਾ ਰਹੀਆਂ ਹਨ।

ਇਸ ਮੌਕੇ ਕਿਰਪਾਲ ਸਿੰਘ ਚੇਅਰਮੈਨ ਵਪਾਰ ਕਮਿਸ਼ਨ ਹਲਕਾ ਬਟਾਲਾ, ਵਿਪਨ ਸੋਨੀ ਚੇਅਰਮੈਨ ਹਲਕਾ ਡੇਰਾ ਬਾਬਾ ਨਾਨਕ, ਚੇਅਰਮੈਨ ਰਾਜੀਵ ਸੈਣੀ ਹਲਕਾ ਦੀਨਾਨਗਰ, ਚੇਅਰਮੈਨ ਰਜਿੰਦਰ ਨੰਦਾ ਹਲਕਾ ਗੁਰਦਾਸਪੁਰ, ਚੇਅਰਮੈਨ ਰੁਪਿੰਦਰ ਸਿੰਘ ਰੋਮੀ ਹਲਕਾ ਸ਼੍ਰੀ ਹਰਗੋਬਿੰਦਪੁਰ ਸਾਹਿਬ, ਚੇਅਰਮੈਨ ਅਸ਼ਵਨੀ ਦੁੱਗਲ ਹਲਕਾ ਕਾਦੀਆਂ, ਚੇਅਰਮੈਨ ਗੁਰਪ੍ਰੀਤ ਸਿੰਘ ਹਲਕਾ ਫਤਹਿਗੜ੍ਹ ਚੂੜੀਆਂ ਅਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

## ਮੇਅਰ ਭੁਪਿੰਦਰ ਸਿੰਘ ਬਾਜਵਾ ਨੇ ਬਟਾਲਾ ਦੇ ਡੇਰਾ ਬਾਬਾ ਨਾਨਕ ਰੋਡ ਤੇ ਸਟਰੀਟ ਲਾਈਟਾਂ ਦਾ ਲਿਆ ਜਾਇਜ਼ਾ

ਬਟਾਲਾ, 11 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਬਟਾਲਾ ਨਗਰ ਨਿਗਮ ਦੇ ਨਵ ਨਿਯੁਕਤ ਮੇਅਰ ਭੁਪਿੰਦਰ ਸਿੰਘ ਬਾਜਵਾ ਵਲੋਂ ਬਟਾਲਾ ਦੇ ਡੇਰਾ ਬਾਬਾ ਨਾਨਕ ਰੋਡ 'ਤੇ ਸਟਰੀਟ ਲਾਈਟਾਂ ਦਾ ਜਾਇਜ਼ਾ ਗਿਆ ਅਤੇ ਉਨ੍ਹਾਂ ਕਿਹਾ ਕਿ ਜੋ ਖਰਾਬ ਲਾਈਟਾਂ ਹਨ ਉਨ੍ਹਾਂ ਨੂੰ ਜਲਦੀ ਬਦਲਿਆ ਜਾਵੇਗਾ ਤਾਂ ਜੋ ਲੋਕਾਂ ਨੂੰ ਕੋਈ ਪਰੇਸ਼ਾਨੀ ਪੇਸ਼ ਨਾ ਆਵੇ। ਇਸ ਮੌਕੇ ਸੀਨੀਅਰ ਆਗੂ ਪ੍ਰਦੀਪ ਕੁਮਾਰ, ਦਾਸ ਕਰਨ ਸੰਧੂ ਆਦਿ ਮੌਜੂਦ ਸਨ।



ਇਸ ਮੌਕੇ ਗੱਲਬਾਤ ਕਰਦਿਆਂ ਮੇਅਰ ਭੁਪਿੰਦਰ ਸਿੰਘ ਨੇ ਕਿਹਾ ਕਿ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਸ਼ੈਰੀ ਕਲਸੀ ਦੀ ਅਗਵਾਈ ਵਿੱਚ ਬਟਾਲਾ ਸ਼ਹਿਰ 'ਚ ਪਿਛਲੇ ਚਾਰ ਸਾਲਾਂ ਵਿੱਚ ਵੱਖ ਵੱਖ ਵਿਕਾਸ ਕਾਰਜ ਕਰਵਾ ਕੇ ਸ਼ਹਿਰ ਦੀ ਨੁਹਾਰ ਬਦਲੀ ਗਈ ਹੈ।

ਉਨ੍ਹਾਂ ਨੇ ਕਿਹਾ ਕਿ ਬਟਾਲਾ ਸ਼ਹਿਰ ਵਾਸੀਆਂ ਨੇ ਜੋ ਜ਼ਿੰਮੇਵਾਰੀ ਉਨ੍ਹਾਂ ਸੌਂਪੀ ਹੈ, ਉਹ ਦਿਨ-ਰਾਤ ਲੋਕਾਂ ਦੀ ਸੇਵਾ ਵਿੱਚ ਹਾਜ਼ਰ ਹਨ ਅਤੇ ਲੋਕਾਂ ਦੀਆਂ ਚਿਰੋਕਣੀਆਂ ਮੰਗਾਂ ਨੂੰ ਪੂਰਾ ਕੀਤਾ ਜਾ ਰਿਹਾ ਹੈ ਅਤੇ ਲੋਕਾਂ ਨੂੰ ਮਿਲ ਕੇ ਉਨਾਂ ਦੀਆਂ ਦੁੱਖ-ਤਕਲੀਫਾਂ ਦੂਰ ਕੀਤੀਆਂ ਜਾ ਰਹੀਆਂ ਹਨ।

ਬਟਾਲਾ ਸ਼ਹਿਰ ਦੇ ਵਿਕਾਸ ਕਾਰਜਾਂ ਦੀ ਗੱਲ ਕਰਦਿਆਂ ਉਨ੍ਹਾਂ ਦੱਸਿਆ ਕਿ ਵਿਧਾਇਕ ਸ਼ੈਰੀ ਕਲਸੀ ਦੀ ਅਗਵਾਈ ਹੇਠ ਲੋਕਾਂ ਦੀ ਆਵਾਜਾਈ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਸ਼ਹਿਰ ਵਿਚਲੀਆਂ ਸੜਕਾਂ ਅਤੇ ਚੌਂਕਾਂ ਨੂੰ ਚੌੜਾ ਕੀਤਾ ਗਿਆ ਹੈ। ਸ਼ਹਿਰ ਵਿਚਲੇ ਚੌਂਕਾਂ ਨੂੰ ਚੌੜਿਆਂ ਕਰਕੇ ਖੂਬਸੂਰਤ ਦਿੱਖ ਦਿੱਤੀ ਗਈ ਹੈ। ਸ਼ਹਿਰ ਵਿੱਚ ਲਾਇਬ੍ਰੇਰੀ ਦੀ ਇਮਾਰਤ ਜਿਸਦੀ ਹਾਲਤ ਬਹੁਤ ਖਸਤਾ ਸੀ, ਉਸ ਦੀ ਨਵੀ ਇਮਾਰਤ ਉਸਾਰੀ ਗਈ ਹੈ। ਸੁੱਖਾ ਸਿੰਘ-ਮਹਿਤਾਬ ਸਿੰਘ ਚੌਂਕ ਵਿੱਖੇ ਸ਼ਾਨਦਾਰ ਕਲਾਕ ਟਾਵਰ ਲਗਾ ਕੇ ਉਸਾਰੀ ਕਰਵਾਈ ਗਈ ਹੈ। ਸ਼ਹਿਰ ਵਾਸੀਆਂ ਨੂੰ ਸਾਫ਼ ਸੁਥਰਾ ਪੀਣ ਵਾਲਾ ਪਾਣੀ ਮੁਹੱਈਆ ਕਰਵਾਉਣ ਲਈ ਵਿਕਾਸ ਕੰਮ ਕਰਵਾਇਆ ਗਿਆ ਹੈ। ਇਸ ਤੋਂ ਇਲਾਵਾ ਵੱਖ ਵੱਖ ਵਿਕਾਸ ਕਾਰਜ ਪ੍ਰਗਤੀ ਅਧੀਨ ਹਨ।

## ਵਿਕਾਸ ਕਾਰਜਾਂ ਨੂੰ ਨਿਰਧਾਰਤ ਸਮਾਂ-ਸੀਮਾ ਅਨੁਸਾਰ ਮੁਕੰਮਲ ਕੀਤਾ ਜਾਵੇ : ਸੰਜੀਵ ਕੁਮਾਰ



ਤਰਨਤਾਰਨ, 11 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਤਰਨ ਤਾਰਨ ਸੰਜੀਵ ਕੁਮਾਰ ਦੀ ਪ੍ਰਧਾਨਗੀ ਹੇਠ ਅੱਜ ਜ਼ਿਲ੍ਹਾ ਤਰਨ ਤਾਰਨ ਵਿੱਚ ਵੱਖ-ਵੱਖ ਵਿਕਾਸ ਕਾਰਜਾਂ ਅਤੇ ਸਰਕਾਰੀ ਯੋਜਨਾਵਾਂ ਦੀ ਪ੍ਰਗਤੀ ਸਬੰਧੀ ਸਮੀਖਿਆ ਮੀਟਿੰਗ ਕੀਤੀ ਗਈ।ਵਧੀਕ ਡਿਪਟੀ ਕਮਿਸ਼ਨਰ ਵੱਲੋਂ ਸਮੂਹ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਕਿ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਯੋਜਨਾਵਾਂ ਅਤੇ ਵਿਕਾਸ ਕਾਰਜਾਂ ਨੂੰ ਗੁਣਵੱਤਾ, ਪਾਰਦਰਸ਼ਤਾ ਅਤੇ ਨਿਰਧਾਰਤ ਸਮਾਂ-ਸੀਮਾ ਅਨੁਸਾਰ ਮੁਕੰਮਲ ਕੀਤਾ ਜਾਵੇ ਅਤੇ ਜ਼ਮੀਨੀ ਪੱਧਰ 'ਤੇ ਲੋਕਾਂ ਨੂੰ ਇਨ੍ਹਾਂ ਦਾ ਵੱਧ ਤੋਂ ਵੱਧ ਲਾਭ ਯਕੀਨੀ ਬਣਾਇਆ ਜਾਵੇ।

ਮੀਟਿੰਗ ਦੌਰਾਨ ਪਿੰਡਾਂ ਵਿੱਚ ਸੋਕ ਪਿੱਟਾਂ ਦੀ ਉਸਾਰੀ ਅਤੇ ਵਰਤੋਂ, ਪਾਣੀ ਦੀ ਸੰਭਾਲ ਅਤੇ ਲੋਕਾਂ ਵਿੱਚ ਜਾਗਰੂਕਤਾ ਪੈਦਾ ਕਰਨ ਲਈ ਜਲ ਸ਼ਕਤੀ ਅਭਿਆਨ 'ਕੈਚ ਦਾ ਰੇਨ' ਮੁਹਿੰਮ ਸਬੰਧੀ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ।

ਵਧੀਕ ਡਿਪਟੀ ਕਮਿਸ਼ਨਰ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਪਾਣੀ ਦੀ ਬੱਚਤ, ਬਾਰਿਸ਼ ਦੇ ਪਾਣੀ ਦੀ ਸੰਭਾਲ ਅਤੇ ਰੀਚਾਰਜ ਸਬੰਧੀ ਵੱਧ ਤੋਂ ਵੱਧ ਜਾਗਰੂਕਤਾ ਗਤੀਵਿਧੀਆਂ ਕਰਵਾਈਆਂ ਜਾਣ।

ਇਸ ਤੋਂ ਇਲਾਵਾ ਪਿੰਡਾਂ ਵਿੱਚ ਠੋਸ ਕੂੜਾ ਪ੍ਰਬੰਧਨ ਦੇ ਕੰਮਾਂ, ਘਰ-ਘਰ ਕੂੜਾ ਇਕੱਠਾ ਕਰਨ, ਸਰੋਤ ਪੱਧਰ 'ਤੇ ਕੂੜੇ ਦੀ ਵੱਖ-ਵੱਖ ਕਰਕੇ ਸੰਭਾਲ ਅਤੇ ਸੋਲਿਡ ਵੇਸਟ ਮੈਨੇਜਮੈਂਟ ਨਾਲ ਸਬੰਧਤ ਬੁਨਿਆਦੀ ਢਾਂਚੇ ਦੀ ਪ੍ਰਗਤੀ ਦਾ ਵੀ ਜਾਇਜ਼ਾ ਲਿਆ ਗਿਆ।

ਅਧਿਕਾਰੀਆਂ ਨੂੰ ਸੋਲਡ ਵੇਸਟ ਮੈਨੇਜਮੈਂਟ ਦੇ ਕੰਮਾਂ ਨੂੰ ਸਮੇਂ ਸਿਰ ਮੁਕੰਮਲ ਕਰਨ ਅਤੇ ਪਿੰਡਾਂ ਨੂੰ ਸਾਫ਼-ਸੁਥਰਾ ਬਣਾਉਣ ਲਈ ਪ੍ਰਭਾਵਸ਼ਾਲੀ ਕਾਰਵਾਈ ਕਰਨ ਲਈ ਕਿਹਾ ਗਿਆ।

ਮੀਟਿੰਗ ਵਿੱਚ ਪਿੰਡਾਂ ਵਿੱਚ ਖੇਡ ਮੈਦਾਨਾਂ ਦੀ ਉਪਲਬੱਧਤਾ ਅਤੇ ਵਿਕਾਸ, ਜੀ ਰਾਮ ਜੀ ਅਤੇ ਗ੍ਰਾਮ ਪੰਚਾਇਤ ਡਿਵੈਲਪਮੈਂਟ ਪਲਾਨ ਤਹਿਤ ਚੱਲ ਰਹੇ ਅਤੇ ਪ੍ਰਸਤਾਵਿਤ ਵਿਕਾਸ ਕਾਰਜਾਂ ਦੀ ਵੀ ਸਮੀਖਿਆ ਕੀਤੀ ਗਈ। ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਕਿ ਵਿਕਾਸ ਕਾਰਜਾਂ ਦੀ ਯੋਜਨਾਬੰਦੀ ਅਤੇ ਲਾਗੂ ਕਰਨ ਦੀ ਪ੍ਰਕਿਰਿਆ ਵਿੱਚ ਤੇਜ਼ੀ ਲਿਆਂਦੀ ਜਾਵੇ।ਇਸ ਮੌਕੇ 15ਵੇਂ ਵਿੱਤ ਕਮਿਸ਼ਨ ਦੀਆਂ ਟਾਈਡ ਅਤੇ ਅਨ-ਟਾਈਡ ਤਹਿਤ ਉਪਲਬੱਧ ਫੰਡਾਂ ਦੀ ਵਰਤੋਂ ਅਤੇ ਚੱਲ ਰਹੇ ਕੰਮਾਂ ਦੀ ਪ੍ਰਗਤੀ ਬਾਰੇ ਵੀ ਵਿਚਾਰ-ਵਟਾਂਦਰਾ ਕੀਤਾ ਗਿਆ।

ਇਸ ਦੇ ਨਾਲ ਹੀ 16ਵੇਂ ਵਿੱਤ ਕਮਿਸ਼ਨ ਤਹਿਤ ਟਾਈਡ ਅਤੇ ਅਨ-ਟਾਈਡ ਲਈ ਫੰਡਾਂ ਦੀ ਮੰਗ ਸਬੰਧੀ ਵੀ ਵਿਸਥਾਰ ਨਾਲ ਚਰਚਾ ਕੀਤੀ ਗਈ ਅਤੇ ਸਬੰਧਤ ਵਿਭਾਗਾਂ ਨੂੰ ਲੋੜ ਅਨੁਸਾਰ ਫੰਡਾਂ ਦੀ ਮੰਗ ਤਿਆਰ ਕਰਕੇ ਸਮੇਂ ਸਿਰ ਭੇਜਣ ਲਈ ਕਿਹਾ ਗਿਆ। ਮੀਟਿੰਗ ਵਿੱਚ ਕਾਰਜਕਾਰੀ ਇੰਜੀਨੀਅਰ ਪੰਚਾਇਤੀ ਰਾਜ, ਡਿਪਟੀ ਡੀ.ਈ.ਓ ਸੈਕੰਡਰੀ, ਜਿਲ੍ਹਾ ਵਿਕਾਸ ਅਤੇ ਪੰਚਾਇਤ ਅਫਸਰ, ਸਮੂਹ ਬਲਾਕ ਵਿਕਾਸ ਅਤੇ ਪੰਚਾਇਤ ਸਕੱਤਰ, ਡੀ. ਐਨ.ਓ ਜੀ ਰਾਮ ਜੀ, ਉਪ ਮੰਡਲ ਇੰਜੀਨੀਅਰ ਅਤੇ ਜੂਨੀਅਰ ਇੰਜੀਨੀਅਰ ਪੰਚਾਇਤੀ ਰਾਜ ਅਤੇ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਦੇ ਅਧਿਕਾਰੀਆਂ ਵੱਲੋਂ ਸ਼ਮੂਲੀਅਤ ਕੀਤੀ ਗਈ।

## ਬਿਜਲੀ ਬਿੱਲ ਮੁਆਫ਼ ਕਰਕੇ ਪੰਜਾਬ ਸਰਕਾਰ ਨੇ ਗਊਸ਼ਲਾਵਾਂ ਨੂੰ ਵੱਡੀ ਰਾਹਤ ਦਿੱਤੀ : ਕੀਮਤੀ ਭਗਤ



ਜਲੰਧਰ, 11 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਗਊ ਸੇਵਾ ਕਮਿਸ਼ਨ ਦੇ ਉਪ ਚੇਅਰਮੈਨ ਕੀਮਤੀ ਭਗਤ ਨੇ ਅੱਜ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਭਰ ਦੀਆਂ ਗਊਸ਼ਾਲਾਵਾਂ ਦੇ ਬਿਜਲੀ ਬਿੱਲ ਮੁਆਫ਼ ਕਰਨ ਦੇ ਫ਼ੈਸਲੇ ਨਾਲ ਬੇਸਹਾਰਾ ਪਸ਼ੂਧਨ ਦੀ ਸਾਂਭ-ਸੰਭਾਲ ਵਿੱਚ ਲੱਗੀਆਂ ਗਊਸ਼ਾਲਾਵਾਂ ਨੂੰ ਵੱਡੀ ਰਾਹਤ ਮਿਲੇਗੀ।

ਇਥੇ ਸਰਕਟ ਹਾਊਸ ਵਿਖੇ ਪ੍ਰੈੱਸ ਕਾਨਫਰੰਸ ਦੌਰਾਨ ਸੰਬੋਧਨ ਕਰਦਿਆਂ ਉਪ ਚੇਅਰਮੈਨ ਕੀਮਤੀ ਭਗਤ ਨੇ ਪੰਜਾਬ ਸਰਕਾਰ ਅਤੇ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦਾ ਧੰਨਵਾਦ ਪ੍ਰਗਟ ਕਰਦਿਆਂ ਕਿਹਾ ਕਿ ਮੌਜੂਦਾ ਸਮੇਂ 366 ਗਊਸ਼ਾਲਾਵਾਂ ਨੂੰ ਮੁਫ਼ਤ ਬਿਜਲੀ ਮਿਲ ਰਹੀ ਹੈ ਅਤੇ 152 ਹੋਰ ਗਊਸ਼ਾਲਾਵਾਂ ਨੂੰ ਇਸ ਦਾਇਰੇ ਵਿੱਚ ਲਿਆਂਦਾ ਗਿਆ ਹੈ।

ਉਨ੍ਹਾਂ ਕਿਹਾ ਕਿ ਇਸ ਨਾਲ ਪੰਜਾਬ ਸਰਕਾਰ ਤੋਂ ਮੁਫ਼ਤ ਬਿਜਲੀ ਪ੍ਰਾਪਤ ਕਰਨ ਵਾਲੀਆਂ ਗਊਸ਼ਾਲਾਵਾਂ ਦੀ ਗਿਣਤੀ 518 ਹੋ ਜਾਵੇਗੀ।

ਉਨ੍ਹਾਂ ਕਿਹਾ ਕਿ ਪੰਜਾਬ ਗਊ ਸੇਵਾ ਕਮਿਸ਼ਨ ਵੱਲੋਂ ਬੇਸਹਾਰਾ ਪਸ਼ੂਧਨ ਨੂੰ ਗਊਸ਼ਾਲਾਵਾਂ ਵਿੱਚ ਪਹੁੰਚਾਉਣ ਦੀ ਮੁਹਿੰਮ ਸ਼ੁਰੂ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਬਿਜਲੀ ਬਿੱਲ ਦਾ ਬੋਝ ਹਟਣ ਨਾਲ ਗਊਸ਼ਾਲਾਵਾਂ ਦੀ ਆਰਥਿਕ ਸਥਿਤੀ ਮਜ਼ਬੂਤ ਹੋਵੇਗੀ, ਜਿਸ ਸਦਕਾ ਕਮਿਸ਼ਨ ਦੀ ਇਸ ਮੁਹਿੰਮ ਨੂੰ ਹੋਰ ਬਲ ਮਿਲੇਗਾ ਅਤੇ ਬੇਸਹਾਰਾ ਗਊਆਂ ਦੀ ਸੁਚੱਜੀ ਸਾਂਭ-ਸੰਭਾਲ ਯਕੀਨੀ ਬਣੇਗੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੇ ਇਸ ਫੈਸਲੇ ਦਾ ਗਊਸ਼ਾਲਾਵਾਂ ਦੇ ਪ੍ਰਬੰਧਕਾਂ ਵੱਲੋਂ ਭਰਵਾਂ ਸਵਾਗਤ ਕੀਤਾ ਜਾ ਰਿਹਾ ਹੈ।

ਉਪ ਚੇਅਰਮੈਨ ਨੇ ਦੱਸਿਆ ਕਿ ਬਿਮਾਰ ਅਤੇ ਜ਼ਖਮੀ ਪਸ਼ੂਆਂ ਲਈ ਪੰਜਾਬ ਸਰਕਾਰ ਵੱਲੋਂ ਸੂਬੇ ਦੀਆਂ ਸਾਰੀਆਂ ਗਊਸ਼ਾਲਾਵਾਂ ਨੂੰ 3 ਕਰੋੜ 9 ਲੱਖ ਰੁਪਏ ਦੀ ਲਾਗਤ ਨਾਲ 500 ਕਾਓ ਲਿਫ਼ਟਰ ਮੁਹੱਈਆ ਕਰਵਾਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ 11 ਜ਼ਿਲ੍ਹਿਆਂ ਦੀਆਂ ਗਊਸ਼ਲਾਵਾਂ ਵਿੱਚ ਇਨ੍ਹਾਂ ਦੀ ਵੰਡ ਕੀਤੀ ਜਾ ਚੁੱਕੀ ਹੈ ਅਤੇ ਜਲੰਧਰ ਜ਼ਿਲ੍ਹੇ ਦੀਆਂ 20 ਗਊਸ਼ਾਲਾਵਾਂ ਵਿਚ ਕਾਓ ਲਿਫ਼ਟਰ ਮੁਹੱਈਆ ਕਰਵਾਏ ਜਾ ਚੁੱਕੇ ਹਨ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਅਤੇ ਪੰਜਾਬ ਗਊ ਸੇਵਾ ਕਮਿਸ਼ਨ ਬੇਸਹਾਰਾ ਪਸ਼ੂਧਨ ਦੀ ਸੁਚੱਜੀ ਸਾਂਭ-ਸੰਭਾਲ ਯਕੀਨੀ ਬਣਾਉਣ ਲਈ ਲਗਾਤਾਰ ਯਤਨਸ਼ੀਲ ਹੈ।

ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਪਸ਼ੂਧਨ ਦੀ ਸੇਵਾ ਵਿੱਚ ਲੱਗੀਆਂ ਗਊਸ਼ਾਲਾਵਾਂ ਨੂੰ ਗਊਆਂ ਦੇ ਚਾਰੇ ਅਤੇ ਖੁਰਾਕ ਲਈ 61 ਰੁਪਏ ਦੀ ਰਾਸ਼ੀ ਪ੍ਰਤੀ ਗਊਧਨ ਪ੍ਰਤੀ ਦਿਨ ਜਲਦ ਪਹੁੰਚਾਈ ਜਾਵੇਗੀ।

ਉਨ੍ਹਾਂ ਦੱਸਿਆ ਕਿ ਪੰਜਾਬ ਵਿੱਚ ਗਊ ਹੱਤਿਆ ਲਈ 'ਦਿ ਪੰਜਾਬ ਪ੍ਰੋਹਿਬਸ਼ਨ ਆਫ਼ ਕਾਓ ਸਲਾਟਰ (ਅਮੈਂਡਮੈਂਟ) ਐਕਟ, 2011' ਤਹਿਤ 10 ਸਾਲ ਤੱਕ ਦੀ ਕੈਦ ਦੀ ਵਿਵਸਥਾ ਹੈ ਅਤੇ ਪੁਲਿਸ ਵਿਭਾਗ ਨੂੰ ਸਖ਼ਤ ਹਦਾਇਤਾਂ ਹਨ ਕਿ ਗਊ ਤਸਕਰੀ ਜਾਂ ਗਊ ਹੱਤਿਆ ਦੀ ਸ਼ਿਕਾਇਤ ਮਿਲਣ 'ਤੇ ਤੁਰੰਤ ਬਣਦੀ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ।

ਇਸ ਮੌਕੇ ਡਿਪਟੀ ਡਾਇਰੈਕਟਰ ਪਸ਼ੂ ਪਾਲਣ ਜਲੰਧਰ ਡਾ. ਰਾਮ ਮੂਰਤੀ ਮੱਟੂ, ਸਹਾਇਕ ਡਾਇਰੈਕਟਰ ਡਾ. ਬਲਵੀਰ ਸਿੰਘ, ਡਾ. ਕੁਲਵਿੰਦਰ ਸਿੰਘ, ਵੱਖ-ਵੱਖ ਗਊਸ਼ਲਾਵਾਂ ਦੇ ਨੁਮਾਇੰਦਿਆਂ ਤੋਂ ਇਲਾਵਾ ਸੁਦੇਸ਼ ਭਗਤ, 'ਆਪ' ਆਗੂ ਰਾਕੇਸ਼ ਭਗਤ, ਵਿੱਕੀ ਆਦਿ ਵੀ ਮੌਜੂਦ ਸਨ।

## ਸੈਨਿਕ ਵੋਕੇਸ਼ਨਲ ਟ੍ਰੇਨਿੰਗ ਸੈਂਟਰ ਵਿਖੇ ਠੇਕੇ ਦੇ ਆਧਾਰ 'ਤੇ ਐਜੂਕੇਸ਼ਨ ਇਸਟਰੱਕਟਰ ਤੇ ਪਾਰਟ ਟਾਈਮ ਕਲਰਕ ਦੀ ਨਿਯੁਕਤੀ ਲਈ ਅਰਜ਼ੀਆਂ ਦੀ ਮੰਗ

ਜਲੰਧਰ, 11 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਸੈਨਿਕ ਵੋਕੇਸ਼ਨਲ ਟ੍ਰੇਨਿੰਗ ਸੈਂਟਰ ਵਿਖੇ 11 ਮਹੀਨਿਆਂ ਲਈ ਠੇਕੇ ਦੇ ਆਧਾਰ 'ਤੇ ਇਕ ਐਜੂਕੇਸ਼ਨ ਇੰਸਟਰੱਕਟਰ ਅਤੇ ਇਕ ਪਾਰਟ ਟਾਈਮ ਕਲਰਕ ਦੀ ਆਸਾਮੀ 'ਤੇ ਨਿਯੁਕਤੀ ਲਈ ਅਰਜ਼ੀਆਂ ਦੀ ਮੰਗ ਕੀਤੀ ਗਈ ਹੈ।

ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਅਫ਼ਸਰ ਕਮਾਂਡਰ ਬਲਜਿੰਦਰ ਸਿੰਘ ਵਿਰਕ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਐਜੂਕੇਸ਼ਨ ਇੰਸਟਰੱਕਟਰ ਦੀ ਇੱਕ ਅਸਾਮੀ ਲਈ ਉਮੀਦਵਾਰ ਦੀ ਯੋਗਤਾ ਸੇਵਾਮੁਕਤ ਜੇ.ਸੀ.ਓ./ ਹਵਲਦਾਰ (ਆਰਮੀ ਐਜੂਕੇਸ਼ਨ ਕਾਰਪਸ) ਜਾਂ ਸਾਬਕਾ ਸੈਨਿਕਾਂ ਦੇ ਆਸ਼ਰਿਤ ਸਾਇੰਸ ਤੇ ਹਿਸਾਬ ਵਿਸ਼ੇ ਨਾਲ ਗ੍ਰੈਜੂਏਸ਼ਨ ਹੋਣੀ ਚਾਹੀਦੀ ਹੈ। ਇਸੇ ਤਰ੍ਹਾਂ ਪਾਰਟ ਟਾਈਮ ਕਲਰਕ ਦੀ ਆਸਾਮੀ ਲਈ ਉਮੀਦਵਾਰ ਸਾਬਕਾ ਸੈਨਿਕ ਕਲਰਕ/ਜੀ.ਡੀ. (ਐਸ.ਡੀ.) ਹੋਣਾ ਚਾਹੀਦਾ ਹੈ।

ਉਨ੍ਹਾਂ ਦੱਸਿਆ ਕਿ ਐਜੂਕੇਸ਼ਨ ਇੰਸਟਰੱਕਟਰ ਨੂੰ ਪ੍ਰਤੀ ਮਹੀਨਾ 12000 ਰੁਪਏ ਅਤੇ ਪਾਰਟ ਟਾਈਮ ਕਲਰਕ ਨੂੰ 8500 ਰੁਪਏ ਤਨਖਾਹ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਚਾਹਵਾਨ ਉਮੀਦਵਾਰ ਆਪਣੇ ਦਸਤਾਵੇਜ਼ ਅਤੇ ਬਾਇਓ ਡਾਟਾ ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫਤਰ, ਸ਼ਾਸਤਰੀ ਮਾਰਕੀਟ ਲਾਡੋਵਾਲੀ ਰੋਡ, ਜਲੰਧਰ ਵਿਖੇ 111 ਅਗਸਤ 2026 ਸ਼ਾਮ 5.00 ਵਜੇ ਤੱਕ ਜਮ੍ਹਾ ਕਰਵਾ ਸਕਦੇ ਹਨ। ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਅਫ਼ਸਰ ਕਮਾਂਡਰ ਬਲਜਿੰਦਰ ਸਿੰਘ ਵਿਰਕ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਐਜੂਕੇਸ਼ਨ ਇੰਸਟਰੱਕਟਰ ਦੀ ਇੱਕ ਅਸਾਮੀ ਲਈ ਉਮੀਦਵਾਰ ਦੀ ਯੋਗਤਾ ਸੇਵਾਮੁਕਤ ਜੇ.ਸੀ.ਓ./ਹਵਲਦਾਰ (ਆਰਮੀ ਐਜੂਕੇਸ਼ਨ ਕਾਰਪਸ) ਜਾਂ ਸਾਬਕਾ ਸੈਨਿਕਾਂ ਦੇ ਆਸ਼ਰਿਤ ਸਾਇੰਸ ਤੇ ਹਿਸਾਬ ਵਿਸ਼ੇ ਨਾਲ ਗ੍ਰੈਜੂਏਸ਼ਨ ਹੋਣੀ ਚਾਹੀਦੀ ਹੈ। ਇਸੇ ਤਰ੍ਹਾਂ ਪਾਰਟ ਟਾਈਮ ਕਲਰਕ ਦੀ ਆਸਾਮੀ ਲਈ ਉਮੀਦਵਾਰ ਸਾਬਕਾ ਸੈਨਿਕ ਕਲਰਕ/ਜੀ.ਡੀ. (ਐਸ.ਡੀ.) ਹੋਣਾ ਚਾਹੀਦਾ ਹੈ।

## ਭਾਰੀ ਮੀਂਹ ਦਾ ਕਹਿਰ ,ਚੁਬਾਰੇ ਦੀ ਛੱਤ ਡਿੱਗਣ ਨਾਲ ਵਿਧਵਾ ਮਹਿਲਾ ਦੀ ਹੋਈ ਮੌਤ

ਮਾਛੀਵਾੜਾ ਸਾਹਿਬ, 11 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਨੇੜਲੇ ਪਿੰਡ ਸ਼ਤਾਬਗੜ੍ਹ ਵਿਖੇ ਇਕ ਮੰਦਭਾਗੀ ਘਟਨਾ ਵਾਪਰੀ ਜਿੱਥੇ ਭਾਰੀ ਮੀਂਹ ਕਾਰਨ ਗਰੀਬ ਵਿਧਵਾ ਦਾ ਆਸ਼ਿਆਨਾ ਡਿੱਗ ਗਿਆ ਜਿਸ ਦੇ ਹੇਠਾਂ ਆਉਣ ਕਾਰਨ ਉਸਦੀ ਮੌਤ ਹੋ ਗਈ। ਮ੍ਰਿਤਕ ਦੀ ਪਹਿਚਾਣ ਇੰਦਰਜੀਤ ਕੌਰ (38) ਵਜੋਂ ਹੋਈ। ਪ੍ਰਾਪਤ ਜਾਣਕਾਰੀ ਅਨੁਸਾਰ ਮਾਛੀਵਾੜਾ ਇਲਾਕੇ ਵਿਚ ਭਾਰੀ ਮੀਂਹ ਸ਼ੁਰੂ ਹੋਇਆ। ਇੰਦਰਜੀਤ ਕੌਰ ਆਪਣੇ ਘਰ ਵਿਚ ਗੁਆਂਢਣ ਅਤੇ ਧੀ ਨਾਲ ਬੈਠੀ ਗੱਲਾਂ ਕਰ ਰਹੀ ਸੀ ਕਿ ਅਚਾਨਕ ਕਮਰੇ ਉੱਪਰ ਬਣੇ ਚੁਬਾਰੇ ਦੀ ਛੱਤ ਡਿੱਗ ਗਈ ਅਤੇ ਮਲਬੇ ਦੇ ਵਜ਼ਨ ਨਾਲ ਦੂਜੀ ਛੱਤ ਵੀ ਉਨ੍ਹਾਂ ਉੱਪਰ ਆ ਡਿੱਗੀ।

ਛੱਤ ਦੇ ਮਲਬੇ ਹੇਠਾਂ ਇੰਦਰਜੀਤ ਕੌਰ, ਉਸਦੀ ਗੁਆਂਢਣ ਤੇ ਲੜਕੀ ਦੱਬ ਗਈਆਂ ਅਤੇ ਗੁਆਂਢੀ ਜਦੋਂ ਰੌਲਾ ਸੁਣ ਕੇ ਪਹੁੰਚੇ ਤਾਂ ਬੜੀ ਮੁਸ਼ਕਿਲ ਨਾਲ ਇਨ੍ਹਾਂ ਸਾਰਿਆਂ ਨੂੰ ਬਾਹਰ ਕੱਢਿਆ ਗਿਆ।

ਇਸ ਹਾਦਸੇ ਵਿਚ ਇੰਦਰਜੀਤ ਕੌਰ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਈ ਜਿਸ ਨੂੰ ਇਲਾਜ ਲਈ ਸਮਰਾਲਾ ਹਸਪਤਾਲ ਲਿਆਂਦਾ ਗਿਆ। ਡਾਕਟਰਾਂ ਵਲੋਂ ਇੰਦਰਜੀਤ ਕੌਰ ਨੂੰ ਮ੍ਰਿਤਕ ਐਲਾਨ ਦਿੱਤਾ ਜਦਕਿ ਉਸਦੀ ਗੁਆਂਢਣ ਨੂੰ ਮੁੱਢਲੀ ਸਹਾਇਤਾ ਉਪਰੰਤ ਛੁੱਟੀ ਦੇ ਦਿੱਤੀ ਗਈ। ਪਿੰਡ ਵਿਚ ਇਸ ਹਾਦਸੇ ਕਾਰਨ ਸੋਗ ਦੀ ਲਹਿਰ ਪਾਈ ਜਾ ਰਹੀ ਹੈ। ਪੁਲਸ ਵਲੋਂ ਲਾਸ਼ ਨੂੰ ਪੋਸਟਮਾਰਟਮ ਲਈ ਮੋਰਚਰੀ ਵਿਚ ਰਖਵਾ ਦਿੱਤਾ ਗਿਆ ਹੈ।

# ਐਚ.ਐਸ.ਐਸ.ਸੀ. ਦਾ ਸਾਲਾਨਾ ਭਰਤੀ ਕੈਲੰਡਰ ਜਲਦੀ ਹੋਵੇਗਾ ਜਾਰੀ, ਨੌਜਵਾਨਾਂ ਨੂੰ ਭਰਤੀ ਪ੍ਰਕਿਰਿਆ ਦੀ ਸਮਾਂਬੱਧ ਜਾਣਕਾਰੀ ਮਿਲੇਗੀ : ਮੁੱਖ ਮੰਤਰੀ

## ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਕਰ ਰਹੇ ਨੌਜਵਾਨਾਂ ਨਾਲ ਕੀਤਾ ਸਿੱਧਾ ਸੰਵਾਦ, ਭਰਤੀ ਪ੍ਰਕਿਰਿਆ ਨੂੰ ਹੋਰ ਪਾਰਦਰਸ਼ੀ, ਸਰਲ ਅਤੇ ਉਮੀਦਵਾਰ ਹਿਤੈਸ਼ੀ ਬਣਾਉਣ ਦੀ ਵਚਨਬੱਧਤਾ ਦੁਹਰਾਈ



**ਚੰਡੀਗੜ੍ਹ, 11 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਨੀ ਨੇ ਕਿਹਾ ਕਿ ਰਾਜ ਸਰਕਾਰ ਨੌਜਵਾਨਾਂ ਦੇ ਸੁਝਾਵਾਂ ਨੂੰ ਗੰਭੀਰਤਾ ਨਾਲ ਲੈ ਕੇ ਭਰਤੀ ਪ੍ਰਕਿਰਿਆ ਨੂੰ ਹੋਰ ਪਾਰਦਰਸ਼ੀ, ਸਮਾਂਬੱਧ ਅਤੇ ਉਮੀਦਵਾਰ ਹਿਤੈਸ਼ੀ ਬਣਾਉਣ ਦੀ ਦਿਸ਼ਾ ਵਿੱਚ ਲਗਾਤਾਰ ਕਾਰਜ ਕਰ ਰਹੀ ਹੈ। ਇਸੇ ਲੜੀ ਵਿੱਚ ਹਰਿਆਣਾ ਕਰਮਚਾਰੀ ਚੋਣ ਕਮਿਸ਼ਨ (ਐਚ.ਐਸ.ਐਸ.ਸੀ.) ਦਾ ਸਾਲਾਨਾ ਭਰਤੀ ਕੈਲੰਡਰ ਤਿਆਰ ਕੀਤਾ ਜਾ ਰਿਹਾ ਹੈ, ਜਿਸਨੂੰ ਜਲਦੀ ਜਾਰੀ ਕੀਤਾ ਜਾਵੇਗਾ। ਇਸ ਨਾਲ ਉਮੀਦਵਾਰਾਂ ਨੂੰ ਸਾਲ ਭਰ ਦੀ ਭਰਤੀ ਪ੍ਰਕਿਰਿਆ, ਅਰਜ਼ੀ, ਪ੍ਰੀਖਿਆ, ਨਤੀਜਾ ਅਤੇ ਨਿਯੁਕਤੀ ਦੀ ਸੰਭਾਵਿਤ ਸਮਾਂ-ਸੀਮਾ ਦੀ ਪਹਿਲਾਂ ਤੋਂ ਜਾਣਕਾਰੀ ਮਿਲ ਸਕੇਗੀ ਅਤੇ ਉਹ ਆਪਣੀ ਤਿਆਰੀ ਬਿਹਤਰ ਢੰਗ ਨਾਲ ਕਰ ਸਕਣਗੇ।

ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਨੀ ਵੀਰਵਾਰ ਨੂੰ ਸੋਨੀਪਤ ਵਿੱਚ ਛਾਤਰ ਸੰਵਾਦ ਪ੍ਰੋਗਰਾਮ ਵਿੱਚ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਕਰ ਰਹੇ ਨੌਜਵਾਨਾਂ ਨੂੰ ਉਨ੍ਹਾਂ ਦੇ ਸੁਆਲਾਂ ਦਾ ਜਵਾਬ ਦੇ ਰਹੇ ਸਨ। ਇਸ ਦੌਰਾਨ ਮੁੱਖ ਮੰਤਰੀ ਨੇ ਇੱਕ-ਇੱਕ ਕਰਕੇ ਵਿਦਿਆਰਥੀਆਂ ਦੇ ਸੁਆਲਾਂ ਦਾ ਜਵਾਬ ਦਿੰਦਿਆਂ ਉਨ੍ਹਾਂ ਦੀਆਂ ਸ਼ੰਕਾਵਾਂ ਨੂੰ ਦੂਰ ਕੀਤਾ। ਨਾਲ ਹੀ ਉਨ੍ਹਾਂ ਦੇ ਸੁਝਾਵਾਂ 'ਤੇ ਵੀ ਸਕਾਰਾਤਮਕ ਕਦਮ ਚੁੱਕਣ ਦਾ ਭਰੋਸਾ ਦਿੱਤਾ।

ਸੰਵਾਦ ਦੌਰਾਨ ਵਿਦਿਆਰਥੀ ਅੰਜਲੀ ਨੇ ਐਚ.ਐਸ.ਐਸ.ਸੀ. ਦਾ ਸਾਲਾਨਾ ਭਰਤੀ ਕੈਲੰਡਰ ਜਾਰੀ ਕਰਨ ਦਾ ਸੁਝਾਅ ਦਿੱਤਾ। ਇਸ 'ਤੇ ਮੁੱਖ ਮੰਤਰੀ ਨੇ ਕਿਹਾ ਕਿ ਹਰਿਆਣਾ ਲੋਕ ਸੇਵਾ ਆਯੋਗ (ਐਚ.ਪੀ.ਐਸ.ਸੀ.) ਦਾ ਸਾਲਾਨਾ ਕੈਲੰਡਰ ਪਹਿਲਾਂ ਹੀ ਜਾਰੀ ਕੀਤਾ ਜਾ ਚੁੱਕਾ ਹੈ ਅਤੇ ਹੁਣ ਐਚ.ਐਸ.ਐਸ.ਸੀ. ਦਾ ਸਾਲਾਨਾ ਭਰਤੀ ਕੈਲੰਡਰ ਵੀ ਤਿਆਰ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਕੁਝ ਭਰਤੀਆਂ ਕਰਮਚਾਰੀਆਂ ਦੇ ਸੇਵਾਮੁਕਤ ਹੋਣ ਨਾਲ ਜੁੜੀਆਂ ਹੁੰਦੀਆਂ ਹਨ, ਇਸ ਲਈ ਸਾਰੇ ਪਹਿਲੂਆਂ ਨੂੰ ਧਿਆਨ ਵਿੱਚ ਰੱਖ ਕੇ ਵਿਵਸਥਿਤ ਕੈਲੰਡਰ ਤਿਆਰ ਕੀਤਾ ਜਾ ਰਿਹਾ ਹੈ। ਇਸ ਨਾਲ ਨੌਜਵਾਨਾਂ ਨੂੰ ਭਰਤੀ ਪ੍ਰਕਿਰਿਆ ਦੀ ਪੂਰਵ ਜਾਣਕਾਰੀ ਮਿਲੇਗੀ ਅਤੇ ਉਹ ਆਪਣੀ ਤਿਆਰੀ ਹੋਰ ਵਧੀਆ ਢੰਗ ਨਾਲ ਕਰ ਸਕਣਗੇ।

ਵਿਦਿਆਰਥੀ ਨੀਰਜ ਨੇ ਸੀ.ਈ.ਟੀ. ਦੇ ਆਧਾਰ 'ਤੇ ਵੱਖ-ਵੱਖ ਭਰਤੀਆਂ ਵਿੱਚ ਯੋਗਤਾ ਅਤੇ ਭਰਤੀ ਪ੍ਰੀਖਿਆਵਾਂ ਦੇ ਸਪੱਸ਼ਟ ਸਿਲੇਬਸ ਦੇ ਸੰਬੰਧ ਵਿੱਚ ਆਪਣੀ ਉਤਸੁਕਤਾ ਪ੍ਰਗਟ ਕੀਤੀ। ਮੁੱਖ ਮੰਤਰੀ ਨੇ ਕਿਹਾ ਕਿ ਸੀ.ਈ.ਟੀ. ਲਾਗੂ ਕਰਨ ਦਾ ਉਦੇਸ਼ ਨੌਜਵਾਨਾਂ ਨੂੰ ਵਾਰ-ਵਾਰ ਮੁਸ਼ਕਲਾਂ ਤੋਂ ਰਾਹਤ ਦੇਣਾ ਅਤੇ ਭਰਤੀ ਪ੍ਰਕਿਰਿਆ ਨੂੰ ਸਰਲ ਬਣਾਉਣਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੇ ਪ੍ਰੀਖਿਆ ਦੌਰਾਨ ਟਰਾਂਸਪੋਰਟ, ਸੁਰੱਖਿਆ ਅਤੇ ਹੋਰ ਵਿਵਸਥਾਵਾਂ ਨੂੰ ਬਿਹਤਰ ਬਣਾ ਕੇ ਉਮੀਦਵਾਰਾਂ ਦੀ ਸਹੂਲਤ ਯਕੀਨੀ ਬਣਾਈ। ਉਨ੍ਹਾਂ ਕਿਹਾ ਕਿ ਸੀ.ਈ.ਟੀ. ਰਾਹੀਂ ਨੌਜਵਾਨਾਂ ਨੂੰ ਵੱਖ-ਵੱਖ ਭਰਤੀਆਂ ਵਿੱਚ ਮੌਕਾ ਮਿਲ ਰਿਹਾ ਹੈ ਅਤੇ ਇਸਦੀ ਪ੍ਰਕਿਰਿਆ ਅਤੇ ਦਾਇਰੇ ਨੂੰ ਹੋਰ ਵੱਧ ਸਪੱਸ਼ਟ ਅਤੇ ਵਿਵਸਥਿਤ ਬਣਾਉਣ ਦੀ ਦਿਸ਼ਾ ਵਿੱਚ ਵੀ ਸਰਕਾਰ ਕਾਰਜ ਕਰ ਰਹੀ ਹੈ।

ਵਿਦਿਆਰਥੀ ਤਨੁਜ ਨੇ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਕਰ ਰਹੇ ਵਿਦਿਆਰਥੀਆਂ ਲਈ ਬੱਸ ਪਾਸ ਦੀ ਸੁਵਿਧਾ ਉਪਲਬਧ ਕਰਾਉਣ ਦਾ ਸੁਝਾਅ ਦਿੱਤਾ। ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰ ਪਹਿਲਾਂ ਹੀ ਵਿਦਿਆਰਥੀਆਂ ਲਈ ਅਨੇਕਾਂ ਸਹੂਲਤਾਂ ਉਪਲਬਧ ਕਰਾ ਰਹੀ ਹੈ। ਉਨ੍ਹਾਂ ਕਿਹਾ ਕਿ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਲਈ ਰੋਜ਼ਾਨਾ ਕੋਚਿੰਗ ਸੰਸਥਾਨਾਂ ਵਿੱਚ ਆਉਣ-ਜਾਣ ਵਾਲੇ ਵਿਦਿਆਰਥੀਆਂ ਦੀਆਂ ਜ਼ਰੂਰਤਾਂ ਨੂੰ ਵੀ ਸਰਕਾਰ ਸਮਝਦੀ ਹੈ। ਇਸ ਸੁਝਾਅ 'ਤੇ ਸਕਾਰਾਤਮਕ ਦ੍ਰਿਸ਼ਟੀਕੋਣ ਤੋਂ ਵਿਚਾਰ ਕੀਤਾ ਜਾਵੇਗਾ, ਤਾਂ ਜੋ ਆਰਥਿਕ ਤੌਰ 'ਤੇ ਕਮਜ਼ੋਰ ਵਿਦਿਆਰਥੀਆਂ ਨੂੰ ਰਾਹਤ ਮਿਲ ਸਕੇ।

ਵਿਦਿਆਰਥੀ ਸੋਨੂੰ ਨੇ ਕੋਚਿੰਗ ਫੀਸ 'ਤੇ ਜੀ.ਐਸ.ਟੀ. ਸਮਾਪਤ ਕਰਨ ਦਾ ਸੁਝਾਅ ਦਿੱਤਾ। ਮੁੱਖ ਮੰਤਰੀ ਨੇ ਕਿਹਾ ਕਿ ਸਕੂਲ, ਕਾਲਜ ਅਤੇ ਯੂਨੀਵਰਸਿਟੀ ਪਹਿਲਾਂ ਹੀ ਜੀ.ਐਸ.ਟੀ. ਦੇ ਦਾਇਰੇ ਤੋਂ ਬਾਹਰ ਹਨ, ਜਦੋਂ ਕਿ ਕੋਚਿੰਗ ਸੰਸਥਾਨਾਂ 'ਤੇ ਜੀ.ਐਸ.ਟੀ. ਦਾ ਵਿਸ਼ਾ ਜੀ.ਐਸ.ਟੀ. ਪਰਿਸ਼ਦ ਦੇ ਅਧਿਕਾਰ ਖੇਤਰ ਵਿੱਚ ਆਉਂਦਾ ਹੈ। ਉਨ੍ਹਾਂ ਕਿਹਾ ਕਿ ਉਹ ਖੁਦ ਜੀ.ਐਸ.ਟੀ. ਪਰਿਸ਼ਦ ਦੇ ਮੈਂਬਰ ਹਨ ਅਤੇ ਵਿਦਿਆਰਥੀਆਂ ਦੇ ਇਸ ਸੁਝਾਅ ਨੂੰ ਪਰਿਸ਼ਦ ਦੇ ਸਮੁੱਖ ਜ਼ਰੂਰ ਰੱਖਣਗੇ।

ਵਿਦਿਆਰਥੀ ਮੁਸਕਾਨ ਨੇ ਆਨਲਾਈਨ ਭਰਤੀ ਪ੍ਰੀਖਿਆਵਾਂ ਵਿੱਚ ਪੇਪਰ ਲੀਕ, ਸਰਵਰ ਡਾਊਨ ਅਤੇ ਤਕਨੀਕੀ ਗੜਬੜੀਆਂ ਨਾਲ ਉਮੀਦਵਾਰਾਂ ਨੂੰ ਹੋਣ ਵਾਲੀਆਂ ਪਰੇਸ਼ਾਨੀਆਂ ਵੱਲ ਧਿਆਨ ਖਿੱਚਿਆ। ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਨੀ ਨੇ ਕਿਹਾ ਕਿ ਮਿਹਨਤੀ ਨੌਜਵਾਨਾਂ ਦੇ ਭਵਿੱਖ ਨਾਲ ਖਿਲਵਾੜ ਕਿਸੇ ਵੀ ਕੀਮਤ 'ਤੇ ਸਵੀਕਾਰ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਕੇਂਦਰ ਅਤੇ ਰਾਜ ਸਰਕਾਰ ਨੇ ਪੇਪਰ ਲੀਕ ਦੇ ਖ਼ਿਲਾਫ਼ ਸਖ਼ਤ ਕਾਨੂੰਨ ਬਣਾਏ ਹਨ, ਜਿਨ੍ਹਾਂ ਵਿੱਚ ਸਖਤ ਸਜ਼ਾ ਅਤੇ ਭਾਰੀ ਜੁਰਮਾਨੇ ਦਾ ਪ੍ਰਾਵਧਾਨ ਹੈ। ਉਨ੍ਹਾਂ ਭਰੋਸਾ ਦਿਵਾਇਆ ਕਿ ਭਰਤੀ ਪ੍ਰਕਿਰਿਆ ਦੀ ਪਾਰਦਰਸ਼ਤਾ ਬਣਾਏ ਰੱਖਣ ਅਤੇ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕਰਨ ਲਈ ਸਰਕਾਰ ਪੂਰੀ ਤਰ੍ਹਾਂ ਵਚਨਬੱਧ ਹੈ।

ਵਿਦਿਆਰਥੀ ਵਰਸ਼ਾ ਨੇ ਆਰਥਿਕ ਤੌਰ 'ਤੇ ਕਮਜ਼ੋਰ ਅਤੇ ਪ੍ਰਤਿਭਾਵਾਨ ਵਿਦਿਆਰਥੀਆਂ ਲਈ ਕੋਚਿੰਗ ਸਕਾਲਰਸ਼ਿਪ ਯੋਜਨਾ ਲਾਗੂ ਕਰਨ ਦਾ ਸੁਝਾਅ ਦਿੱਤਾ। ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰ ਪਹਿਲਾਂ ਹੀ ਵਿਦਿਆਰਥੀ-ਵਿਦਿਆਰਥਣਾਂ ਲਈ ਅਨੇਕਾਂ ਭਲਾਈ ਯੋਜਨਾਵਾਂ ਚਲਾ ਰਹੀ ਹੈ। ਉਨ੍ਹਾਂ ਕਿਹਾ ਕਿ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਕਰ ਰਹੇ ਲੋੜਵੰਦ ਵਿਦਿਆਰਥੀਆਂ ਨੂੰ ਸਹਾਇਤਾ ਉਪਲਬਧ ਕਰਾਉਣ ਦੇ ਇਸ ਸੁਝਾਅ 'ਤੇ ਵੀ ਗੰਭੀਰਤਾ ਨਾਲ ਵਿਚਾਰ ਕੀਤਾ ਜਾਵੇਗਾ।

ਵਿਦਿਆਰਥੀ ਨਿਤਿਨ ਨੇ ਸਰਕਾਰੀ ਭਰਤੀਆਂ ਵਿੱਚ ਸਮਾਂਬੱਧ ਵੇਟਿੰਗ ਲਿਸਟ ਜਾਰੀ ਕਰਨ ਦਾ ਸੁਝਾਅ ਦਿੱਤਾ। ਮੁੱਖ ਮੰਤਰੀ ਨੇ ਕਿਹਾ ਕਿ ਜੇਕਰ ਚੁਣੇ ਗਏ ਉਮੀਦਵਾਰ ਨਿਰਧਾਰਤ ਸਮੇਂ ਵਿੱਚ ਕਾਰਜਭਾਰ ਗ੍ਰਹਿਣ ਨਹੀਂ ਕਰਦੇ ਹਨ ਤਾਂ ਖਾਲੀ ਅਹੁਦਿਆਂ ਨੂੰ ਜਲਦੀ ਭਰਨ ਲਈ ਵੇਟਿੰਗ ਲਿਸਟ ਜਾਰੀ ਕਰਨਾ ਇੱਕ ਪ੍ਰਭਾਵੀ ਵਿਵਸਥਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਇਸ ਵਿਵਸਥਾ ਨੂੰ ਹੋਰ ਵੱਧ ਮਜ਼ਬੂਤ ਬਣਾਉਣ ਦੀ ਦਿਸ਼ਾ ਵਿੱਚ ਕਾਰਜ ਕਰ ਰਹੀ ਹੈ, ਤਾਂ ਜੋ ਯੋਗ ਉਮੀਦਵਾਰਾਂ ਨੂੰ ਸਮੇਂ 'ਤੇ ਮੌਕਾ ਮਿਲ ਸਕੇ। ਮੁੱਖ ਮੰਤਰੀ ਨੇ ਨੌਜਵਾਨਾਂ ਨੂੰ ਅਪੀਲ ਕੀਤਾ ਕਿ ਉਹ ਪੂਰੀ ਨਿਸ਼ਠਾ, ਆਤਮਵਿਸ਼ਵਾਸ ਅਤੇ ਸਕਾਰਾਤਮਕ ਸੋਚ ਨਾਲ ਆਪਣੀ ਤਿਆਰੀ ਜਾਰੀ ਰੱਖਣ। ਉਨ੍ਹਾਂ ਕਿਹਾ ਕਿ ਰਾਜ ਸਰਕਾਰ ਪਾਰਦਰਸ਼ੀ, ਨਿਰਪੱਖ ਅਤੇ 'ਬਿਨਾਂ ਪਰਚੀ, ਬਿਨਾਂ ਖਰਚੀ' ਦੀ ਭਰਤੀ ਵਿਵਸਥਾ ਨੂੰ ਹੋਰ ਵੱਧ ਮਜਬੂਤ ਬਣਾਉਣ ਲਈ ਲਗਾਤਾਰ ਕਾਰਜ ਕਰ ਰਹੀ ਹੈ ਅਤੇ ਹਰੇਕ ਯੋਗ ਨੌਜਵਾਨ ਨੂੰ ਉਸਦੀ ਮਿਹਨਤ ਅਤੇ ਪ੍ਰਤਿਭਾ ਦੇ ਆਧਾਰ 'ਤੇ ਅੱਗੇ ਵਧਣ ਦਾ ਮੌਕਾ ਦੇਣ ਲਈ ਵਚਨਬੱਧ ਹੈ।

# ਅੰਬਾਲਾ ਦੇ ਪੰਜੋਖਰਾ ਸਾਹਿਬ ਵਿੱਚ ਬਣੇਗੀ ਸੀ.ਐਚ.ਸੀ., ਰੇਵਾੜੀ ਦੇ ਸਾਂਗਵਾੜੀ ਪਿੰਡ ਵਿੱਚ ਖੁੱਲ੍ਹੇਗੀ ਨਵੀਂ ਪੀ.ਐਚ.ਸੀ.

**ਚੰਡੀਗੜ੍ਹ, 11 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਸਰਕਾਰ ਨੇ ਰਾਜ ਵਿੱਚ ਸਿਹਤ ਬੁਨਿਆਦੀ ਢਾਂਚੇ ਨੂੰ ਹੋਰ ਵੱਧ ਮਜ਼ਬੂਤ ਬਣਾਉਣ ਦੀ ਦਿਸ਼ਾ ਵਿੱਚ ਇੱਕ ਵੱਡਾ ਕਦਮ ਚੁੱਕਿਆ ਹੈ। ਸਰਕਾਰ ਨੇ ਇੱਕ ਪ੍ਰਾਇਮਰੀ ਹੈਲਥ ਸੈਂਟਰ ਨੂੰ ਅਪਗ੍ਰੇਡ ਕਰਨ ਦੇ ਨਾਲ-ਨਾਲ ਇੱਕ ਨਵਾਂ ਪ੍ਰਾਇਮਰੀ ਹੈਲਥ ਸੈਂਟਰ ਖੋਲ੍ਹਣ ਨੂੰ ਮਨਜ਼ੂਰੀ ਪ੍ਰਦਾਨ ਕੀਤੀ ਹੈ। ਸਰਕਾਰ ਦੇ ਇਸ ਫੈਸਲੇ ਨਾਲ ਅੰਬਾਲਾ ਅਤੇ ਰੇਵਾੜੀ ਜ਼ਿਲ੍ਹਿਆਂ ਦੇ ਹਜ਼ਾਰਾਂ ਗ੍ਰਾਮੀਣਾ ਨੂੰ ਆਪਣੇ ਨੇੜਲੇ ਇਲਾਕਿਆਂ ਵਿੱਚ ਹੀ ਬਿਹਤਰ ਅਤੇ ਆਧੁਨਿਕ ਇਲਾਜ ਦੀਆਂ ਸਹੂਲਤਾਂ ਮਿਲ ਸਕਣਗੀਆਂ।

ਸੂਬੇ ਦੀ ਸਿਹਤ ਮੰਤਰੀ ਆਰਤੀ ਸਿੰਘ ਰਾਓ ਨੇ ਦੱਸਿਆ ਕਿ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ 2 ਮਾਰਚ 2026 ਨੂੰ ਪੇਸ਼ ਬਜਟ ਦੌਰਾਨ ਜਨਤਾ ਨਾਲ ਜੁੜੇ ਕਈ ਅਹਿਮ ਐਲਾਨ ਕੀਤੇ ਸਨ। ਉਸ ਘੋਸ਼ਣਾ ਨੂੰ ਅਮਲੀ ਜਾਮਾ ਪਹਿਨਾਉਂਦਿਆਂ ਮੁੱਖ ਮੰਤਰੀ ਨੇ ਅੰਬਾਲਾ ਜ਼ਿਲ੍ਹੇ ਦੇ ਪੰਜੋਖਰਾ ਸਾਹਿਬ ਸਥਿਤ ਪ੍ਰਾਇਮਰੀ ਹੈਲਥ ਸੈਂਟਰ ਨੂੰ ਕਮਿਊਨਿਟੀ ਹੈਲਥ ਸੈਂਟਰ ਵਜੋਂ ਅਪਗ੍ਰੇਡ ਕਰਨ ਦੇ ਪ੍ਰਸਤਾਵ ਨੂੰ ਪ੍ਰਸ਼ਾਸਕੀ ਪ੍ਰਵਾਨਗੀ ਦੇ ਦਿੱਤੀ ਹੈ। ਇਸ ਹਸਪਤਾਲ ਦੇ ਅਪਗ੍ਰੇਡ ਹੋਣ ਨਾਲ ਪੰਜੋਖਰਾ ਸਾਹਿਬ ਅਤੇ ਆਸ-ਪਾਸ ਦੇ ਦਰਜਨਾਂ ਪਿੰਡਾਂ ਦੇ ਲੋਕਾਂ ਨੂੰ ਐਮਰਜੈਂਸੀ ਸੇਵਾਵਾਂ, ਮਾਹਰ ਡਾਕਟਰਾਂ ਅਤੇ ਬਿਹਤਰ ਇਨਡੋਰ ਮਰੀਜ਼ ਸਹੂਲਤਾਂ ਦਾ ਲਾਭ ਆਪਣੇ ਘਰ ਦੇ ਨੇੜੇ ਹੀ ਮਿਲੇਗਾ।

ਇਸ ਦੇ ਨਾਲ ਹੀ, ਸਿਹਤ ਮੰਤਰੀ ਨੇ ਦੂਜੇ ਮਹੱਤਵਪੂਰਨ ਫੈਸਲੇ ਦੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਰੇਵਾੜੀ ਜ਼ਿਲ੍ਹੇ ਦੇ ਪਿੰਡ ਸਾਂਗਵਾੜੀ ਵਿੱਚ ਇੱਕ ਨਵਾਂ ਪ੍ਰਾਇਮਰੀ ਹੈਲਥ ਸੈਂਟਰ ਖੋਲ੍ਹਣ ਨੂੰ ਵੀ ਹਰੀ ਝੰਡੀ ਦੇ ਦਿੱਤੀ ਹੈ। ਸਾਂਗਵਾੜੀ ਵਿੱਚ ਨਵੀਂ ਪੀ.ਐਚ.ਸੀ ਖੁੱਲ੍ਹਣ ਨਾਲ ਇਸ ਖੇਤਰ ਦੇ ਗ੍ਰਾਮੀਣਾਂ ਨੂੰ ਛੋਟੀਆਂ-ਮੋਟੀਆਂ ਬਿਮਾਰੀਆਂ ਦੇ ਇਲਾਜ ਅਤੇ ਮੁੱਢਲੀ ਜਾਂਚ ਲਈ ਦੂਰ-ਦੁਰਾਡੇ ਦੇ ਸ਼ਹਿਰਾਂ ਜਾਂ ਵੱਡੇ ਹਸਪਤਾਲਾਂ ਦੇ ਚੱਕਰ ਨਹੀਂ ਕੱਟਣੇ ਪੈਣਗੇ। ਸਰਕਾਰ ਦੇ ਇਨ੍ਹਾਂ ਦੋਵਾਂ ਫੈਸਲਿਆਂ ਨਾਲ ਪੇਂਡੂ ਖੇਤਰ ਵਿੱਚ ਪ੍ਰਾਇਮਰੀ ਅਤੇ ਸੈਕੰਡਰੀ ਪੱਧਰ ਦੀਆਂ ਸਿਹਤ ਸੇਵਾਵਾਂ ਦੀ ਪਹੁੰਚ ਅਤੇ ਵੱਧ ਆਸਾਨ ਤੇ ਮਜ਼ਬੂਤ ਹੋਵੇਗੀ।

# ਹਰਿਆਣਾ ਸਰਕਾਰ ਨੇ ਚੰਡੀਗੜ੍ਹ ਅਤੇ ਪੰਚਕੂਲਾ ਸਥਿਤ ਸਰਕਾਰੀ ਮਕਾਨਾਂ ਲਈ ਮੰਗੀਆਂ ਅਰਜ਼ੀਆਂ

**ਚੰਡੀਗੜ੍ਹ, 11 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਸਰਕਾਰ ਨੇ ਚੰਡੀਗੜ੍ਹ ਅਤੇ ਪੰਚਕੂਲਾ ਸਥਿਤ ਸਰਕਾਰੀ ਮਕਾਨਾਂ ਦੀ ਅਲਾਟਮੈਂਟ ਲਈ ਆਨਲਾਈਨ ਅਰਜ਼ੀਆਂ ਸੱਦੀਆਂ ਹਨ। ਇੱਛੁਕ ਯੋਗ ਕਰਮਚਾਰੀ https://awas.haryanapwd.gov.in ਪੋਰਟਲ 'ਤੇ ਅਰਜ਼ੀ ਦੇ ਸਕਦੇ ਹਨ।

ਆਉਟ ਆਫ ਟਰਨ ਅਲਾਟਮੈਂਟ (ਮੈਡੀਕਲ ਆਧਾਰ) ਲਈ ਆਨਲਾਈਨ ਜਮ੍ਹਾਂ ਕਰਵਾਉਣ ਜਾਂ ਅਰਜ਼ੀ ਅਪਡੇਟ ਕਰਨ ਅਤੇ ਤਰਜੀਹਾਂ ਭਰਨ ਦੀ ਮਿਆਦ 12 ਅਗਸਤ, 2026 (ਰਾਤ 11.59 ਵਜੇ ਤੱਕ) ਨਿਰਧਾਰਤ ਕੀਤੀ ਗਈ ਹੈ। ਸਾਰੀਆਂ ਸ਼੍ਰੇਣੀਆਂ ਦੇ ਬਿਨੈਕਾਰਾਂ ਲਈ ਆਨਲਾਈਨ ਅਰਜ਼ੀ ਜਮ੍ਹਾਂ ਕਰਵਾਉਣ, ਅਰਜ਼ੀ ਅਪਡੇਟ ਕਰਨ ਅਤੇ ਰਿਹਾਇਸ਼ ਦੀ ਤਰਜੀਹ ਭਰਨ ਦੀ ਮਿਆਦ 24 ਅਗਸਤ, 2026 (ਰਾਤ 11.59 ਵਜੇ ਤੱਕ) ਰਹੇਗੀ। ਪੋਰਟਲ 'ਤੇ ਅਸਥਾਈ ਸਿਨਓਰਿਟੀ ਲਿਸਟ 211 ਅਗਸਤ, 2026 ਨੂੰ ਪ੍ਰਕਾਸ਼ਤ ਕੀਤੀ ਜਾਵੇਗੀ। ਇਸ ਸੂਚੀ 'ਤੇ ਇਤਰਾਜ਼ ਅਤੇ ਦਾਵੇ 31 ਅਗਸਤ ਤੋਂ 2 ਸਤੰਬਰ, 2026 (ਰਾਤ 11.59 ਵਜੇ ਤੱਕ) ਦਰਜ ਕਰਵਾਏ ਜਾ ਸਕਣਗੇ। ਅੰਤਮ ਸਿਨਓਰਿਟੀ ਲਿਸਟ 14 ਸਤੰਬਰ, 2026 ਨੂੰ ਜਾਰੀ ਕੀਤੀ ਜਾਵੇਗੀ, ਜਦੋਂ ਕਿ 25 ਸਤੰਬਰ, 2026 ਤੋਂ ਸਰਕਾਰੀ ਰਿਹਾਇਸ਼ਾਂ ਦੀ ਅਲਾਟਮੈਂਟ ਦੀ ਪ੍ਰਕਿਰਿਆ ਸ਼ੁਰੂ ਕੀਤੀ ਜਾਵੇਗੀ।

ਬਿਨੈਕਾਰਾਂ ਨੂੰ ਸਲਾਹ ਦਿੱਤੀ ਗਈ ਹੈ ਕਿ ਮੌਜੂਦਾ ਅਲਾਟਮੈਂਟ ਚੱਕਰ ਲਈ ਅਰਜ਼ੀ ਦੇਣ ਜਾਂ ਤਰਜੀਹ ਭਰਨ ਤੋਂ ਪਹਿਲਾਂ ਆਪਣੇ ਸਬੰਧਤ ਵਿਭਾਗ ਜਾਂ ਦਫ਼ਤਰ ਤੋਂ ਐਚ.ਆਰ.ਐਮ.ਐਸ. (ਹਿਊਮਨ ਰਿਸੋਰਸ ਮੈਨੇਜਮੈਂਟ ਸਿਸਟਮ) ਵਿੱਚ ਉਪਲਬਧ ਵੇਰਵੇ ਨੂੰ ਜ਼ਰੂਰ ਅਪਡੇਟ ਕਰਵਾ ਲੈਣ। ਬਿਨੈਕਾਰਾਂ ਦੀ ਸਿਨਓਰਿਟੀ ਲਿਸਟ ਐਚ.ਆਰ.ਐਮ.ਐਸ. ਪੋਰਟਲ ਤੋਂ ਪ੍ਰਾਪਤ ਵੇਰਵਿਆਂ ਦੇ ਆਧਾਰ 'ਤੇ ਤਿਆਰ ਕੀਤੀ ਜਾਵੇਗੀ। ਆਵਾਸ ਪੋਰਟਲ 'ਤੇ ਅਰਜ਼ੀ ਜਮ੍ਹਾਂ ਕਰਵਾਉਣ ਜਾਂ ਅਪਡੇਟ ਕਰਨ ਤੋਂ ਬਾਅਦ ਐਚ.ਆਰ.ਐਮ.ਐਸ. ਡੇਟਾ ਵਿੱਚ ਸੋਧ ਜਾਂ ਸਿਨਓਰਿਟੀ ਸੰਬੰਧੀ ਕਿਸੇ ਵੀ ਇਤਰਾਜ਼ ਜਾਂ ਦਾਵੇ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। ਇਸ ਲਈ ਬਿਨੈਕਾਰ ਖੁਦ ਜ਼ਿੰਮੇਵਾਰ ਹੋਣਗੇ।

# ਵੰਦੇ ਮਾਤਰਮ ਨੂੰ ਰਾਸ਼ਟਰੀ ਗਾਨ ਦੇ ਬਰਾਬਰ ਕਾਨੂੰਨੀ ਦਰਜਾ ਦੇਣਾ ਹਿੰਦੂਤਵ ਨੂੰ ਉਤਸ਼ਾਹਿਤ ਕਰਨ ਵਾਲਾ ਕਦਮ: ਕੇਂਦਰੀ ਸ੍ਰੀ ਗੁਰੂ ਸਿੰਘ ਸਭਾ



**ਚੰਡੀਗੜ੍ਹ, 11 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਨੇ ਸੰਸਦ ਵੱਲੋਂ ਹਾਲ ਹੀ ਵਿੱਚ ਪਾਸ ਕੀਤੇ ਉਸ ਕਾਨੂੰਨ 'ਤੇ ਗੰਭੀਰ ਚਿੰਤਾ ਪ੍ਰਗਟ ਕੀਤੀ ਹੈ, ਜਿਸ ਰਾਹੀਂ ਵੰਦੇ ਮਾਤਰਮ ਨੂੰ ਰਾਸ਼ਟਰੀ ਗਾਨ ਦੇ ਬਰਾਬਰ ਕਾਨੂੰਨੀ ਦਰਜਾ ਅਤੇ ਸੁਰੱਖਿਆ ਪ੍ਰਦਾਨ ਕੀਤੀ ਗਈ ਹੈ। ਸਭਾ ਦਾ ਮੰਨਣਾ ਹੈ ਕਿ ਇਹ ਕਦਮ ਹਿੰਦੂਤਵ ਦੀ ਵਿਚਾਰਧਾਰਾ ਨੂੰ ਉਤਸ਼ਾਹਿਤ ਕਰਦਾ ਹੈ ਅਤੇ ਬਹੁਸੰਖਿਆਕ ਸਭਿਆਚਾਰਕ ਦਬਦਬੇ ਨੂੰ ਦਰਸਾਉਂਦਾ ਹੈ।

ਸਭਾ ਨੇ ਕਿਹਾ ਕਿ ਬੰਕਿਮ ਚੰਦਰ ਚੱਟੋਪਾਧਿਆਏ ਦੁਆਰਾ ਰਚਿਆ ਗਿਆ ਅਤੇ ਉਨ੍ਹਾਂ ਦੇ ਨਾਵਲ ਆਨੰਦਮਠ ਵਿੱਚ ਸ਼ਾਮਲ ਵੰਦੇ ਮਾਤਰਮ ਲੰਬੇ ਸਮੇਂ ਤੋਂ ਵਿਵਾਦਾਂ ਦਾ ਵਿਸ਼ਾ ਰਿਹਾ ਹੈ, ਕਿਉਂਕਿ ਇਸ ਵਿੱਚ ਮਾਤ ਭੂਮੀ ਨੂੰ ਹਿੰਦੂ ਦੇਵੀ-ਦੇਵਤਿਆਂ ਨਾਲ ਸੰਬੰਧਿਤ ਪ੍ਰਤੀਕਾਂ ਰਾਹੀਂ ਦਰਸਾਇਆ ਗਿਆ ਹੈ। ਸਭਾ ਅਨੁਸਾਰ ਸਿੱਖ ਧਰਮ, ਇਸਲਾਮ ਅਤੇ ਹੋਰ ਧਰਮਾਂ ਦੇ ਮੰਨਣ ਵਾਲਿਆਂ ਨੇ ਇਸ ਤਰ੍ਹਾਂ ਦੇ ਪ੍ਰਤੀਕਾਂ 'ਤੇ ਇਤਰਾਜ਼ ਜਤਾਇਆ ਹੈ, ਕਿਉਂਕਿ ਇਹ ਉਨ੍ਹਾਂ ਦੀਆਂ ਧਾਰਮਿਕ ਮਾਨਤਾਵਾਂ ਅਤੇ ਅੰਤਰ ਆਤਮਾ ਦੀ ਆਜ਼ਾਦੀ ਨਾਲ ਮੇਲ ਨਹੀਂ ਖਾਂਦੇ।

ਬਿਆਨ ਵਿੱਚ ਅੱਗੇ ਕਿਹਾ ਗਿਆ ਹੈ ਕਿ ਸੁਪਰੀਮ ਕੋਰਟ ਨੇ ਆਪਣੇ ਫ਼ੈਸਲਿਆਂ ਵਿੱਚ ਇਹ ਸਪੱਸ਼ਟ ਕੀਤਾ ਹੈ ਕਿ ਕਿਸੇ ਵੀ ਵਿਅਕਤੀ ਨੂੰ ਵੰਦੇ ਮਾਤਰਮ ਗਾਉਣ ਲਈ ਮਜ਼ਬੂਰ ਨਹੀਂ ਕੀਤਾ ਜਾ ਸਕਦਾ। ਇਸ ਸੰਦਰਭ ਵਿੱਚ ਕੇਰਲ ਦੇ ਉਸ ਪ੍ਰਸਿੱਧ ਮਾਮਲੇ ਦਾ ਵੀ ਹਵਾਲਾ ਦਿੱਤਾ ਗਿਆ ਹੈ, ਜਿਸ ਵਿੱਚ ਇਸਾਈ ਵਿਦਿਆਰਥੀਆਂ ਨੂੰ ਆਪਣੀ ਅੰਤਰ ਆਤਮਾ ਅਤੇ ਧਾਰਮਿਕ ਵਿਸ਼ਵਾਸਾਂ ਦੇ ਆਧਾਰ 'ਤੇ ਇਹ ਗੀਤ ਨਾ ਗਾਉਣ ਦੀ ਛੋਟ ਦਿੱਤੀ ਗਈ ਸੀ। ਸਭਾ ਨੇ ਇਹ ਵੀ ਕਿਹਾ ਕਿ ਆਜ਼ਾਦੀ ਦੀ ਲਹਿਰ ਦੌਰਾਨ ਵੀ ਵੰਦੇ ਮਾਤਰਮ ਬਾਰੇ ਕਦੇ ਪੂਰੀ ਸਹਿਮਤੀ ਨਹੀਂ ਬਣੀ ਸੀ।

ਇਸ ਨੇ ਯਾਦ ਕਰਵਾਇਆ ਕਿ ਰਬਿੰਦਰਨਾਥ ਟੈਗੋਰ ਨੇ ਸਿਰਫ਼ ਇਸ ਦੇ ਪਹਿਲੇ ਦੋ ਬੰਦ ਹੀ ਗਾਉਣ ਦੀ ਸਿਫ਼ਾਰਸ਼ ਕੀਤੀ ਸੀ। ਸੰਵਿਧਾਨ ਸਭਾ ਦੇ ਸਮੇਂ ਇਸ ਗੀਤ ਨੂੰ ਰਾਸ਼ਟਰੀ ਗਾਨ ਦੀ ਥਾਂ ਕੇਵਲ ਰਾਸ਼ਟਰੀ ਗੀਤ ਦਾ ਦਰਜਾ ਦਿੱਤਾ ਗਿਆ ਸੀ।

ਸਭਾ ਦਾ ਇਤਰਾਜ਼ ਹੈ ਕਿ ਮੌਜੂਦਾ ਕਾਨੂੰਨ ਇਸ ਇਤਿਹਾਸਕ ਸਥਿਤੀ ਤੋਂ ਹਟਦਿਆਂ ਵੰਦੇ ਮਾਤਰਮ ਨੂੰ ਰਾਸ਼ਟਰੀ ਗਾਨ ਦੇ ਬਰਾਬਰ ਕਾਨੂੰਨੀ ਸੁਰੱਖਿਆ ਪ੍ਰਦਾਨ ਕਰਦਾ ਹੈ ਅਤੇ ਇਸ ਦਾ ਜਾਣ-ਬੁੱਝ ਕੇ ਅਪਮਾਨ ਕਰਨ 'ਤੇ ਸਜ਼ਾ ਦੀ ਵਿਵਸਥਾ ਕਰਦਾ ਹੈ। ਸਭਾ ਨੇ ਕਿਹਾ ਕਿ ਰਾਸ਼ਟਰਪਤੀ ਅਤੇ ਰਾਜਪਾਲਾਂ ਦੀ ਹਾਜ਼ਰੀ ਵਾਲੇ ਸਰਕਾਰੀ ਸਮਾਗਮਾਂ ਵਿੱਚ ਇਸ ਗੀਤ ਦਾ ਵਾਜਬ ਤੌਰ 'ਤੇ ਵਜਾਇਆ ਜਾਣਾ ਧਾਰਮਿਕ ਘੱਟ ਗਿਣਤੀਆਂ ਉੱਤੇ ਬਹੁ-ਸੰਖਿਆਕ ਸਭਿਆਚਾਰਕ ਰਵਾਇਤਾਂ ਥੋਪਣ ਦੇ ਬਰਾਬਰ ਹੈ।

ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਨੇ ਦਲੀਲ ਦਿੱਤੀ ਕਿ ਇਹ ਕਾਨੂੰਨ ਭਾਰਤੀ ਸੰਵਿਧਾਨ ਵੱਲੋਂ ਪ੍ਰਦਾਨ ਕੀਤੀ ਗਈ ਅੰਤਰ ਆਤਮਾ ਦੀ ਆਜ਼ਾਦੀ ਅਤੇ ਸਨਾਤਨ ਧਰਮ ਤੋਂ ਇਲਾਵਾ ਹੋਰ ਧਰਮਾਂ ਨਾਲ ਸੰਬੰਧਿਤ ਨਾਗਰਿਕਾਂ ਦੇ ਮੌਲਿਕ ਅਧਿਕਾਰਾਂ ਦੀ ਉਲੰਘਣਾ ਕਰਦਾ ਹੈ।

ਇਸ ਸਾਂਝੇ ਬਿਆਨ 'ਤੇ ਪ੍ਰੋ. ਸ਼ਾਮ ਸਿੰਘ (ਪ੍ਰਧਾਨ), ਡਾ. ਖੁਸ਼ਹਾਲ ਸਿੰਘ (ਜਨਰਲ ਸਕੱਤਰ), ਜਸਪਾਲ ਸਿੰਘ ਸਿੱਧੂ (ਪੱਤਰਕਾਰ), ਗੁਰਪ੍ਰੀਤ ਸਿੰਘ (ਗਲੋਬਲ ਸਿੱਖ ਕੌਂਸਲ) ਰਾਜਵਿੰਦਰ ਸਿੰਘ ਰਾਹੀ ਅਤੇ ਸੁਰਿੰਦਰ ਸਿੰਘ ਕਿਸ਼ਨਪੁਰਾ ਨੇ ਆਪਣੇ ਦਸਤਖ਼ਤ ਕੀਤੇ ਹਨ।

# ਵਾਤਾਵਰਣ ਸਥਾਈ ਕਮੇਟੀ ਨੇ ਡੱਡੂ ਮਾਜਰਾ ਵਿਖੇ ਹਰਿਤ ਪਹਿਲ ਦਾ ਨਿਰੀਖਣ ਕੀਤਾ; ਪੌਦੇ ਲਗਾਉਣ ਦੀ ਮੁਹਿੰਮ ਦਾ ਆਯੋਜਨ




**ਚੰਡੀਗੜ੍ਹ, 11 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਹਿਰੀ ਹਰਿਤ ਖੇਤਰ ਨੂੰ ਹੁਲਾਰਾ ਦੇਣ, ਜੈਵ ਵਿਵਿਧਤਾ ਦੀ ਸੰਭਾਲ਼ ਅਤੇ ਵਾਤਾਵਰਣ ਸੁਰੱਖਿਆ ਵਿੱਚ ਜਨਭਾਗੀਦਾਰੀ ਨੂੰ ਪ੍ਰੋਤਸਾਹਿਤ ਕਰਨ ਦੇ ਉਦੇਸ਼ ਨਾਲ ਵਣ ਵਿਭਾਗ ਅਤੇ ਵਾਤਾਵਰਣ ਵਿਭਾਗ, ਯੂ.ਟੀ. ਚੰਡੀਗੜ੍ਹ ਦੁਆਰਾ ਅੱਜ ਬੋਟੈਨੀਕਲ ਗਾਰਡਨ, ਚੰਡੀਗੜ੍ਹ ਵਿਖੇ ਪੌਦੇ ਲਗਾਉਣ ਦੀ ਮੁਹਿੰਮ ਦਾ ਆਯੋਜਨ ਕੀਤਾ ਗਿਆ।

ਪ੍ਰਸ਼ਾਸਕ ਦੀ ਸਲਾਹਕਾਰ ਪਰਿਸ਼ਦ ਦੀ ਵਾਤਾਵਰਣ ਸਥਾਈ ਕਮੇਟੀ ਦੇ ਚੇਅਰਮੈਨ ਸ਼੍ਰੀ ਗਿਆਨ ਚੰਦ ਗੁਪਤਾ ਨੇ ਮੁੱਖ ਮਹਿਮਾਨ ਦੇ ਰੂਪ ਵਿੱਚ ਪੌਦੇ ਲਗਾਉਣ ਦੀ ਮੁਹਿੰਮ ਵਿੱਚ ਹਿੱਸਾ ਲਿਆ।

ਇਸ ਅਵਸਰ 'ਤੇ ਵਿਭਿੰਨ ਸਵਦੇਸ਼ੀ ਅਤੇ ਸਥਾਨਕ ਪਰਿਸਥਿਤੀਆਂ ਦੇ ਅਨੁਰੂਪ ਪੌਦੇ ਲਗਾਏ ਗਏ, ਜਿਸ ਨਾਲ ਚੰਡੀਗੜ੍ਹ ਵਿੱਚ ਗ੍ਰੀਨ ਕਵਰ ਵਧਾਉਣ ਅਤੇ ਵਾਤਾਵਰਣਕ ਸੰਤੁਲਨ ਨੂੰ ਮਜ਼ਬੂਤ ? ?ਕਰਨ ਦੀ ਦਿਸ਼ਾ ਵਿੱਚ ਚੰਡੀਗੜ੍ਹ ਪ੍ਰਸ਼ਾਸਨ ਦੀ ਪ੍ਰਤੀਬੱਧਤਾ ਨੂੰ ਬਲ ਮਿਲਿਆ।

ਇਸ ਅਵਸਰ 'ਤੇ ਸ਼੍ਰੀ ਗਿਆਨ ਚੰਦ ਗੁਪਤਾ ਨੇ ਕਿਹਾ ਕਿ ਪੌਦੇ ਲਗਾਉਣਾ ਕੇਵਲ ਰੁੱਖਾਂ ਦੀ ਸੰਖਿਆ ਵਧਾਉਣ ਤੱਕ ਸੀਮਿਤ ਨਹੀਂ ਹੈ, ਬਲਕਿ ਆਉਣ ਵਾਲੀਆਂ ਪੀੜ੍ਹੀਆਂ ਲਈ ਤੰਦਰੁਸਤ, ਟਿਕਾਊ ਅਤੇ ਜੈਵ ਵਿਵਿਧਤਾ ਨਾਲ ਸਮ੍ਰਿੱਧ ਹਰਿਤ ਵਾਤਾਵਰਣ ਤਿਆਰ ਕਰਨ ਦਾ ਮਾਧਿਅਮ ਹੈ। ਉਨ੍ਹਾਂ ਨੇ ਪੌਦਿਆਂ ਦੀ ਨਿਯਮਿਤ ਦੇਖਭਾਲ਼, ਸੰਭਾਲ਼ ਅਤੇ ਵਾਤਾਵਰਣ ਸੰਭਾਲ਼ ਵਿੱਚ ਨਾਗਰਿਕਾਂ ਅਤੇ ਸੰਸਥਾਵਾਂ ਦੀ ਸਰਗਰਮ ਭਾਗੀਦਾਰੀ 'ਤੇ ਬਲ ਦਿੱਤਾ।

ਮੁੱਖ ਵਣਪਾਲ-ਅਤੇ-ਡਾਇਰੈਕਟਰ, ਵਾਤਾਵਰਣ ਸ਼੍ਰੀ ਸੌਰਭ ਕੁਮਾਰ ਅਤੇ ਵਾਤਾਵਰਣ ਸਥਾਈ ਕਮੇਟੀ ਦੇ ਮੈਂਬਰਾਂ, ਸ਼੍ਰੀ ਜਗਦੀਸ਼ ਵਾਲੀਆ, ਡਾ. ਰਵਿੰਦਰ ਨਾਥ ਅਤੇ ਸ਼੍ਰੀ ਮਨਮੋਹਨ ਖੰਨਾ ਵੀ ਪੌਦੇ ਲਗਾਉਣ ਦੀ ਮੁਹਿੰਮ ਵਿੱਚ ਸ਼ਾਮਲ ਹੋਏ। ਇਸ ਅਵਸਰ 'ਤੇ ਵਣ ਵਿਭਾਗ ਅਤੇ ਵਾਤਾਵਰਣ ਵਿਭਾਗ ਦੇ ਅਧਿਕਾਰੀ ਅਤੇ ਕਰਮਚਾਰੀ ਵੀ ਉਪਸਥਿਤ ਰਹੇ।

ਪੌਦੇ ਲਗਾਉਣ ਦੇ ਪ੍ਰੋਗਰਾਮ ਤੋਂ ਬਾਅਦ ਸ਼੍ਰੀ ਗਿਆਨ ਚੰਦ ਗੁਪਤਾ ਅਤੇ ਵਾਤਾਵਰਣ ਸਥਾਈ ਕਮੇਟੀ ਦੇ ਮੈਂਬਰਾਂ ਨੇ ਡੱਡੂ ਮਾਜਰਾ ਦਾ ਦੌਰਾ ਕੀਤਾ, ਜਿੱਥੇ ਵਣ ਮਹੋਤਸਵ ਦੇ ਦੌਰਾਨ ਵਿਆਪਕ ਪੱਧਰ 'ਤੇ ਪੌਦੇ ਲਗਾਏ ਗਏ ਹਨ। ਇਹ ਪਹਿਲ ਪਹਿਲਾਂ ਦੇ ਲਿਗੇਸੀ ਵੇਸਟ ਸਥਲ ਨੂੰ ਹਰਿਤ ਅਤੇ ਵਾਤਾਵਰਣਕ ਦ੍ਰਿਸ਼ਟੀ ਤੋਂ ਟਿਕਾਊ ਖੇਤਰ ਵਿੱਚ ਬਦਲਣ ਲੋਕਾਂ ਚਲ ਰਹੇ ਪ੍ਰਯਾਸਾਂ ਦਾ ਹਿੱਸਾ ਹੈ।

ਡੱਡੂ ਮਾਜਰਾ ਵਿੱਚ ਨਗਰ ਨਿਗਮ ਚੰਡੀਗੜ੍ਹ ਦੇ ਕਮਿਸ਼ਨਰ ਸ਼੍ਰੀ ਅਮਿਤ ਕੁਮਾਰ ਨੇ ਵਫ਼ਦ ਨੂੰ ਲਿਗੇਸੀ ਵੇਸਟ ਦੇ ਵਿਗਿਆਨਿਕ ਨਿਸਤਾਰਣ ਅਤੇ ਉਪਚਾਰ, ਸਥਲ ਦੇ ਪੁਨਰਵਾਸ ਅਤੇ ਹਰਿਤ ਵਿਕਾਸ ਨਾਲ ਜੁੜੇ ਵਿਭਿੰਨ ਕਾਰਜਾਂ ਦੀ ਜਾਣਕਾਰੀ ਦਿੱਤੀ। ਉਨ੍ਹਾਂ ਨੇ ਉੱਥੇ ਲਗਾਏ ਗਏ ਪੌਦਿਆਂ ਅਤੇ ਆਸਪਾਸ ਦੇ ਖੇਤਰ ਨੂੰ ਅਧਿਕ ਸਵੱਛ, ਹਰਿਤ ਅਤੇ ਤੰਦਰੁਸਤ ਬਣਾਉਣ ਲਈ ਅਪਣਾਏ ਜਾ ਰਹੇ ਹੋਰ ਉਪਾਵਾਂ ਬਾਰੇ ਵੀ ਜਾਣੂ ਕਰਵਾਇਆ।

ਇਸ ਦੌਰੇ ਨੇ ਵਣ ਵਿਭਾਗ, ਵਾਤਾਵਰਣ ਵਿਭਾਗ ਅਤੇ ਨਗਰ ਨਿਗਮ ਚੰਡੀਗੜ੍ਹ ਦੇ ਤਾਲਮੇਲ ਵਾਲੇ ਪ੍ਰਯਾਸਾਂ ਨੂੰ ਰੇਖਾਂਕਿਤ ਕੀਤਾ, ਜਿਨ੍ਹਾਂ ਦਾ ਉਦੇਸ਼ ਖਰਾਬ ਹੋਏ ਖੇਤਰਾਂ ਦਾ ਪੁਨਰਜੀਵਨ, ਗ੍ਰੀਨ ਕਵਰ ਵਿੱਚ ਵਾਧੇ ਅਤੇ ਵਾਤਾਵਰਣ ਅਨੁਕੂਲ ਜਨਤਕ ਸਥਲਾਂ ਦਾ ਵਿਕਾਸ ਕਰਨਾ ਹੈ।

ਡੱਡੂ ਮਾਜਰਾ ਵਿਖੇ ਕੀਤੇ ਜਾ ਰਹੇ ਕਾਰਜ ਇਹ ਵੀ ਦਰਸਾਉਂਦੇ ਹਨ ਕਿ ਸਾਇੰਟਿਫਿਕ ਵੇਸਟ ਮੈਨੇਜਮੈਂਟ, ਵਾਤਾਵਰਣਕ ਪੁਨਰਸਥਾਪਨ ਅਤੇ ਨਿਰੰਤਰ ਹਰਿਤ ਦਖਲਅੰਦਾਜ਼ੀਆਂ ਦੇ ਜ਼ਰੀਏ ਲਿਗੇਸੀ ਵੇਸਟ ਤੋਂ ਪ੍ਰਭਾਵਿਤ ਖੇਤਰਾਂ ਦਾ ਪ੍ਰਭਾਵੀ ਪੁਨਰਵਾਸ ਕੀਤਾ ਜਾ ਸਕਦਾ ਹੈ।

ਪੌਦੇ ਲਗਾਉਣ ਦੀ ਮੁਹਿੰਮ ਅਤੇ ਸਥਲ ਨਿਰੀਖਣ ਨੇ ਵਾਤਾਵਰਣਕ ਸਥਿਰਤਾ, ਈਕੋਸਿਸਟਮ ਪੁਨਰਸਥਾਪਨ, ਜੈਵ ਵਿਵਿਧਤਾ ਸੰਭਾਲ਼ ਅਤੇ ਅਧਿਕ ਹਰਿਤ, ਸਵੱਛ ਅਤੇ ਤੰਦਰੁਸਤ ਚੰਡੀਗੜ੍ਹ ਦੇ ਨਿਰਮਾਣ ਪ੍ਰਤੀ ਚੰਡੀਗੜ੍ਹ ਪ੍ਰਸ਼ਾਸਨ ਦੀ ਪ੍ਰਤੀਬੱਧਤਾ ਨੂੰ ਦੁਬਾਰਾ ਰੇਖਾਂਕਿਤ ਕੀਤਾ।

# ਸਕੂਲ ਆਫ ਐਮੀਨੈਂਸ ਤਰਨ ਤਾਰਨ ਵਿਖੇ ਲਗਾਇਆ ਬਿਜਨਸ ਬਲਾਸਟਰ ਮੇਲਾ



**ਤਰਨਤਾਰਨ, 11 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਵਿਦਿਆਰਥੀਆਂ ਨੂੰ ਉੱਦਮਤਾ ਅਤੇ ਸਵੈ-ਰੁਜ਼ਗਾਰ ਵੱਲ ਪ੍ਰੇਰਿਤ ਕਰਨ ਦੇ ਉਦੇਸ਼ ਨਾਲ ਚਲਾਈ ਜਾ ਰਹੀ ਬਿਜਨਸ ਬਲਾਸਟਰ ਯੋਜਨਾ ਤਹਿਤ ਜ਼ਿਲ੍ਹੇ ਦੇ ਸਮੂਹ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਮੇਲੇ ਕਰਵਾਏ ਗਏ।

ਜ਼ਿਲ੍ਹਾ ਸਿੱਖਿਆ ਅਫ਼ਸਰ ਰਾਜੀਵ ਕੁਮਾਰ ਛਾਬੜਾ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਰਜਿੰਦਰ ਕੌਰ ਵੱਲੋਂ ਅੱਜ ਸਕੂਲ ਆਫ ਐਮੀਨੈਂਸ ਤਰਨ ਤਾਰਨ ਲੜਕੇ ਵਿਖੇ ਲਗਾਏ ਗਏ ਬਿਜਨਸ ਬਲਾਸਟਰ ਮੇਲੇ ਦਾ ਵਿਸ਼ੇਸ਼ ਤੌਰ 'ਤੇ ਨਿਰੀਖਣ ਕੀਤਾ ਗਿਆ। ਇਸ ਮੌਕੇ ਅਧਿਕਾਰੀਆਂ ਨੇ ਵਿਦਿਆਰਥੀਆਂ ਵੱਲੋਂ ਲਗਾਏ ਗਏ ਵੱਖ-ਵੱਖ ਸਟਾਲਾਂ ਦਾ ਦੌਰਾ ਕੀਤਾ ਅਤੇ ਉਨ੍ਹਾਂ ਦੇ ਉਪਰਾਲਿਆਂ ਦੀ ਸ਼ਲਾਘਾ ਕੀਤੀ।

ਜ਼ਿਲ੍ਹਾ ਸਿੱਖਿਆ ਅਫ਼ਸਰ ਰਾਜੀਵ ਕੁਮਾਰ ਛਾਬੜਾ ਨੇ ਕਿਹਾ ਕਿ ਬਿਜਨਸ ਬਲਾਸਟਰ ਸਕੀਮ ਰਾਹੀਂ ਵਿਦਿਆਰਥੀ ਛੋਟੀ ਉਮਰ ਤੋਂ ਹੀ ਕਾਰੋਬਾਰੀ ਹੁਨਰ ਸਿੱਖਣਗੇ ਅਤੇ ਭਵਿੱਖ ਵਿੱਚ ਆਪਣੇ ਪੈਰਾਂ 'ਤੇ ਖੜ੍ਹੇ ਹੋ ਕੇ ਸਮਾਜ ਦੀ ਆਰਥਿਕਤਾ ਵਿੱਚ ਯੋਗਦਾਨ ਪਾਉਣਗੇ।

ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਰਜਿੰਦਰ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਪੰਜਾਬ ਸਰਕਾਰ ਵੱਲੋਂ ਬਿਜਨਸ ਬਲਾਸਟਰ ਸਕੀਮ ਲਈ ਜਾਰੀ ਕੀਤੀ ਗਈ 59,51,000 ਰੁਪਏ ਦੀ ਸੀਡ ਮਨੀ ਸਿੱਧੇ ਤੌਰ 'ਤੇ ਵਿਦਿਆਰਥੀਆਂ ਦੇ ਖਾਤਿਆਂ ਵਿੱਚ ਟ੍ਰਾਂਸਫਰ ਕੀਤੀ ਗਈ ਹੈ। ਇਸ ਰਾਸ਼ੀ ਦੀ ਵਰਤੋਂ ਕਰਦਿਆਂ ਵਿਦਿਆਰਥੀਆਂ ਨੇ ਜ਼ਿਲ੍ਹੇ ਦੇ ਵੱਖ-ਵੱਖ ਸਕੂਲਾਂ ਵਿੱਚ ਮੇਲੇ ਲਗਾ ਕੇ ਆਪਣੇ ਕਾਰੋਬਾਰੀ ਵਿਚਾਰ ਪੇਸ਼ ਕੀਤੇ।

ਇਸ ਤੋਂ ਪਹਿਲਾਂ 27 ਤੋਂ 29 ਜੁਲਾਈ ਤੱਕ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪੰਡੋਰੀ ਗੋਲਾ ਵਿਖੇ ਪ੍ਰਿੰਸੀਪਲ ਸ੍ਰੀਮਤੀ ਗੀਤਾਂਜਲੀ ਦੀ ਅਗਵਾਈ ਹੇਠ ਰਾਜ ਪੱਧਰੀ ਬਿਜਨਸ ਬਲਾਸਟਰ ਟ੍ਰੇਨਿੰਗ ਪ੍ਰੋਗਰਾਮ ਕਰਵਾਇਆ ਗਿਆ, ਜਿਸ ਵਿੱਚ ਤਰਨ ਤਾਰਨ, ਅੰਮ੍ਰਿਤਸਰ ਅਤੇ ਫਿਰੋਜ਼ਪੁਰ ਜ਼ਿਲ੍ਹਿਆਂ ਦੇ ਮਾਸਟਰ ਟ੍ਰੇਨਰਾਂ ਨੇ ਭਾਗ ਲਿਆ।ਇਸੇ ਲੜੀ ਤਹਿਤ 6 ਅਤੇ 11 ਅਗਸਤ ਨੂੰ ਬਲਾਕ ਪੱਧਰੀ ਟ੍ਰੇਨਿੰਗ ਪ੍ਰੋਗਰਾਮ ਵੀ ਚਲਾਇਆ ਜਾ ਰਿਹਾ ਹੈ, ਜਿਸ ਵਿੱਚ 11ਵੀਂ ਅਤੇ 12ਵੀਂ ਜਮਾਤ ਨੂੰ ਉੱਦਮਤਾ ਵਿਸ਼ਾ ਪੜ੍ਹਾਉਣ ਵਾਲੇ ਅਧਿਆਪਕਾਂ ਨੂੰ ਸਿਖਲਾਈ ਦਿੱਤੀ ਜਾ ਰਹੀ ਹੈ।

# ਦਾਲਾਂ ਦੀ ਕਾਸ਼ਤ ਸਬੰਧੀ ਲਗਾਇਆ ਕਿਸਾਨ ਜਾਗਰੂਕਤਾ ਕੈਂਪ



**ਤਰਨਤਾਰਨ, 11 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਖੇਤੀਬਾੜੀ ਅਫ਼ਸਰ ਤਰਨ ਤਰਨ ਡਾ. ਤੇਜਬੀਰ ਸਿੰਘ ਭੰਗੂ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਬਲਾਕ ਪੱਟੀ ਵੱਲੋਂ ਦਾਲਾਂ ਦੀ ਕਾਸ਼ਤ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਕਿਸਾਨ ਜਾਗਰੂਕਤਾ ਕੈਂਪ ਲਗਾਇਆ ਗਿਆ। ਕੈਂਪ ਵਿੱਚ ਕਿਸਾਨਾਂ ਨੂੰ ਅਰਹਰ ਸਮੇਤ ਵੱਖ-ਵੱਖ ਦਾਲਾਂ ਦੀ ਵਿਗਿਆਨਕ ਕਾਸ਼ਤ, ਫ਼ਸਲ ਪ੍ਰਬੰਧਨ ਅਤੇ ਵੱਧ ਝਾੜ ਪ੍ਰਾਪਤ ਕਰਨ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ।

ਕੈਂਪ ਦੌਰਾਨ ਬਲਾਕ ਖੇਤੀਬਾੜੀ ਅਫ਼ਸਰ, ਪੱਟੀ ਡਾ. ਭੁਪਿੰਦਰ ਸਿੰਘ ਨੇ ਕਿਸਾਨਾਂ ਨੂੰ ਫ਼ਸਲੀ ਵਿਭਿੰਨਤਾ ਅਪਣਾਉਣ, ਦਾਲਾਂ ਹੇਠ ਰਕਬਾ ਵਧਾਉਣ ਅਤੇ ਖੇਤੀਬਾੜੀ ਵਿਭਾਗ ਦੀਆਂ ਸਕੀਮਾਂ ਦਾ ਲਾਭ ਲੈਣ ਲਈ ਪ੍ਰੇਰਿਤ ਕੀਤਾ।ਡਾ. ਨਵਜੋਤ ਸਿੰਘ ਬਰਾੜ, ਕ੍ਰਿਸ਼ੀ ਵਿਗਿਆਨ ਕੇਂਦਰ, ਬੂਹ ਨੇ ਅਰਹਰ ਅਤੇ ਹੋਰ ਦਾਲਾਂ ਦੀਆਂ ਸਿਫ਼ਾਰਸ਼ੀ ਕਿਸਮਾਂ, ਬਿਜਾਈ ਸਮਾਂ, ਬੀਜ ਸੋਧ, ਪੋਸ਼ਕ ਤੱਤ ਪ੍ਰਬੰਧਨ ਅਤੇ ਵਿਗਿਆਨਕ ਕਾਸ਼ਤ ਤਕਨੀਕਾਂ ਬਾਰੇ ਜਾਣਕਾਰੀ ਦਿੱਤੀ।

ਡਾ. ਹਰਮਨਦੀਪ ਕੌਰ, ਏ.ਡੀ.ਓ. (ਮਿੱਟੀ ਪਰਖ) ਨੇ ਮਿੱਟੀ ਦੀ ਜਾਂਚ ਦੀ ਮਹੱਤਤਾ ਬਾਰੇ ਦੱਸਦਿਆਂ ਕਿਸਾਨਾਂ ਨੂੰ ਮਿੱਟੀ ਦੀ ਜਾਂਚ ਦੇ ਆਧਾਰ 'ਤੇ ਹੀ ਖਾਦਾਂ ਦੀ ਵਰਤੋਂ ਕਰਨ ਦੀ ਅਪੀਲ ਕੀਤੀ, ਤਾਂ ਜੋ ਖ਼ਰਚ ਘਟੇ ਅਤੇ ਮਿੱਟੀ ਦੀ ਸਿਹਤ ਬਣੀ ਰਹੇ।

ਡਾ. ਪਰਮਿੰਦਰ ਕੌਰ, ਏ.ਡੀ.ਓ (ਪੌਦਾ ਸੁਰੱਖਿਆ) ਨੇ ਦਾਲਾਂ ਦੀਆਂ ਫ਼ਸਲਾਂ ਵਿੱਚ ਆਉਣ ਵਾਲੇ ਮੁੱਖ ਕੀੜਿਆਂ ਅਤੇ ਬਿਮਾਰੀਆਂ ਦੀ ਪਛਾਣ, ਨਿਗਰਾਨੀ ਅਤੇ ਇਕਸਾਰ ਕੀਟ ਪ੍ਰਬੰਧਨ (ਆਈ. ਪੀ.ਐਮ) ਬਾਰੇ ਜਾਣਕਾਰੀ ਦਿੱਤੀ ਅਤੇ ਲੋੜ ਪੈਣ 'ਤੇ ਹੀ ਸਿਫ਼ਾਰਸ਼ੀ ਦਵਾਈਆਂ ਦੀ ਵਰਤੋਂ ਕਰਨ ਲਈ ਕਿਹਾ।ਅੰਤ ਵਿੱਚ ਕਿਸਾਨਾਂ ਦੇ ਸਵਾਲਾਂ ਦੇ ਜਵਾਬ ਦਿੱਤੇ ਗਏ ਅਤੇ ਉਨ੍ਹਾਂ ਨੂੰ ਵਿਗਿਆਨਕ ਸਿਫ਼ਾਰਸ਼ਾਂ ਅਨੁਸਾਰ ਦਾਲਾਂ ਦੀ ਕਾਸ਼ਤ ਕਰਕੇ ਵੱਧ ਉਤਪਾਦਨ ਅਤੇ ਆਮਦਨ ਪ੍ਰਾਪਤ ਕਰਨ ਦਾ ਸੱਦਾ ਦਿੱਤਾ ਗਿਆ। ਇਸ ਦੌਰਾਨ ਖੇਤੀ ਉਪ ਨਿਰੀਖਕ ਨਿਸ਼ਾਨ ਸਿੰਘ, ਗੁਰਸਿਮਰਨ ਸਿੰਘ, ਬਾਜਾ ਸਿੰਘ, ਗੁਰਦੇਵ ਸਿੰਘ ਤਕਨੀਕੀ ਸਹਾਇਕ ਪ੍ਰਬੰਧਕ, ਫੀਲਡ ਵਰਕਰ ਦਿਲਬਾਗ ਸਿੰਘ ਫਤਿਹ ਸਿੰਘ ਨੇ ਸਹਿਯੋਗ ਅਤੇ ਜਾਣਕਾਰੀ ਸਾਂਝੀ ਕੀਤੀ।

# ਵਧੀਕ ਡਿਪਟੀ ਕਮਿਸ਼ਨਰ ਨੇ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਦਿੱਤੇ ਦਿਸ਼ਾ-ਨਿਰਦੇਸ਼

**ਹੁਸ਼ਿਆਰਪੁਰ, 11 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਆਜ਼ਾਦੀ ਦਿਵਸ ਮੌਕੇ ਸਥਾਨਕ ਪੁਲਿਸ ਲਾਈਨ ਗਰਾਊਂਡ ਵਿੱਚ ਹੋਣ ਵਾਲੇ ਜ਼ਿਲ੍ਹਾ ਪੱਧਰੀ ਸਮਾਗਮ ਦੀਆਂ ਤਿਆਰੀਆਂ ਸਬੰਧੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਰਾਕੇਸ਼ ਕੁਮਾਰ ਮੀਨਾ ਨੇ ਸਾਰੇ ਅਧਿਕਾਰੀਆਂ ਨੂੰ ਤਨਦੇਹੀ ਅਤੇ ਜ਼ਿੰਮੇਵਾਰੀ ਨਾਲ ਆਪਣੀਆਂ ਡਿਊਟੀਆਂ ਨਿਭਾਉਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਅਧਿਕਾਰੀਆਂ ਨੂੰ ਸੌਂਪੀਆਂ ਗਈਆਂ ਡਿਊਟੀਆਂ ਨੂੰ ਪੂਰੀ ਗੰਭੀਰਤਾ ਨਾਲ ਨਿਭਾਉਣ ਲਈ ਕਿਹਾ। ਉਨ੍ਹਾਂ ਕਿਹਾ ਕਿ ਆਜ਼ਾਦੀ ਦਿਵਸ ਸਮਾਗਮ ਲਈ ਪੁਲਿਸ ਲਾਈਨ ਗਰਾਊਂਡ ਵਿੱਚ ਕੀਤੇ ਜਾਣ ਵਾਲੇ ਪ੍ਰਬੰਧਾਂ ਵਿੱਚ ਕਿਸੇ ਵੀ ਤਰ੍ਹਾਂ ਦੀ ਕੋਈ ਕਮੀ ਨਹੀਂ ਰਹਿਣੀ ਚਾਹੀਦੀ।

# ਹਰ ਮਰੀਜ਼ ਦਾ ਆਭਾ ਕਾਰਡ ਬਣਾਉਣਾ ਅਤੇ ਡਿਜੀਟਲ ਸਿਹਤ ਰਿਕਾਰਡ ਯਕੀਨੀ ਬਣਾਉਣਾ ਸਮੇਂ ਦੀ ਲੋੜ : ਚੰਦਰ ਜਯੋਤੀ ਸਿੰਘ ਵਧੀਕ ਡਿਪਟੀ ਕਮਿਸ਼ਨਰ

**ਸ੍ਰੀ ਆਨੰਦਪੁਰ ਸਾਹਿਬ, 11 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਨੈਸ਼ਨਲ ਹੈਲਥ ਮਿਸ਼ਨ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਪੰਜਾਬ ਅਤੇ ਨੈਸ਼ਨਲ ਹੈਲਥ ਅਥਾਰਟੀ ਦੇ ਸਾਂਝੇ ਉਪਰਾਲੇ ਤਹਿਤ ਆਯੂਸ਼ਮਾਨ ਭਾਰਤ ਡਿਜੀਟਲ ਮਿਸ਼ਨ ਸਬੰਧੀ ਇੱਕ ਵਿਸ਼ੇਸ਼ ਸੈਮੀਨਾਰ ਅਤੇ ਵਰਕਸ਼ਾਪ ਦਾ ਆਯੋਜਨ ਸ੍ਰੀ ਅਨੰਦਪੁਰ ਸਾਹਿਬ ਸਥਿਤ ਵਿਰਾਸਤ-ਏ-ਖਾਲਸਾ ਆਡੀਟੋਰੀਅਮ ਵਿੱਚ ਕੀਤਾ ਗਿਆ। ਇਸ ਸੈਮੀਨਾਰ ਵਿੱਚ ਜ਼ਿਲ੍ਹੇ ਦੇ ਡਾਕਟਰਾਂ, ਮੈਡੀਕਲ ਅਫ਼ਸਰਾਂ, ਲੈਬ ਟੈਕਨੀਸ਼ੀਅਨਾਂ, ਫਾਰਮਾਸਿਸਟਾਂ ਅਤੇ ਹੋਰ ਸਿਹਤ ਕਰਮਚਾਰੀਆਂ ਨੇ ਵੱਡੀ ਗਿਣਤੀ ਵਿੱਚ ਭਾਗ ਲਿਆ। ਵਰਕਸ਼ਾਪ ਦੌਰਾਨ ਆਯੂਸ਼ਮਾਨ ਭਾਰਤ ਡਿਜੀਟਲ ਮਿਸ਼ਨ ਦੇ ਉਦੇਸ਼ਾਂ, ਆਭਾ ਕਾਰਡ ਦੀ ਮਹੱਤਤਾ ਅਤੇ ਡਿਜੀਟਲ ਸਿਹਤ ਰਿਕਾਰਡ ਪ੍ਰਣਾਲੀ ਬਾਰੇ ਵਿਸਥਾਰਪੂਰਵਕ ਜਾਣਕਾਰੀ ਸਾਂਝੀ ਕੀਤੀ ਗਈ।

ਸੈਮੀਨਾਰ ਨੂੰ ਸੰਬੋਧਨ ਕਰਦਿਆਂ ਚੰਦਰ ਜਯੋਤੀ ਸਿੰਘ ਆਈ.ਏ.ਐਸ. ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਨੇ ਕਿਹਾ ਕਿ ਭਾਰਤ ਸਰਕਾਰ ਵੱਲੋਂ ਰੂਪਨਗਰ ਜ਼ਿਲ੍ਹੇ ਨੂੰ ਆਯੂਸ਼ਮਾਨ ਭਾਰਤ ਡਿਜੀਟਲ ਮਿਸ਼ਨ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਚੁਣਿਆ ਗਿਆ ਹੈ, ਜਿਸ ਨਾਲ ਜ਼ਿਲ੍ਹੇ ਦੇ ਲੋਕਾਂ ਨੂੰ ਬਿਹਤਰ ਅਤੇ ਪਾਰਦਰਸ਼ੀ ਸਿਹਤ ਸੇਵਾਵਾਂ ਦਾ ਲਾਭ ਮਿਲੇਗਾ। ਉਨ੍ਹਾਂ ਕਿਹਾ ਕਿ ਇਹ ਯੋਜਨਾ ਪੰਜਾਬ ਵਿੱਚ ਡਿਜੀਟਲ ਸਿਹਤ ਕ੍ਰਾਂਤੀ ਦੀ ਸ਼ੁਰੂਆਤ ਸਾਬਤ ਹੋਵੇਗੀ। ਉਨ੍ਹਾਂ ਇਹ ਵੀ ਦੱਸਿਆ ਕਿ ਪੰਜਾਬ ਪਹਿਲਾਂ ਹੀ ਸੂਬਾ ਵਾਸੀਆਂ ਨੂੰ ਮਿਆਰੀ ਸਿਹਤ ਸਹੂਲਤਾਂ ਪ੍ਰਦਾਨ ਕਰਨ ਵਿੱਚ ਅੱਗੇ ਹੈ ਅਤੇ ਇਹ ਮਿਸ਼ਨ ਸਿਹਤ ਸੇਵਾਵਾਂ ਨੂੰ ਹੋਰ ਪ੍ਰਭਾਵਸ਼ਾਲੀ, ਆਧੁਨਿਕ ਅਤੇ ਮਰੀਜ਼-ਕੇਂਦਰਿਤ ਬਣਾਏਗਾ।




ਵਰਕਸ਼ਾਪ ਦੌਰਾਨ ਮਾਹਰਾਂ ਨੇ ਦੱਸਿਆ ਕਿ ਹਰ ਮਰੀਜ਼ ਦਾ ਆਭਾ ਕਾਰਡ ਬਣਾਉਣਾ ਅਤੇ ਉਸ ਵਿੱਚ ਇਲਾਜ, ਦਵਾਈਆਂ, ਜਾਂਚਾਂ, ਐਲਰਜੀ, ਪ੍ਰਹੇਜ਼, ਪੁਰਾਣੀਆਂ ਬਿਮਾਰੀਆਂ ਅਤੇ ਹੋਰ ਲੋੜੀਂਦੀ ਸਿਹਤ ਜਾਣਕਾਰੀ ਨੂੰ ਡਿਜੀਟਲ ਰੂਪ ਵਿੱਚ ਦਰਜ ਕਰਨਾ ਬਹੁਤ ਜ਼ਰੂਰੀ ਹੈ। ਇਸ ਨਾਲ ਭਵਿੱਖ ਵਿੱਚ ਜਦੋਂ ਵੀ ਮਰੀਜ਼ ਕਿਸੇ ਵੀ ਸਰਕਾਰੀ ਜਾਂ ਮਾਨਤਾ ਪ੍ਰਾਪਤ ਸਿਹਤ ਸੰਸਥਾ ਵਿੱਚ ਇਲਾਜ ਲਈ ਪਹੁੰਚੇਗਾ ਤਾਂ ਡਾਕਟਰਾਂ ਨੂੰ ਉਸ ਦਾ ਪੂਰਾ ਮੈਡੀਕਲ ਡਾਟਾ ਤੁਰੰਤ ਉਪਲਬਧ ਹੋਵੇਗਾ। ਇਸ ਨਾਲ ਪੁਰਾਣੀਆਂ ਬਿਮਾਰੀਆਂ ਦੀ ਜਾਣਕਾਰੀ ਨਾ ਹੋਣ ਕਾਰਨ ਇਲਾਜ ਵਿੱਚ ਹੋਣ ਵਾਲੀ ਬੇਲੋੜੀ ਦੇਰੀ ਤੋਂ ਬਚਿਆ ਜਾ ਸਕੇਗਾ ਅਤੇ ਇਲਾਜ ਦੌਰਾਨ ਲੋੜੀਂਦੇ ਪ੍ਰਹੇਜ਼ ਅਤੇ ਸਾਵਧਾਨੀਆਂ ਵੀ ਆਸਾਨੀ ਨਾਲ ਅਪਣਾਈਆਂ ਜਾ ਸਕਣਗੀਆਂ।

ਸੈਮੀਨਾਰ ਵਿੱਚ ਵਿਸ਼ੇਸ਼ ਤੌਰ 'ਤੇ ਲੈਬ ਟੈਕਨੀਸ਼ੀਅਨਾਂ ਅਤੇ ਹੋਰ ਸਿਹਤ ਕਰਮਚਾਰੀਆਂ ਨੂੰ ਡਿਜੀਟਲ ਹੈਲਥ ਰਿਕਾਰਡ ਨੂੰ ਸਹੀ ਅਤੇ ਸਮੇਂ ਸਿਰ ਅਪਡੇਟ ਕਰਨ ਸੰਬੰਧੀ ਸਿਖਲਾਈ ਦਿੱਤੀ ਗਈ। ਉਨ੍ਹਾਂ ਨੂੰ ਦੱਸਿਆ ਗਿਆ ਕਿ ਮਰੀਜ਼ ਨੂੰ ਕਿਸ ਸਮੇਂ ਕਿਹੜੀ ਦਵਾਈ ਦਿੱਤੀ ਗਈ, ਕਿਹੜੀਆਂ ਜਾਂਚਾਂ ਕੀਤੀਆਂ ਗਈਆਂ, ਇਲਾਜ ਦਾ ਕੀ ਨਤੀਜਾ ਰਿਹਾ ਅਤੇ ਅੱਗੇ ਲਈ ਕਿਹੜੀਆਂ ਸਾਵਧਾਨੀਆਂ ਜਾਂ ਪ੍ਰਹੇਜ਼ ਲਾਜ਼ਮੀ ਹਨ, ਇਹ ਸਾਰਾ ਵੇਰਵਾ ਆਭਾ ਕਾਰਡ ਵਿੱਚ ਦਰਜ ਕੀਤਾ ਜਾਵੇ। ਇਸ ਨਾਲ ਮਾਹਰ ਡਾਕਟਰਾਂ ਤੱਕ ਮਰੀਜ਼ ਦਾ ਸਮੁੱਚਾ ਸਿਹਤ ਰਿਕਾਰਡ ਪਾਰਦਰਸ਼ੀ ਢੰਗ ਨਾਲ ਪਹੁੰਚੇਗਾ ਅਤੇ ਲੋੜ ਪੈਣ 'ਤੇ ਬਿਹਤਰ ਅਤੇ ਤੇਜ਼ ਇਲਾਜ ਸੰਭਵ ਹੋ ਸਕੇਗਾ।

ਸੈਮੀਨਾਰ ਦੇ ਅੰਤ ਵਿੱਚ ਸਿਹਤ ਵਿਭਾਗ ਦੇ ਅਧਿਕਾਰੀਆਂ ਨੇ ਸਾਰੇ ਡਾਕਟਰਾਂ, ਮੈਡੀਕਲ ਸਟਾਫ ਅਤੇ ਲੈਬ ਟੈਕਨੀਸ਼ੀਅਨਾਂ ਨੂੰ ਅਪੀਲ ਕੀਤੀ ਕਿ ਆਯੂਸ਼ਮਾਨ ਭਾਰਤ ਡਿਜੀਟਲ ਮਿਸ਼ਨ ਨੂੰ ਸਫਲ ਬਣਾਉਣ ਲਈ ਹਰ ਯੋਗ ਮਰੀਜ਼ ਦਾ ਆਭਾ ਕਾਰਡ ਬਣਾਉਣਾ ਯਕੀਨੀ ਬਣਾਇਆ ਜਾਵੇ ਅਤੇ ਹਰ ਇਲਾਜ ਨਾਲ ਸੰਬੰਧਿਤ ਜਾਣਕਾਰੀ ਸਮੇਂ ਸਿਰ ਡਿਜੀਟਲ ਰਿਕਾਰਡ ਵਿੱਚ ਦਰਜ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਇਸ ਉਪਰਾਲੇ ਨਾਲ ਸਿਹਤ ਸੇਵਾਵਾਂ ਵਿੱਚ ਪਾਰਦਰਸ਼ਤਾ, ਤੇਜ਼ੀ ਅਤੇ ਗੁਣਵੱਤਾ ਵਿੱਚ ਮਹੱਤਵਪੂਰਨ ਸੁਧਾਰ ਆਵੇਗਾ ਅਤੇ ਮਰੀਜ਼ਾਂ ਨੂੰ ਭਵਿੱਖ ਵਿੱਚ ਕਿਸੇ ਵੀ ਥਾਂ ਉੱਤੇ ਆਪਣਾ ਸਹੀ ਅਤੇ ਸੰਪੂਰਨ ਸਿਹਤ ਰਿਕਾਰਡ ਉਪਲਬਧ ਹੋ ਸਕੇਗਾ।

ਇਸ ਮੌਕੇ ਡਾ.ਬੌਬੀ ਗੁਲਾਟੀ, ਡਾ.ਅੰਜਲੀ ਚੌਧਰੀ, ਡਾ.ਉਰਮਿਲ ਗਰਗ, ਡਾ.ਸਾਰਿਕਾ, ਡਾ. ਹਰਸ਼ਰਨ ਕਾਲੀਆ, ਸਮੂਹ ਐਸ.ਐਮ.ਓ., ਸਮੂਹ ਪ੍ਰੋਗਰਾਮ ਅਫ਼ਸਰ, ਸੀ.ਐਸ. ਦਫ਼ਤਰ ਦੇ ਸਮੂਹ ਮੀਡੀਆ ਵਿੰਗ ਦੇ ਅਧਿਕਾਰੀ, ਸੁਸ਼੍ਰੀ ਵਸੁੰਧਰਾ ਜੇ.ਡੀ.ਆਈ.ਟੀ., ਡੌਲੀ ਸਿੰਗਲਾ ਡੀ.ਪੀ.ਐਮ., ਅਕਸ਼ੈ ਸ਼ਰਮਾ ਡਿਪਟੀ ਮੈਨੇਜਰ, ਡਾ.ਮੋਨਿਕਾ ਬਿਜ਼ਨਸ ਐਨਾਲਿਸਟ, ਸੁਸ਼ਰੀ ਸ਼ੀਤਲ ਚੋਪੜਾ ਐਸ.ਏ., ਸੁਸ਼ਰੀ ਕਮਲਪ੍ਰੀਤ ਕੌਰਐਚ.ਐਮ.ਆਈ.ਐਸ. ਅਤੇ ਸਿਹਤ ਵਿਭਾਗ ਦੇ ਅਧਿਕਾਰੀ ਹਾਜ਼ਰ ਸਨ।

# 'ਬੱਚੋਂ ਕੇ ਛੋਟੇ ਹਾਥੋਂ ਕੋ ਚਾਂਦ ਸਿਤਾਰੇ ਛੂਹਨੇ ਦੋ'



**ਦਰਅਸਲ ਅਜੋਕੇ ਗਲਾ-ਕਾਟਵੇਂ ਮੁਕਾਬਲੇਬਾਜ਼ੀ ਦੇ ਦੌਰ ਨੇ ਬੱਚਿਆਂ ਕੋਲੋਂ ਉਨ੍ਹਾਂ ਦਾ ਬਚਪਨ ਖੋਹ ਲਿਆ ਹੈ। ਬੱਚੇ ਦਾ ਆਪਣਾ ਭਾਰ ਘੱਟ ਅਤੇ ਬਸਤੇ ਦਾ ਭਾਰ ਵੱਧ ਹੁੰਦਾ ਹੈ। ਤੜਕੇ-ਤੜਕੇ ਸੁੱਤ-ਉਨੀਂਦੇ ਜਿਹੇ ਬੱਚੇ ਤਿਆਰ ਕਰਕੇ ਸਕੂਲ ਵੈਨਾਂ ਵਿਚ ਲੱਦੇ ਜਾਂਦੇ ਹਨ। ਪ੍ਰੀ-ਨਰਸਰੀ ਦੀ ਪਿਰਤ ਨੇ ਤਾਂ ਬਚਪਨ ਦਾ ਘਾਣ ਹੀ ਕਰ ਦਿੱਤਾ ਹੈ। ਨਿੱਕੇ ਪਰਿਵਾਰ ਹੋਣ ਕਾਰਨ ਕੰਮਕਾਜੀ ਮਾਪਿਆਂ ਕੋਲ ਬਜ਼ੁਰਗਾਂ ਦਾ ਆਸਰਾ ਤਾਂ ਹੁੰਦਾ ਨਹੀਂ, ਛੋਟੇ ਸ਼ਹਿਰਾਂ ਜਾਂ ਕਸਬਿਆਂ ਵਿਚ ਬਾਲ-ਗ੍ਰਹਿ ਸੱਭਿਆਚਾਰ ਅਜੇ ਵਿਕਸਤ ਨਹੀਂ ਹੋਇਆ।**

ਅੱਜਕਲ੍ਹ ਕਲ਼ੀਆਂ ਵਰਗੇ ਕੋਮਲ ਬੱਚਿਆਂ ਉੱਪਰ ਮਾਂ-ਬਾਪ ਵੱਲੋਂ ਚੰਗੀ ਪੇਸ਼ਕਾਰੀ/ਪ੍ਰਾਪਤੀ ਲਈ ਇਸ ਕਦਰ ਦਬਾ ਪਾਇਆ ਜਾ ਰਿਹਾ ਹੈ ਕਿ ਨੰਨ੍ਹੀਆਂ ਜਿੰਦਾਂ ਨਪੀੜੀਆਂ ਅਤੇ ਮਧੋਲੀਆਂ ਜਾ ਰਹੀਆਂ ਹਨ। ਨੱਚਣ-ਕੁੱਦਣ ਦੀ ਉਮਰੇ ਹੀ ਤਣਾਅ ਅਤੇ ਬੋਝ ਗ੍ਰਸਤ ਚਿਹਰੇ ਮੁਰਝਾਏ-ਮੁਰਝਾਏ ਦਿਸਦੇ ਹਨ।

ਦਰਅਸਲ ਅਜੋਕੇ ਗਲਾ-ਕਾਟਵੇਂ ਮੁਕਾਬਲੇਬਾਜ਼ੀ ਦੇ ਦੌਰ ਨੇ ਬੱਚਿਆਂ ਕੋਲੋਂ ਉਨ੍ਹਾਂ ਦਾ ਬਚਪਨ ਖੋਹ ਲਿਆ ਹੈ। ਬੱਚੇ ਦਾ ਆਪਣਾ ਭਾਰ ਘੱਟ ਅਤੇ ਬਸਤੇ ਦਾ ਭਾਰ ਵੱਧ ਹੁੰਦਾ ਹੈ। ਤੜਕੇ-ਤੜਕੇ ਸੁੱਤ-ਉਨੀਂਦੇ ਜਿਹੇ ਬੱਚੇ ਤਿਆਰ ਕਰਕੇ ਸਕੂਲ ਵੈਨਾਂ ਵਿਚ ਲੱਦੇ ਜਾਂਦੇ ਹਨ। ਪ੍ਰੀ-ਨਰਸਰੀ ਦੀ ਪਿਰਤ ਨੇ ਤਾਂ ਬਚਪਨ ਦਾ ਘਾਣ ਹੀ ਕਰ ਦਿੱਤਾ ਹੈ। ਨਿੱਕੇ ਪਰਿਵਾਰ ਹੋਣ ਕਾਰਨ ਕੰਮਕਾਜੀ ਮਾਪਿਆਂ ਕੋਲ ਬਜ਼ੁਰਗਾਂ ਦਾ ਆਸਰਾ ਤਾਂ ਹੁੰਦਾ ਨਹੀਂ, ਛੋਟੇ ਸ਼ਹਿਰਾਂ ਜਾਂ ਕਸਬਿਆਂ ਵਿਚ ਬਾਲ-ਗ੍ਰਹਿ ਸੱਭਿਆਚਾਰ ਅਜੇ ਵਿਕਸਤ ਨਹੀਂ ਹੋਇਆ। ਅਜਿਹੀ ਸੂਰਤ ਵਿਚ ਸਕੂਲਾਂ ਵਿਚ ਹੀ ਪ੍ਰੀ-ਸਕੂਲਿੰਗ ਰਾਹੀਂ ਸ਼ਿਸ਼ੂਪਾਲਣਗੀਰੀ ਦਾ ਕੰਮ ਚਲਾਇਆ ਜਾਂਦੈ। ਢਾਈ-ਤਿੰਨ ਸਾਲ ਦੀ ਉਮਰੇ ਹੀ ਬੱਚੇ ਇਨ੍ਹਾਂ ਸਕੂਲਾਂ ਵਿਚ ਭੇਜੇ ਜਾਣ ਲੱਗ ਪੈਂਦੇ ਹਨ।

ਬਹੁਤੇ ਮਾਂ-ਬਾਪ ਆਪਣੇ ਕਾਰੋਬਾਰੀ ਅਤੇ ਵਿਅਕਤੀਗਤ ਸਫਲਤਾਵਾਦੀ ਜੀਵਨ ਨੂੰ ਵੱਧ ਤਰਜੀਹ ਦਿੰਦੇ ਹਨ ਅਤੇ ਬੱਚਿਆਂ ਨੂੰ ਬਚਪਨ ਵਿਚ ਹੀ ਵੱਡ-ਉਮਰੇ ਕਰ ਦਿੰਦੇ ਹਨ। ਖੇਡਣ-ਮੱਲ੍ਹਣ ਦੇ ਦਿਨਾਂ ਵਿਚ ਬੱਚੇ ਵਿਚਾਰੇ ਸਕੂਲਾਂ ਵਿਚ ਨੂੜੇ ਰਹਿੰਦੇ ਹਨ। ਬਹੁਤੇ ਸਕੂਲਾਂ ਕੋਲ ਖੇਡ ਮੈਦਾਨ ਤੱਕ ਨਹੀਂ ਹੁੰਦੇ, ਜਿਸ ਕਾਰਨ ਬੱਚੇ ਦੇ ਸਰੀਰਕ ਪੱਖੋਂ ਮੌਲਣ-ਵਿਗਸਣ ਵਿਚ ਰੁਕਾਵਟ ਪੈਂਦੀ ਹੈ। ਕਈ ਸਕੂਲ ਤਾਂ ਬਾਬਾ ਆਦਮ ਵੇਲੇ ਦੀਆਂ ਇਮਾਰਤਾਂ ਵਿਚ ਚਲਾਏ ਜਾਂਦੇ ਹਨ। ਸਾਧਾਰਨ ਲੋਕਾਂ ਦੇ ਬੱਚੇ ਇਹੋ ਜਿਹੇ ਸਕੂਲਾਂ ਵਿਚ ਹੀ ਪੜ੍ਹਦੇ ਹਨ। ਗ਼ਰੀਬ ਦਾ ਬੱਚਾ ਤਾਂ ਸਰਕਾਰੀ ਸਕੂਲ ਤੋਂ ਅੱਗੇ ਹੋਰ ਕਿੱਧਰੇ ਜਾਣ ਦੀ ਸੋਚ ਹੀ ਨਹੀਂ ਸਕਦਾ। ਬਹੁਤੇ ਸਰਕਾਰੀ ਸਕੂਲਾਂ ਦਾ ਬਹੁਤਾ ਹੀ ਬੁਰਾ ਹਾਲ ਹੈ। ਨਿੱਜੀ, ਮਹਿੰਗੇ ਸਕੂਲ ਤਾਂ ਅਮੀਰਾਂ ਲਈ ਹੀ ਹੁੰਦੇ ਹਨ। ਅਮੀਰ ਨੂੰ ਪੜ੍ਹਨ ਦੀ ਮਜਬੂਰੀ ਕੋਈ ਨਹੀਂ ਹੁੰਦੀ ਪਰ ਉਸ ਨੂੰ ਹਰ ਸਹੂਲਤ ਉਪਲਬਧ ਹੁੰਦੀ ਹੈ। ਗ਼ਰੀਬ ਦੀ ਗੁਰਬਤ ਤਾਂ ਪੜ੍ਹ-ਲਿਖ ਕੇ ਹੀ ਕੱਟੀ ਜਾਣੀ ਐ ਪਰ ਉਸ ਕੋਲ ਚੰਗੇ ਸਕੂਲਾਂ ਵਿਚ ਪੜ੍ਹਨ ਦੇ ਸਾਧਨ ਨਹੀਂ ਹਨ।

ਕਈ ਮਾਂ-ਬਾਪ ਆਪਣੇ ਬੱਚਿਆਂ ਨੂੰ ਬੱਚੇ ਘੱਟ ਅਤੇ ਕਿਸੇ ਕਲਾਕ੍ਰਿਤ ਦਾ ਸ਼ਾਹਕਾਰ (ਮਾਸਟਰ ਪੀਸ) ਵੱਧ ਸਮਝਦੇ ਹਨ। ਉਹ ਬੱਚੇ ਅੰਦਰ ਨੁਕਸ-ਰਹਿਤ ਪੂਰਨਤਾ (ਪਰਫੈਕਸ਼ਨ) ਭਾਲਦੇ ਹਨ। ਜਾਣੀ ਬੱਚਾ ਸੋਲਾਂ ਕਲਾਂ ਸੰਪੂਰਨ ਹੋਵੇ ਤਾਂ ਹੀ ਗੱਲ ਬਣੇਗੀ। ਕਲਾਸ ਵਿਚੋਂ ਅੱਵਲ ਆਵੇ, ਸੌ ਵਿਚੋਂ ਸੌ ਨੰਬਰ ਲਿਆਵੇ, ਰਿਪੋਰਟ ਕਾਰਡ ਵਿਚ ਕਿਸੇ ਪਾਸੇ ਵੀ ਕੁਝ ਵਾਧ-ਘਾਟ ਨਾ ਹੋਵੇ। ਭਲਿਓ ਲੋਕੋ, ਬੱਚਾ, ਬੱਚਾ ਹੈ ਕੋਈ ਇੱਛਾ-ਸੂਚੀ ਤਾਂ ਨਹੀਂ। ਨਾ ਹੀ ਉਹ ਕੋਈ ਅਲਾਦੀਨ ਦਾ ਚਿਰਾਗ ਹੈ ਕਿ ਜੋ ਚਾਹੋਗੇ ਪੂਰਾ ਕਰੀ ਜਾਏਗਾ। ਵੈਸੇ ਵੀ ਸੋਲਾਂ ਕਲਾਂ ਸੰਪੂਰਨ, ਭਲਾ ਹਰ ਬੱਚਾ ਕਿਵੇਂ ਹੋ ਸਕਦੈ।

ਕੁਝ ਮਾਪੇ ਤਾਂ ਘੱਟ ਨੰਬਰ ਆਉਣ 'ਤੇ ਬੱਚਿਆਂ ਨੂੰ ਕੁਟਾਪਾ ਚਾੜ੍ਹਦੇ ਵੀ ਦੇਖੇ ਗਏ ਹਨ। ਸਾਡੇ ਬਚਪਨ ਵੇਲੇ ਮਾਸਟਰ ਤੇ ਮਾਪੇ ਦੋਵੇਂ ਹੀ ਚੰਗੀ ਛਿੱਤਰ-ਪਰੇਡ ਕਰਦੇ ਸਨ। ਸੁਣਿਐਂ, ਅੱਜਕਲ੍ਹ ਅਧਿਆਪਕ ਜ਼ਰਾ ਘੱਟ ਕੁੱਟਦੇ ਹਨ (ਪਤਾ ਨਹੀਂ ਸੱਚ ਹੈ ਕਿ ਝੂਠ), ਮਾਪੇ ਵੀ ਪੁਰਾਣੇ ਵੇਲਿਆਂ ਜਿੰਨੇ ਸਖ਼ਤ ਨਹੀਂ ਪਰ ਫਿਰ ਵੀ ਬੱਚਿਆਂ ਨੂੰ ਸਕੂਲਾਂ ਵਿਚ ਮਾਰ ਪੈਣ ਅਤੇ ਮਾਪਿਆਂ ਵੱਲੋਂ ਵੀ ਸਖ਼ਤੀ ਕਰਨ ਦੀਆਂ ਖ਼ਬਰਾਂ ਪੜ੍ਹਨ-ਸੁਣਨ ਨੂੰ ਮਿਲਦੀਆਂ ਹੀ ਰਹਿੰਦੀਆਂ ਹਨ।

ਅਜਿਹੀ ਸੂਰਤ ਵਿਚ ਬੱਚੇ ਜਾਂ ਤਾਂ ਢੀਠ ਹੋ ਜਾਂਦੇ ਹਨ ਅਤੇ ਉਹ ਸਹੀ ਤਰੀਕੇ ਨਾਲ ਸ਼ਖ਼ਸੀ-ਵਿਕਾਸ ਨਹੀਂ ਕਰਦੇ ਅਤੇ ਜਾਂ ਫਿਰ ਉਹ ਝੂਠ ਬੋਲ ਕੇ ਜਾਂ ਹੋਰ ਜੁਗਾੜ ਕਰਕੇ ਮਾਰ ਤੋਂ ਬਚਣ ਦੇ ਢੰਗ-ਤਰੀਕੇ ਅਖ਼ਤਿਆਰ ਕਰਦੇ ਹਨ। ਕਵੀ ਬੁਧੀਸੇਨ ਨੇ ਬੜਾ ਸੋਹਣਾ ਕਿਹਾ ਹੈ- 'ਅਭੀ ਸੱਚ ਬੋਲਤਾ ਹੈ ਅਭੀ ਕੁਛ ਨਹੀਂ ਬਿਗੜਾ, ਮਗਰ ਡਾਂਟੋਗੇ ਤੋ ਬੱਚਾ ਬਹਾਨਾ ਸੀਖ ਜਾਏਗਾ।'

ਵੈਸੇ ਵੀ ਰੋਂਦੇ ਬੱਚੇ ਦੇਖ ਕੇ ਰੱਬ ਰੁੱਸ ਜਾਂਦੈ, ਮੌਲਾ ਦੀ ਖ਼ੁਸ਼ੀ ਮਾਸੂਮਾਂ ਦੀ ਮੁਸਕਾਨ ਵਿਚ ਹੈ 'ਘਰ ਸੇ ਮਸਜਿਦ ਹੈ ਬਹੁਤ ਦੂਰ ਚਲੋ ਯੂੰ ਕਰ ਲੇਂ, ਕਿਸੀ ਰੋਤੇ ਹੁਏ ਬੱਚੇ ਕੋ ਹਸਾਇਆ ਜਾਏ।' (ਨਿਦਾ ਫਾਜ਼ਲੀ)।

ਪਿਆਰ, ਪ੍ਰੇਰਨਾ ਅਤੇ ਪ੍ਰੋਤਸਾਹਨ ਨਾਲ ਹੀ ਬੱਚੇ ਪ੍ਰਭਾਵਿਤ ਹੁੰਦੇ ਹਨ ਨਾ ਕਿ ਮਾਰ-ਪਿਟਾਈ ਨਾਲ।

ਕਈ ਮਾਂ-ਬਾਪ ਆਪਣੇ ਅਧੂਰੇ ਸੁਪਨਿਆਂ ਨੂੰ ਬੱਚਿਆਂ ਰਾਹੀਂ ਸਾਕਾਰ ਕਰਨਾ ਲੋਚਦੇ ਹਨ। ਭਾਵੇਂ ਇਹ ਮਾੜੀ ਗੱਲ ਤਾਂ ਨਹੀਂ ਪਰ ਚੰਗੀ ਵੀ ਨਹੀਂ। ਬੱਚਾ ਸਾਡੀ 'ਪਰੌਕਸੀ' ਨਹੀਂ ਹੈ, ਭਾਵ ਉਹ ਸਾਡੇ ਬੇਹੇ ਸੁਪਨਿਆਂ ਦਾ ਨੁਮਾਇੰਦਾ ਨਹੀਂ, ਸਗੋਂ ਆਪਣੇ ਸੱਜਰੇ ਸੁਪਨਿਆਂ ਦਾ ਸਿਰਜਕ ਅਤੇ ਸਾਕਾਰ-ਕਰਤਾ ਹੈ। ਉਹ ਆਪਣੀ ਇਕ ਆਜ਼ਾਦ, ਵੱਖਰੀ, ਨਿਵੇਕਲੀ ਹੋਂਦ ਅਤੇ ਹਸਤੀ ਰੱਖਦਾ ਹੈ। ਪ੍ਰਮਾਣੂ-ਵਿਗਿਆਨੀ ਸਾਬਕਾ ਰਾਸ਼ਟਰਪਤੀ ਅਬਦੁਲ ਕਲਾਮ ਅਨੁਸਾਰ, 'ਰੱਬ ਦੇ ਜੀਅ ਦੇ ਤੌਰ 'ਤੇ ਮੈਂ ਹਰ ਉਸ ਗੱਲ ਤੋਂ ਵੱਡਾ ਹਾਂ ਜੋ ਮੇਰੇ ਨਾਲ ਵਾਪਰ ਸਕਦੀ ਹੈ।' ਪਹਿਲ ਸਾਹਿਤਕ ਨੋਬਲ ਇਨਾਮ ਜਿੱਤਣ ਵਾਲਾ ਭਾਰਤੀ ਰਬਿੰਦਰ ਨਾਥ ਟੈਗੋਰ ਸਲਾਹ ਦਿੰਦਾ ਹੈ ਕਿ, 'ਆਪਣੇ ਬੱਚੇ ਨੂੰ ਆਪਣੀ ਸਿੱਖਿਆ ਤੱਕ ਸੀਮਤ ਨਾ ਕਰੋ, ਕਿਉਂਕਿ ਉਹ ਇਕ ਵੱਖਰੀ ਦੁਨੀਆ ਵਿਚ ਪੈਦਾ ਹੋਇਐ।'

ਜਿਹੜੇ ਲੋਕ ਆਪਣੇ ਬੱਚਿਆਂ ਨੂੰ ਸਫਲ ਹੋਣ ਦੇ ਫਾਰਮੂਲੇ ਦੱਸਦੇ ਰਹਿੰਦੇ ਹਨ, ਭਲਾ ਜੇ ਇਹ ਫਾਰਮੂਲੇ ਜਾਂ ਕਾਮਯਾਬੀ ਦੇ ਨੁਸਖੇ ਉਨ੍ਹਾਂ ਨੂੰ ਐਨੇ ਹੀ ਆਉਂਦੇ ਸਨ ਤਾਂ ਫਿਰ ਤਾਂ ਉਨ੍ਹਾਂ ਨੂੰ ਇਨ੍ਹਾਂ ਰਾਹੀਂ ਖੁਦ ਵੀ ਸਫਲਤਾ ਦੇ ਅੰਬਰਾਂ ਨੂੰ ਛੂਹਣਾ ਚਾਹੀਦਾ ਸੀ! ਜੇ ਇਹ ਫਾਰਮੂਲੇ ਉਨ੍ਹਾਂ ਲਈ ਕਾਮਯਾਬ ਨਹੀਂ ਹੋਏ ਤਾਂ ਫਿਰ ਬੱਚਿਆਂ ਨੂੰ ਆਪਣਾ ਰਾਹ ਆਪ ਤੈਅ ਕਰਨ ਦੇਣਾ ਚਾਹੀਦੈ, 'ਜ਼ਮਾਨੇ ਮੇਂ ਕੁਛ ਤੋ ਅੱਛਾ ਰਹਿਨੇ ਦੀਆ ਜਾਏ, ਇਨ ਬੱਚੋਂ ਕੋ ਬੱਚਾ ਰਹਿਨੇ ਦੀਆ ਜਾਏ।'

ਸਾਨੂੰ ਆਪਣੇ ਬੱਚਿਆਂ ਨੂੰ ਉਡਾਣ ਭਰਨ ਲਈ ਪਰ ਦੇਣੇ ਚਾਹੀਦੇ ਹਨ, ਉਡਾਣ ਦੀ ਸੀਮਾ ਨਹੀਂ ਮਿਥਣੀ ਚਾਹੀਦੀ। ਅੱਜਕਲ੍ਹ ਦੇ ਬੱਚੇ ਤਕਨਾਲੋਜੀ ਦੇ ਦੌਰ ਵਿਚ ਪੈਦਾ ਹੋਏ ਹਨ, ਉਨ੍ਹਾਂ ਕੋਲ ਸੂਚਨਾ, ਗਿਆਨ-ਸਰੋਤ ਅਤੇ ਸਾਧਨ ਸਾਡੇ ਨਾਲੋਂ ਕਿੱਧਰੇ ਵੱਧ ਹਨ, ਉਹ ਮੋਕਲੇ ਅੰਬਰਾਂ ਦੀ ਉਡਾਨ ਭਰਨ ਦੇ ਸਮਰੱਥ ਹਨ, ਬਸ ਸਾਨੂੰ ਜ਼ਰਾ ਉਨ੍ਹਾਂ ਨੂੰ ਪਰਵਾਜ਼ ਦੇ ਹਾਣੀ ਹੋਣ ਦੇਣਾ ਚਾਹੀਦੈ। ਲੋੜ ਪਵੇ ਤਾਂ ਸਹਾਇਤਾ ਕਰਨੀ ਚਾਹੀਦੀ ਹੈ, ਬੇਲੋੜੀ ਦਖਲਅੰਦਾਜ਼ੀ ਨਹੀਂ ਕਰਨੀ ਚਾਹੀਦੀ। ਇਕ ਸ਼ਾਇਰ ਠੀਕ ਕਹਿੰਦੈ, 'ਬਜ਼ੁਰਗੋਂ ਸੇ ਕਹੋ ਅਬ ਰਹਿਮ ਕਰ ਦੇਂ, ਹਮਾਰੀ ਨਸਲ ਪਰ ਕਰਜ਼ਾ ਬਹੁਤ ਹੈ।'

ਇਕ ਸਕੂਲ ਦਾ ਨੀਤੀ-ਵਾਕ 'ਬੱਚਿਆਂ ਨੂੰ ਬੱਚੇ ਹੀ ਰਹਿਣ ਦਿਉ' ਪੜ੍ਹ ਕੇ ਚੰਗਾ ਲੱਗਾ, ਬਸ਼ਰਤੇ ਕਿ ਇਹ ਅਸੂਲ ਅਮਲੀ ਤੌਰ 'ਤੇ ਵੀ ਅਪਣਾਇਆ ਜਾਂਦਾ ਹੋਵੇ, ਬੱਚਿਆਂ ਦਾ ਬਚਪਨ ਖੋਹਣਾ ਨਾ ਸਿਰਫ ਬਚਕਾਨੀ ਹਰਕਤ ਹੈ ਸਗੋਂ ਮੁਜਰਮਾਨਾ ਵੀ ਹੈ!

ਮਸਤੀ ਬਚਪਨ ਦੀ ਹਸਤੀ ਹੈ। ਬੱਚੇ ਜੇ ਖੌਰੂ ਨਾ ਪਾਉਣਗੇ, ਖਰਮਸਤੀ ਨਾ ਕਰਨਗੇ, ਤਾਂ ਕੀ ਮੇਰੇ ਵਰਗੇ ਬੁੱਢੇ-ਠੇਰੇ ਕਰਨਗੇ?

ਆਓ! ਨਿਦਾ ਫਾਜ਼ਲੀ ਦੀ ਸਲਾਹ ਮੰਨੀਏ:

'ਬੱਚੋਂ ਕੇ ਛੋਟੇ ਹਾਥੋਂ ਕੋ ਚਾਂਦ ਸਿਤਾਰੇ ਛੂਹਨੇ ਦੋ,

ਚਾਰ ਕਿਤਾਬੇਂ ਪੜ੍ਹ ਕੇ ਵੋਹ ਭੀ ਹਮ ਜੈਸੇ ਹੋ ਜਾਏਂਗੇ।'

## ਬਲਿਹਾਰੀ ਕੁਦਰਤਿ ਵਸਿਆ।



ਅਸੀਂ ਜਿਸ ਅਕਾਲ ਪੁਰਖ ਵਾਹਿਗੁਰੂ ਨੂੰ ਭਾਲਦੇ ਹਾਂ ਉਹ ਕੁਦਰਤ ਵਿਚ ਵਸਿਆ ਹੋਇਆ ਹੈ। ਕੁਦਰਤ ਨਾਲ ਇਕ ਸੁਰ ਹੋਣ ਨਾਲ ਹੀ ਕੁਦਰਤ ਵਿਚ ਕੁਦਰਤ ਵਾਲਾ ਦਿਸਦਾ ਹੈ ਪਰ ਅਸੀਂ ਇੱਕੀਵੀਂ ਸਦੀ ਦੇ ਪੜ੍ਹੇ-ਲਿਖੇ ਹੋਣ ਦੇ ਵੱਡੇ-ਵੱਡੇ ਦਾਅਵੇ ਕਰਨ ਦੇ ਬਾਵਜੂਦ ਵਿਗਿਆਨਕ ਸੋਚ ਰੱਖਦਿਆਂ ਹੋਇਆਂ ਵੀ ਅਣਮਨੁੱਖੀ ਅਤੇ ਗ਼ੈਰ-ਕੁਦਰਤੀ ਵਰਤਾਰਾ ਕਰਦੇ ਜਾ ਰਹੇ ਹਾਂ।

ਜੇਕਰ ਅਸੀਂ ਗੁਰਬਾਣੀ ਦੇ ਦੱਸੇ ਰਾਹ 'ਤੇ ਚਲਦੇ ਹੁੰਦੇ ਤਾਂ ਦੁਨੀਆ ਭਰ ਦੇ ਲੋਕ ਅੱਜ ਪੰਜਾਬ ਦੀ ਧਰਤੀ 'ਤੇ ਸਤਿਗੁਰੂਆਂ ਦੀਆਂ ਕੀਤੀਆਂ ਬਖਸ਼ਿਸ਼ਾਂ ਨੂੰ ਦੇਖਣ ਲਈ ਆਉਂਦੇ ਕਿ ਬਾਬੇ ਨਾਨਕ ਦੀ ਬਾਣੀ ਨੂੰ ਮੰਨਣ ਵਾਲਿਆਂ ਨੇ ਕਿਵੇਂ ਪਾਣੀਆਂ ਨੂੰ ਸੰਭਾਲਿਆ ਹੈ। ਪਰ ਦੁੱਖ ਦੀ ਗੱਲ ਹੈ ਕਿ ਇਹ ਸਾਰਾ ਕੁਝ ਨਹੀਂ ਹੋ ਸਕਿਆ ਜੋ ਹੋਣਾ ਚਾਹੀਦਾ ਸੀ।

ਅੱਜ ਵੀ ਬਾਣੀ ਦੇ ਦੱਸੇ ਹੋਏ ਰਾਹ 'ਤੇ ਚੱਲ ਕੇ ਦੁਨੀਆ ਲਈ ਵੱਡੀ ਮੁਸੀਬਤ ਗਲੋਬਲ ਵਾਰਮਿੰਗ ਤੋਂ ਛੁਟਕਾਰਾ ਪਾ ਸਕਦੇ ਹਾਂ। ਬਾਣੀ ਦਾ ਸੁਨੇਹਾ ਸਾਰੀ ਮਨੁੱਖਤਾ ਦਾ ਵਾਸਤੇ ਹੈ। ਇਸੇ ਵਾਸਤੇ ਹੀ ਪਾਤਸ਼ਾਹ ਨੇ ਇਨ੍ਹਾਂ ਸ਼ਬਦਾਂ ਦਾ ਉਚਾਰਨ ਕੀਤਾ ਹੈ:

ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ ॥

ਜਿਸ ਘਰ ਵਿੱਚ ਬੱਚਾ ਖੇਡਦਾ ਹੋਵੇ, ਉਹ ਘਰ ਖੁਸ਼ੀਆਂ ਦਾ ਪ੍ਰਤੀਕ ਮੰਨਿਆ ਜਾਂਦਾ ਹੈ । ਇਸੇ ਤਰ੍ਹਾਂ ਬਾਣੀ ਵਿਚ ਖੇਲੈ ਸਗਲ ਜਗਤੁ ਦੀ ਗੱਲ ਕੀਤੀ ਗਈ ਹੈ। ਭਾਵ ਕਿ ਸਾਰਾ ਸੰਸਾਰ ਦਿਨ ਰਾਤ ਹੱਸਦਾ ਖੇਡਦਾ ਰਹਿਣਾ ਚਾਹੀਦਾ ਹੈ । ਸਾਰਾ ਸੰਸਾਰ ਤਦ ਹੀ ਹੱਸੇਗਾ ਤੇ ਖੇਡੇਗਾ ਜਦੋਂ ਉਹ ਕੁਦਰਤ ਦੇ ਨਾਲ ਇਕਮਿਕ ਹੋਵੇਗਾ। ਪਵਿੱਤਰ ਵੇਈਂ ਜਿਸ 'ਚੋਂ ਬਾਹਰ ਆ ਕੇ ਬਾਬਾ ਨਾਨਕ ਨੇ ਇਲਾਹੀ ਬਾਣੀ ਦਾ ਉਚਾਰਣ ਕੀਤਾ, ਉਸ ਵੇਈਂ ਨੂੰ ਵੀ ਪੂਰੀ ਤਰ੍ਹਾਂ ਪ੍ਰਦੂਸ਼ਤ ਕਰ ਦਿੱਤਾ ਗਿਆ ਸੀ। ਉਸ ਦੇ ਕੰਢੇ 'ਤੇ ਖੜ੍ਹੇ ਹੋਣਾ ਮੁਸ਼ਕਿਲ ਸੀ। ਸੰਗਤਾਂ ਨੇ ਜੁਲਾਈ 2000 ਤੋਂ ਲਗਾਤਾਰ ਹੱਥੀਂ ਕਾਰ ਸੇਵਾ ਕੀਤੀ ਹੈ। ਗੁਰੂ ਦੀ ਮੇਹਰ ਹੋਈ ਇਹ ਸਾਫ਼ ਹੋਈ ਵੇਈਂ ਸਭ ਲਈ ਇਕ ਮਿਸਾਲ ਬਣ ਗਈ ਹੈ। ਵੇਈਂ ਦੀ ਕਾਰ ਸੇਵਾ ਨੇ ਗੁਰਬਾਣੀ ਦੇ ਇਸ ਮਹਾਂਵਾਕ ਨੂੰ ਪੂਰੀ ਤਰ੍ਹਾਂ ਨਾਲ ਸਾਰਥਿਕ ਕਰ ਦਿੱਤਾ ਹੈ ਕਿ:

ਆਪਣ ਹਥੀ ਆਪਨਾ ਆਪੇ ਹੀ ਕਾਜੁ ਸਵਾਰੀਐ ॥

ਪਵਿੱਤਰ ਕਾਲੀ ਵੇਈਂ ਦੁਬਾਰਾ ਸਾਫ਼-ਸੁਥਰੀ ਵਗ ਰਹੀ ਹੈ। ਗੁਰੂ ਨਾਨਕ ਪਾਤਿਸ਼ਾਹ ਦੇ ਘਰ ਤੋਂ ਹੋਈ ਸ਼ੁਰੂਆਤ ਸਾਰੀ ਦੁਨੀਆ ਦੀਆਂ ਨਦੀਆਂ ਅਤੇ ਦਰਿਆਵਾਂ ਨੂੰ ਸਾਫ-ਸੁਥਰਾ ਰੱਖਣ ਲਈ ਰਾਹ ਦਸੇਰਾ ਬਣ ਗਈ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੁਲਤਾਨਪੁਰ ਦੀ ਧਰਤੀ ਤੋਂ ਜੋ ਸੁਨੇਹਾ ਵਾਤਾਵਰਨ ਪ੍ਰਤੀ ਦਿੱਤਾ ਸੀ, ਉਸ ਨੂੰ ਸਾਰਥਿਕ ਕਰਨ ਦਾ ਸਮਾਂ ਆ ਗਿਆ ਹੈ। ਸਾਲ 2019 ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550 ਵਾਂ ਪ੍ਰਕਾਸ਼ ਪੁਰਬ ਆ ਰਿਹਾ ਹੈ। ਇਨ੍ਹਾਂ ਦੋ ਸਾਲਾਂ ਦੇ ਬਚੇ ਸਮੇਂ ਦੌਰਾਨ ਅਸੀਂ ਦੁਨੀਆ ਨੂੰ ਦੱਸ ਸਕਦੇ ਹਾਂ ਕਿ ਅਸੀਂ ਗੁਰੂ ਨਾਨਕ ਦੇਵ ਜੀ ਦੇ ਸੱਚੇ-ਸੁੱਚੇ ਸਿੱਖ ਹਾਂ। ਅਸੀਂ ਹਵਾ, ਪਾਣੀ ਤੇ ਧਰਤੀ ਦਾ ਸਤਿਕਾਰ ਕਰਾਂਗੇ ਤੇ ਦੋ ਸਾਲਾਂ ਵਿਚ ਸਮੁੱਚੇ ਪੰਜਾਬ ਨੂੰ ਹਰਿਆ-ਭਰਿਆ ਕਰ ਦੇਵਾਂਗੇ ਤੇ ਕਿਸੇ ਵੀ ਦਰਿਆ ਜਾਂ ਨਦੀ ਨੂੰ ਪ੍ਰਦੂਸ਼ਿਤ ਨਹੀਂ ਕਰਾਂਗੇ। ਆਓ! ਬਾਬੇ ਨਾਨਕ ਦੇ ਸੱਚੇ ਸਿੱਖ ਅਖਵਾਈਏ।

**-ਸੰਤ ਬਲਬੀਰ ਸਿੰਘ ਸੀਚੇਵਾਲ**

# ਹੁਣ ਡੁੱਬੇ ਟਾਈਟੈਨਿਕ ਨੂੰ ਤੁਸੀਂ ਨੇੜਿਉਂ ਦੇਖ ਸਕੋਗੇ





ਤੁਸੀਂ ਆਰ. ਐਮ. ਐਸ. ਟਾਈਟੈਨਿਕ ਨੂੰ ਟੀਵੀ ਜਾਂ ਤਸਵੀਰਾਂ ਵਿਚ ਹੀ ਦੇਖਿਆ ਹੋਵੇਗਾ ਪਰ ਹੁਣ ਇਸਨੂੰ ਨੇੜਿਉਂ ਦੇਖਣ ਦਾ ਮੌਕਾ ਮਿਲ ਸਕਦਾ ਹੈ। ਲੰਡਨ ਦੀ ਟੂਰ ਅਪਰੇਟਰ ਕੰਪਨੀ ਬਲੂ ਮਾਰਬਲ ਪ੍ਰਾਈਵੇਟ ਅਗਲੇ ਸਾਲ ਮਈ ਤੋਂ ਸੈਲਾਨੀਆਂ ਦੇ ਲਈ ਅੱਠ ਦਿਨਾਂ ਦਾ ਟੂਰ ਪੈਕੇਜ ਆਰੰਭ ਕਰਨ ਜਾ ਰਹ ਹੈ। ਅਜਿਹਾ ਕਰਨ ਵਾਲੀ ਇਹ ਪਹਿਲੀ ਕੰਪਨੀ ਹੋਵੇਗੀ। ਇਸ ਦੇ ਲਈ ਉਸਨੇ ਅਮਰੀਕੀ ਕੰਪਨੀ ਓਸ਼ੀਅਨ ਗੇਟ ਦੇ ਨਾਲ ਹੱਥ ਮਿਲਾਇਆ ਹੈ। ਓਸ਼ੀਅਨ ਗੇਟ ਉਸਦੇ ਲਈ ਖਾਸ ਪਣਡੁੱਬੀ ਤਿਆਰ ਕਰ ਰਹੀ ਹੈ।

ਚਾਰ ਲੋਕ ਜਾ ਸਕਣਗੇ ਇਕੱਠੇ

ਓਸ਼ੀਅਨ ਗੇਟ ਇਸਦੇ ਲਈ ਸਾਈਕਲੋਪਸ-2 ਨਾਮੀ ਪਣਡੁੱਬੀ ਬਣਾ ਰਹ ਹੈ। ਇਸ ਵਿਚ ਇਕ ਚਾਲਕ ਤੋਂ ਇਲਾਵਾ ਚਾਰ ਸੈਲਾਨੀ ਟਾਈਟੈਨਿਕ ਦਾ ਮਲਬਾ ਦੇਖਣ ਜਾ ਸਕਣਗੇ। ਇਸਦਾ ਕੁੱਲ ਵਜਨ 8600 ਕਿਲੋਗ੍ਰਾਮ ਹੈ। ਇਹ ਇਕ ਹਜ਼ਾਰ ਕਿਲੋ ਦਾ ਵਜਨ ਨਾਲ ਲਿਜਾ ਸਕਦੀ ਹੈ। ਇਸ ਵਿਚ 96 ਘੰਟਿਆਂ ਦੇ ਲਈ ਐਮਰਜੈਂਸੀ ਸੇਵਾਵਾਂ ਉਪਲਬਧ ਹੋਣਗੀਆਂ।

ਅੱਠ ਦਿਨ ਦਾ ਟੂਰ- ਬਲੂ ਮਾਰਬਲ ਪ੍ਰਾਈਵੇਟ ਸੈਲਾਨੀਆਂ ਨੂੰ ਕੈਨੇਡਾ ਦੇ ਨਿਊਫਾਊਂਡਲੈਂਡ ਦੀਪ ਤੋਂ ਹੈਲੀਕਾਪਟਰ ਤੇ ਉਤਰ ਅਟਲਾਂਟਿਕ ਮਹਾਂਸਾਗਰ ਦੇ ਉਸ ਸਥਾਨ ਤੇ ਲਿਜਾਵੇਗੀ, ਜਿੱਥੇ ਟਾਈਟੈਨਿਕ ਦਾ ਮਲਬਾ ਹੈ। ਉਥੇ ਇਕ ਕਿਸ਼ਤੀ ਤੇ ਹੈਲੀਕਾਪਟਰ ਉਤਰੇਗਾ। ਸੈਲਾਨੀ ਉਸ ਕਿਸ਼ਤੀ ਵਿਚ ਕੁਝ ਦਿਨ ਰਹਿਣਗੇ। ਫਿਰ ਉਥੋਂ ਉਹਨਾਂ ਨੂੰ ਪਣਡੁੱਬੀ ਦੇ ਜ਼ਰੀਏ ਸਮੁੰਦਰ ਦੀ ਡੂੰਘਾਈ ਵਿਚ ਸਥਿਤ ਟਾਈਟੈਨਿਕ ਦੇ ਮਲਬੇ ਤੱਕ ਲਿਜਾਇਆ ਜਾਵੇਗਾ। ਅਗਲੇ ਸਾਲ ਮਈ ਵਿਚ ਪਹਿਲੇ ਟੂਰ ਤੋਂ ਬਾਅਦ ਦੂਜਾ ਟੂਰ 2019 ਵਿਚ ਹੋਵੇਗਾ। 10 ਅਪ੍ਰੈਲ 1912 ਨੂੰ ਉਸ ਵਕਤ ਦਾ ਆਧੁਨਿਕ ਸਮੁੰਦਰੀ ਜਹਾਜ਼ ਟਾਈਟੈਨਿਕ ਬ੍ਰਿਟੇਨ ਦੇ ਸਾਊਥੈਂਪਟਨ ਤੋਂ ਨਿਊਯਾਰਕ ਲਈ ਪਹਿਲਾ ਸਫਰ ਕਰ ਰਿਹਾ ਸੀ। ਉਤਰੀ ਅਟਲਾਂਟਿਕ ਮਹਾਂਸਾਗਰ ਵਿਚ 14 ਪ੍ਰੈਲ ਨੂੰ ਉਹ ਇਕ ਵੱਡੇ ਬਰਫ ਦੇ ਤੋਦੇ ਨਾਲ ਟਕਰਾਇਆ।

15 ਅਪ੍ਰੈਲ ਦੀ ਸਵੇਰ ਉਹ ਮਹਾਂਸਾਗਰ ਵਿਚ ਡੁੱਬ ਗਿਆ। ਹਾਦਸੇ ਵਿਚ 15 ਸੌ ਤੋਂ ਜ਼ਿਆਦਾ ਯਾਤਰੀ ਮਾਰੇ ਗਏ ਸਨ।

1985 ਵਿਚ ਫਰਾਂਸੀਸੀ ਖੋਜੀ ਟੀਮ ਨੇ ਇਸ ਦਾ ਮਲਬਾ ਲੱਭਿਆ ਸੀ। ਕੰਪਨੀ ਨੇ ਪਣਡੁੱਬੀ ਤੋਂ ਟਾਈਟੈਨਿਕ ਦਾ ਮਲਬਾ ਦਿਖਾਉਣ ਲਈ ਕੰਪਿਊਟਰ ਵਿਚ ਤਸਵੀਰ ਤਿਆਰ ਕੀਤੀ ਹੈ। ਪਣਡੁੱਬੀ ਤੋਂ ਪੰਜ ਘੰਟੇ ਦੇ ਗੋਤੇ ਵਿਚ ਟਾਈਟੈਨਿਕ ਨੂੰ ਨੇੜਿਉਂ ਦੇਖਿਆ ਜਾ ਸਕੇਗਾ। 3800 ਮੀਟਰ ਉਤਰ ਅਟਲਾਂਟਿਕ ਮਹਾਂਸਾਗਰ ਵਿਚ ਇੰਨੀ ਡੂੰਘਾਈ ਤੇ ਹੈ ਟਾਈਟੈਨਿਕ ਦਾ ਮਲਬਾ, ਜਿਸ ਕਰਕੇ ਯਾਤਰੀਆਂ ਦੀ ਗਿਣਤੀ ਸਿਰਫ 4 ਰੱਖੀ ਜਾ ਰਹੀ ਹੈ। ਇਸ ਨੂੰ ਦੇਖਣ ਦਾ ਖਰਚਾ 70 ਲੱਖ ਰੁਪਏ ਪ੍ਰਤੀ ਵਿਅਕਤੀ ਆਵੇਗਾ।

## ਅਨੋਖਾ ਡੱਡੂ ਜੋ ਹਨੇਰੇ ਵਿਚ ਵੀ ਕਰ ਦਿੰਦਾ ਹੈ ਚਾਨਣ

ਬਰਸਾਤ ਦੇ ਦਿਨਾਂ ਵਿਚ ਡੱਡੂ ਤਾਂ ਤਸੀਂਬਹੁਤ ਦੇਖੇ ਹੋਣਗੇ ਪਰ ਇਸ ਅਨੋਖੇ ਡੱਡੂ ਦੀ ਗੱਲ ਹੀ ਨਿਰਾਲੀ ਹੈ। ਜੀ ਹਾਂ, ਇਹ ਡੱਡੂ ਹਨੇਰੇ ਵਿਚ ਚਮਕਦਾ ਹੈ।

ਵਿਗਿਆਨੀਆਂ ਨੇ ਡੱਡੂ ਦੀ ਇਕ ਨਵੀਂ ਪ੍ਰਜਾਤੀ ਲੱਭ ਲਈ ਹੈ, ਜਿਸਦੀ ਖਾਸ ਗੱਲ ਇਹ ਹੈ ਕਿ ਇਹ ਡੱਡੂ ਹਨੇਰੇ ਵਿਚ ਚਮਕਦੇ ਹਨ। ਹਨੇਰੇ ਵਿਚ ਚਮਕਣ ਵਾਲੇ ਇਹਨਾਂ ਡੱਡੂਆਂ ਨੂੰ ਦੱਖਣੀ ਅਮਰੀਕਾ ਦੇ ਅਰਜਨਟੀਨਾ ਵਿਚ ਲੱਭਿਆ ਗਿਆ ਹੈ। ਇਹਨਾਂ ਡੱਡੂਆਂ 'ਤੇ ਹਰੇ, ਪੀਲੇ ਅਤੇ ਲਾਲ ਰੰਗ ਦੇ ਡਾਂਟਸ ਹਨ। ਆਮ ਰੌਸ਼ਨੀ ਵਿਚ ਇਹ ਰੰਗ ਪੋਲਕਾ ਡਾਟਸ ਵਾਂਗ ਨਜ਼ਰ ਆਉਂਦੇ ਹਨ ਪਰ ਹਨੇਰੇ ਵਿਚ ਇਹ ਗੂੜ੍ਹੇ ਨੀਲੇ ਅਤੇ ਲਾਲ ਰੰਗ ਦੀ ਰੋਸ਼ਨੀ ਦਿੰਦੇ ਹਨ। ਇਹ ਡੱਡੂ ਜ਼ਿਆਦਾਤਰ ਦਰਖਤਾਂ ਤੇ ਰਹਿਣਾ ਪਸੰਦ ਕਰਦੇ ਹਨ।

ਇਹਨਾਂ ਡੱਡੂਆਂ ਤੇ ਜਦੋਂ ਖੋਜਕਾਰਾਂ ਨੇ ਪਰਾਬੈਂਗਣੀ ਕਿਰਨਾਂ ਨਾਲ ਲੈਸ ਇਕ ਫਲੈਸ਼ ਲਾਈਟ ਦੀ ਰੌਸ਼ਨੀ ਪਾਈ ਤਾਂ ਲਾਲ ਦੀ ਜਗ੍ਹਾ ਉਹਨਾਂ ਦੇ ਅੰਦਰ ਗੂੜ੍ਹੇ ਹਰੇ ਅਤੇ ਨੀਲੇ ਰੰਗ ਦੀ ਰੌਸ਼ਨੀ ਪਰਾਵਰਤਿਤ ਹੋਣ ਲੱਗੀ। ਸ਼ਾਰਟ ਤਰੰਗ 'ਤੇ ਪ੍ਰਕਾਸ਼ ਨੂੰ ਬਦਲਣ ਵਾਲੇ ਅਤੇ ਲੰਮੀਆਂ ਤਰੰਗਾਂ 'ਤੇ ਉਸਨੂੰ ਪਰਿਵਰਤਤ ਕਰਨ ਦੀ ਇਹ ਪ੍ਰਕਿਰਿਆ ਪਦਾਰਥਾਂ ਵਿਚ ਤਾਂ ਆਮ ਹੈ, ਪਰ ਜੀਵਾਂ ਦੇ ਅੰਦਰ ਇਹ ਬਹੁਤ ਦੁਰਲੱਭ ਮੰਨੀ ਜਾਂਦੀ ਹੈ। ਅਜਿਹੇ ਜੀਵਾਂ ਦੇ ਅੰਦਰ ਹੁਣ ਤੱਕ ਇਹ ਗੁਣ ਨਹੀਂ ਪਾਇਆ ਗਿਆ ਸੀ।

## ਦਸਵੀਂ ਤੋਂ ਬਾਅਦ ਲਾਈਨ ਦੀ ਚੋਣ ਕਿਸ ਆਧਾਰ 'ਤੇ ਕੀਤੀ ਜਾਵੇ

ਇਕ ਬੱਚਾ ਜਿਉਂ ਹੀ ਦਸਵੀਂ ਕਲਾਸ ਵਿਚ ਦਾਖਿਲ ਹੁੰਦਾ ਹੈ, ਤਾਂ ਮਾਪਿਆਂ ਨੂੰ ਇਸ ਗੱਲ ਦੀ ਚਿੰਤਾ ਹੋਣੀ ਸ਼ੁਰੂ ਹੋ ਜਾਂਦੀ ਹੈ ਕਿ ਦਸਵੀਂ ਪਿੱਛੋਂ ਬੱਚੇ ਨੂੰ ਕਿਹੜੀ ਲਾਈਨ ਦਵਾਈ ਜਾਵੇ। ਇਸ ਦਾ ਕਾਰਨ ਇਹ ਹੈ ਕਿ ਦਸਵੀਂ ਤੱਕ ਦੀ ਆਮ ਪੜ੍ਹਾਈ ਹੁੰਦੀ ਹੈ ਅਤੇ ਦਸਵੀਂ ਤੋਂ ਬਾਅਦ ਬੱਚੇ ਨੂੰ ਇਕ ਲਾਈਨ ਦੀ ਚੋਣ ਕਰਨੀ ਪੈਂਦੀ ਹੈ ਅਤੇ ਬੱਚੇ ਦਾ ਭਵਿੱਖ ਉਸ ਦੇ ਸਹੀ ਲਾਈਨ ਦੀ ਚੋਣ 'ਤੇ ਨਿਰਭਰ ਕਰਦਾ ਹੈ। ਦਸਵੀਂ ਤੋਂ ਬਾਅਦ ਤਿੰਨ ਲਾਈਨਾਂ ਹਨ, ਜਿਨ੍ਹਾਂ ਵਿਚੋਂ ਬੱਚੇ ਨੇ ਇਕ ਲਾਈਨ ਦੀ ਚੋਣ ਕਰਨੀ ਹੁੰਦੀ ਹੈ, ਉਹ ਹਨ-ਸਾਇੰਸ (ਵਿਗਿਆਨ), ਕਾਮਰਸ (ਵਪਾਰ) ਅਤੇ ਆਰਟਸ (ਕਲਾ)। ਇਸ ਤੋਂ ਬਾਅਦ ਹਰ ਲਾਈਨ ਵਿਚ ਅਥਾਹ ਜਾਂ ਹਜ਼ਾਰਾਂ ਦੀ ਗਿਣਤੀ ਵਿਚ ਖੇਤਰ ਹਨ, ਜਿਨ੍ਹਾਂ ਵਿਚ ਬੱਚਾ ਜਾ ਸਕਦਾ ਹੈ। ਰੁਜ਼ਗਾਰ ਪੱਖੋਂ ਵੀ ਸਮਾਜ ਤਿੰਨ ਖੇਤਰਾਂ ਵਿਚ ਵੰਡਿਆ ਹੋਇਆ ਹੈ-ਪਹਿਲਾ ਉਤਪਾਦਨ ਅਤੇ ਖੋਜ ਖੇਤਰ ਦੂਸਰਾ ਵਟਾਂਦਰਾ ਖੇਤਰ ਅਤੇ ਤੀਸਰਾ ਸੇਵਾ ਖੇਤਰ। ਦਸਵੀਂ ਕਰਨ ਤੋਂ ਬਾਅਦ ਇਕ ਵਿਦਿਆਰਥੀ ਨੂੰ ਤਿੰਨੇ ਲਾਈਨਾਂ ਵਿਚੋਂ ਇਕ ਲਾਈਨ ਦੀ ਚੋਣ ਕਰਨ ਤੋਂ ਪਹਿਲਾਂ ਇਹ ਜਾਨਣਾ ਜ਼ਰੂਰੀ ਬਣ ਜਾਂਦਾ ਹੈ ਕਿ ਇਨ੍ਹਾਂ ਖੇਤਰਾਂ ਵਿਚ ਕਿਹੋ ਜਿਹੇ ਲੋਕਾਂ ਦੀ ਲੋੜ ਹੁੰਦੀ ਹੈ ਤਾਂ ਜੋ ਜਿਸ ਵੀ ਲਾਈਨ ਦੀ ਉਹ ਚੋਣ ਕਰ ਰਹੇ ਹਨ ਉਹ ਧਾਰਾ ਉਨ੍ਹਾਂ ਦੇ ਗੁਣਾਂ, ਵਿਵਹਾਰ ਅਤੇ ਸੋਚਣ ਸ਼ਕਤੀ ਨਾਲ ਮੇਲ ਖਾਂਦੀ ਹੈ। ਸਭ ਤੋਂ ਪਹਿਲਾ ਖੇਤਰ ਉਤਪਾਦਨ ਅਤੇ ਖੋਜ ਖੇਤਰ ਹੈ। ਇਸ ਖੇਤਰ ਵਿਚ ਮੁੱਖ ਤੌਰ 'ਤੇ ਇੰਜਨੀਅਰਿੰਗ, ਡਾਕਟਰ, ਸਾਇੰਸਦਾਨ, ਰਿਸਰਚ ਵਿਗਿਆਨੀ, ਕੰਪਿਊਟਰ ਮਾਹਿਰ ਆਦਿ ਵੀ ਆਉਂਦੇ ਹਨ। ਇਸ ਖੇਤਰ ਵਿਚ ਲੋਕ ਬਹੁਤ ਬੁੱਧੀਮਾਨ ਅਤੇ ਦਿਨ-ਰਾਤ ਕੰਮ ਤੋਂ ਬੋਰ ਨਾ ਹੋਣ ਵਾਲੇ, ਕੰਮ ਕਰਨ ਸਮੇਂ ਇਕਾਗਰਤਾ ਬਣਾਈ ਰੱਖਣ ਵਾਲੇ ਅਤੇ ਲਗਨ ਵਾਲੇ ਹੁੰਦੇ ਹਨ। ਇਸ ਖੇਤਰ ਵਿਚ ਕੰਮ ਕਰਨ ਵਾਲੇ ਅੰਤਰਮੁਖੀ ਹੁੰਦੇ ਹਨ ਅਤੇ ਸਮਾਜ ਵਿਚ ਜ਼ਿਆਦਾ ਵਿਚਰਣ ਵਿਚ ਦਿਲਚਸਪੀ ਨਹੀਂ ਰੱਖਦੇ। ਸਾਇੰਸ ਦੀ ਚੋਣ ਮੁੱਖ ਤੌਰ ਤੇ ਉਨ੍ਹਾਂ ਵਿਦਿਆਰਥੀਆਂ ਨੂੰ ਕਰਨੀ ਚਾਹੀਦੀ ਹੈ ਜੋ



ਬਹੁਤ ਬੁੱਧੀਜੀਵੀ ਹੋਣ, ਕਿਤਾਬਾਂ ਨਾਲ ਪਿਆਰ ਕਰਦੇ ਹੋਣ, ਦੁਨੀਆਦਾਰੀ ਤੋਂ ਉੱਪਰ ਹੋਣ ਅਤੇ ਅੰਤਰਮੁਖੀ ਹੋਣ। ਜੇਕਰ ਅਜਿਹੇ ਵਿਦਿਆਰਥੀ ਸਾਇੰਸ ਦੀ ਚੋਣ ਕਰਨ ਤਾਂ ਉਨ੍ਹਾਂ ਨੂੰ ਅਗਾਂਹ ਜਾ ਕੇ ਮੁੱਖ ਤੌਰ 'ਤੇ ਇਸ ਖੇਤਰ ਦਾ ਹਿੱਸਾ ਬਣਨਾ ਪਵੇਗਾ। ਦੂਸਰਾ ਖੇਤਰ ਵਟਾਂਦਰਾ ਹੈ, ਇਸ ਖੇਤਰ ਦਾ ਕੰਮ, ਪੈਦਾ ਕੀਤੀਆਂ ਹੋਈਆਂ ਵਸਤੂਆਂ ਨੂੰ ਉਨ੍ਹਾਂ ਦੇ ਇਸਤੇਮਾਲ ਕਰਨ ਵਾਲਿਆਂ ਤੱਕ ਪਹੁੰਚਾਉਣਾ ਹੁੰਦਾ ਹੈ। ਇਸ ਖੇਤਰ ਵਿਚ ਟਰਾਂਸਪੋਰਟ, ਬੈਂਕਿੰਗ, ਬੀਮਾ, ਵਪਾਰ, ਬੁਨਿਆਦੀ ਸਹੂਲਤਾਂ ਜਿਵੇਂ ਕਿ ਬਿਜਲੀ, ਪਾਣੀ, ਸੜਕਾਂ, ਨੈੱਟਵਰਕਿੰਗ ਆਦਿ ਸ਼ਾਮਿਲ ਹੁੰਦੇ ਹਨ। ਵਸਤੂਆਂ ਪੈਦਾ ਹੋਣ ਅਤੇ ਲੋਕਾਂ ਤੱਕ ਪਹੁੰਚਾਉਣ ਤੱਕ ਸਮਾਜ ਦਾ ਇਕ ਵੱਡਾ ਤਬਕਾ ਕੰਮ ਕਰਦਾ ਹੈ, ਜਿਸ ਨੂੰ ਐਕਸਚੇਂਜ ਖੇਤਰ ਜਾਂ ਵਟਾਂਦਰਾ ਖੇਤਰ ਕਿਹਾ ਜਾਂਦਾ ਹੈ। ਕਮਰਸ ਦੀ ਚੋਣ ਅਜਿਹੇ ਵਿਦਿਆਰਥੀਆਂ ਨੂੰ ਕਰਨੀ ਚਾਹੀਦੀ ਹੈ ਜੋ ਮੈਨੇਜਮੈਂਟ, ਹਿਸਾਬ-ਕਿਤਾਬ, ਪੈਸੇ ਦੇ ਲੈਣ-ਦੇਣ ਆਦਿ ਵਿਚ ਦਿਲਚਸਪੀ ਰੱਖਦੇ ਹੋਣ। ਇਸ ਲਈ ਕਮਰਸ ਦੀ ਚੋਣ ਉਨ੍ਹਾਂ ਵਿਦਿਆਰਥੀਆਂ ਨੂੰ ਕਰਨੀ ਚਾਹੀਦੀ ਹੈ ਜਿਨ੍ਹਾਂ ਦੀ ਦਿਲਚਸਪੀ ਵਪਾਰ, ਬਿਜ਼ਨਸ, ਬੀਮਾ, ਬੈਂਕਿੰਗ, ਪੈਸੇ ਦੇ ਲੈਣ-ਦੇਣ ਵਿਚ ਹੋਵੇ। ਇਸ ਖੇਤਰ ਵਿਚ ਵੀ ਬਾਰਵੀਂ ਕਰਨ ਤੋਂ ਬਾਅਦ ਅਥਾਹ ਫ਼ੀਲਡ ਹਨ, ਜਿਨ੍ਹਾਂ ਵਿਚ ਬੱਚੇ ਆਪਣੀ ਰੁਚੀ ਮੁਤਾਬਿਕ ਜਾ ਸਕਦੇ ਹਨ। ਤੀਸਰਾ ਖੇਤਰ ਸੇਵਾ ਖੇਤਰ ਹੈ।

ਇਸ ਖੇਤਰ ਦਾ ਕੰਮ ਸਮਾਜ ਦੀਆਂ ਸਾਰੀਆਂ ਬਾਕੀ ਲੋੜਾਂ ਨੂੰ ਪੂਰਾ ਕਰਨਾ ਹੁੰਦਾ ਹੈ। ਜਿਵੇਂ ਕਿ ਸਮਾਜ ਵਿਚ ਅਮਨ-ਸ਼ਾਂਤੀ ਦੀ ਸਥਾਪਨਾ, ਪ੍ਰਸ਼ਾਸਨਿਕ ਸੇਵਾਵਾਂ, ਸਿੱਖਿਆ ਅਤੇ ਸਿਹਤ ਸਬੰਧੀ ਸੇਵਾਵਾਂ, ਹਾਊਸਿੰਗ ਸੈਕਟਰ, ਰੀਅਲ ਅਸਟੇਟ, ਸਿਵਲ ਟਰਾਂਸਪੋਰਟ, ਇਸ਼ਤਿਹਾਰਬਾਜ਼ੀ, ਮਨੋਰੰਜਨ, ਸੁੰਦਰਤਾ, ਫ਼ੈਸ਼ਨ, ਟੀ.ਵੀ. ਅਤੇ ਫਿਲਮ ਇੰਡਸਟਰੀ ਆਦਿ ਇਸ ਖੇਤਰ ਵਿਚ ਆਉਂਦੇ ਹਨ। ਉਹ ਵਿਦਿਆਰਥੀ ਜਿਨ੍ਹਾਂ ਨੂੰ ਇਸ ਖੇਤਰ ਵਿਚ ਦਿਲਚਸਪੀ ਹੋਵੇ, ਉਨ੍ਹਾਂ ਨੂੰ ਆਰਟਸ ਦੀ ਚੋਣ ਕਰਨੀ ਚਾਹੀਦੀ ਹੈ। ਇਸ ਖੇਤਰ ਦੀ ਇਕ ਵਿਸ਼ੇਸ਼ਤਾ ਇਹ ਹੈ ਕਿ ਇਸ ਖੇਤਰ ਵਿਚ ਲੱਗੇ ਲੋਕਾਂ ਦਾ ਵਾਹ ਸਮਾਜ ਨਾਲ ਪੈਂਦਾ ਰਹਿੰਦਾ ਹੈ। ਇਸ ਖੇਤਰ ਵਿਚ ਉਹ ਲੋਕ ਕਾਮਯਾਬ ਹੁੰਦੇ ਹਨ ਜੋ ਆਮ ਸੂਝਬੂਝ ਵਾਲੇ ਹੋਣ, ਸਮਾਜਿਕ ਤੌਰ 'ਤੇ ਚੁਸਤ, ਗੱਲਬਾਤ ਕਰਨ ਦਾ ਤੌਰ ਤਰੀਕਾ ਜਾਣਦੇ, ਆਤਮ-ਵਿਸ਼ਵਾਸ ਨਾਲ ਭਰਪੂਰ, ਸਮਾਜ ਨੂੰ ਪਿੱਛੇ ਲਾਉਣ ਵਾਲੇ ਹੋਣ।

**-ਪ੍ਰੋ. ਦਰਸ਼ਨ ਕੁਮਾਰ**

# ਮਰਨ ਤੋਂ 111 ਸਾਲ ਬਾਅਦ ਕਰੋੜਾਂ 'ਚ ਵਿਕੀ ਆਰਟਿਸਟ ਦੀ ਇਹ ਪੇਂਟਿੰਗ



ਭਾਰਤੀ ਚਿੱਤਰਕਲਾ ਦੇ ਇਤਿਹਾਸ ਵਿਚ ਕਲਾ ਨੂੰ ਨਵੀਆਂ ਉਚਾਈਆਂ ਤੱਕ ਲਿਜਾਣ ਵਿਚ ਰਾਜਾ ਰਵੀ ਵਰਮਾ ਦਾ ਨਾਂ ਸਭ ਤੋਂ ਉਪਰ ਮੰਨ ਸਕਦੇ ਹਾਂ। ਰਾਜਾ ਰਵੀ ਵਰਮਾ ਦੀ ਇਕ ਪੋਰਟ੍ਰੇਟ ਪੇਂਟਿੰਗ 'ਦਮਯੰਤੀ' ਨਿਊਯਾਰਕ ਸੇਲ ਆਫ ਮਾਡਰਨ ਆਰਟ ਐਂਟ ਕੰਟੈਪਰੇਰੀ ਸਾਊਥ ਏਸ਼ੀਅਨ ਆਰਟ ਵਿਚ ਲੱਗਭੱਗ 11.9 ਕਰੋੜ ਰੁਪਏ ਵਿਚ ਵਿਕੀ ਹੈ। ਇਸਨੂੰ ਲੱਗਭੱਗ 4.58 ਕਰੋੜ ਰੁਪਏ ਵਿਚ ਵਿਕਣ ਦੀ ਉਮੀਦ ਸੀ। ਇਸ ਕੌਮਾਂਤਰੀ ਨੀਲਾਮੀ ਵਿਚ ਦਿੱਸਣ ਵਾਲੇ ਰਾਜਾ ਰਵੀ ਵਰਮਾ ਦੀ ਪੇਂਟਿੰਗਸ ਵਿਚੋਂ ਇਹ ਇਕ ਹੈ। ਇਸ ਪੇਂਟਿੰਗ ਵਿਚ ਖ਼ੂਬਸੂਰਤ ਲਾਲ ਸਾੜ੍ਹੀ ਵਿਚ ਲਿਪਟ ਇਕ ਔਰਤ 'ਦਮਯੰਤੀ' ਬਣੀ ਹੈ। ਇਸ ਤਸਵੀਰ ਵਿਚ ਦਮਯੰਤੀ ਰਾਜਾ ਨਲ ਦੇ ਬਾਰੇ ਹੰਸ ਨਾਲ ਗੱਲ ਕਰਦੇ ਦਿੱਸ ਰਹੀ ਹੈ। ਇਹ ਪੇਂਟਿੰਗ ਵਿਚ ਆਇਲ ਕਲਰ ਦੀ ਵਰਤੋਂ ਕੀਤੀ ਗਏ ਹੈ। ਚਟਕ ਰੰਗ ਦੀ ਵਰਤੋਂ ਕੀਤੀ ਗਈ ਹੈ। ਭਾਰਤ ਸਰਕਾਰ ਨੇ ਸਾਲ 1979 ਵਿਚ ਰਵੀ ਵਰਮਾ ਨੂੰ ਕੌਮੀ ਵਿਰਾਸਤ ਐਲਾਨ ਕੀਤਾ ਸੀ। ਇਸ ਨੀਲਾਮੀ ਵਿਚ ਸਈਦ ਹੈਦਰ ਰਜਾ, ਮਕਬੂਲ ਫਿਦਜ ਹੁਸੈਨ ਅਤੇ ਜਹਾਂਗੀਰ ਸਬਾਵਾਲਾ ਸਮੇਤ ਹੋਰ ਭਾਰਤੀ ਕਲਾਕਾਰਾਂ ਦੀਆਂ ਪੇਂਟਿੰਗਸ ਵੀ ਵਿਕੀਆਂ ਹਨ। ਭਾਰਤ ਵਿਚ ਰਾਜਾ ਰਵੀ ਵਰਮਾ ਨੂੰ ਬਹੁਤ ਜ਼ਿਆਦਾ ਨਹੀਂ ਜਾਣਿਆ ਜਾਂਦਾ ਪਰ ਵਿਦੇਸ਼ਾਂ ਵਿਚ ਉਹਨਾਂ ਦੀਆਂ ਪੇਂਟਿੰਗਸ ਦੀ ਬਹੁਤ ਮੰਗ ਹੈ। ਰਵੀ ਵਰਮਾ ਨਿਊਡ ਪੇਂਟਿੰਗਸ ਬਣਾ ਕੇ ਵਿਵਾਦਾਂ ਵਿਚ ਆਏ ਸਨ। ਭਾਰਤੀ ਧਰਮ ਗ੍ਰੰਥੀ ਅਤੇ ਮਹਾਂਕਾਵਿ ਚਰਿੱਤਰਾਂ ਦੀ ਉਰਵਸ਼ੀ, ਰੰਭਾ ਵਰਗੀਆਂ ਔਰਤਾਂ ਦੀਆਂ ਨਗਨ ਤਸਵੀਰਾਂ ਬਣਾਈਆਂ ਸਨ। ਇਸ ਗੱਲ ਕਾਰਨ ਲੋਕਾਂ ਦੀਆਂ ਭਾਵਨਾਵਾਂ ਭੜਕੀਆਂ ਅਤੇ ਲੋਕਾਂ ਨੇ ਉਹਨਾਂ ਦੀ ਮੁੰਬਈ ਵਾਲਾ ਪ੍ਰੈਸ ਹੀ ਸਾੜ ਦਿੰਤੀ ਸੀ। ਪਰ ਕੁਝ ਲੋਕਾਂ ਦਾ ਕਹਿਣਾ ਹੈ ਕਿ ਉਹਨਾ ਨੇ ਪ੍ਰੈਸ ਕਿਸੇ ਜਰਮਨ ਚਿੱਤਰਕਾਰ ਨੂੰ ਵੇਚ ਦਿੱਤੀ ਸੀ।

# ਹੁਣ ਜਲਦੀ ਹੀ ਆਉਣ ਵਾਲੀ ਹੈ ਬੁਢਾਪੇ ਨੂੰ ਰੋਕਣ ਵਾਲੀ ਚਾਹ



ਜਿਸ ਜਵਾਨੀ ਨੂੰ ਕਾਇਮ ਰੱਖਣ ਦੇ ਲਈ ਲੋਕ ਸਰਜਰੀ, ਮਹਿੰਗੇ ਇਲਾਜ ਤੋਂ ਲੈ ਕੇ ਹਰ ਮੁਸ਼ਕਿਲ ਕੰਮ ਕਰਨ ਦੇ ਲਈ ਤਿਆਰ ਰਹਿੰਦੇ ਹਨ, ਉਸੇ ਜਵਾਨੀ ਨੂੰ ਬਰਕਰਾਰ ਰੱਖਣ ਦੇ ਲਈ ਆਯੁਰਵੇਦ ਵਿਚ ਅਜਿਹੇ ਬਹੁਤ ਸਾਰੇ ਔਸ਼ਧੀ ਪੌਦਿਆਂ ਦੇ ਬਾਰੇ ਦੱਸਿਆ ਗਿਆ ਹੈ, ਜਿਹਨਾਂ ਬਾਰੇ ਲੋਕ ਘੱਟ ਜਾਣਦੇ ਹਨ। ਹੁਣ ਉਸੇ ਗਿਆਨ ਦੇ ਆਧਾਰ ਤੇ ਖੋਜ ਕਰਕੇ ਹਰਬਲ ਪੌਦਿਆਂ ਦੀ ਮਦਦ ਨਾਲ ਅਜਿਹੀ ਚਾਹ ਬਣਾਈ ਜਾ ਰਹੀ ਹੈ, ਜਿਸਦੇ ਸੇਵਨ ਨਾਲ ਬੁਢਾਪੇ ਤੇ ਰੋਕ ਲੱਗ ਜਾਵੇਗੀ।

ਸੈਂਟਰਲ ਇੰਸਟੀਚਿਊਟ ਆਫ ਮੈਡੀਸਿਨਲ ਐਂਡ ਅਰੋਮੈਟਿਕ ਪਲਾਂਟ (ਸੀ. ਆਈ, ਐਮ. ਏ. ਪੀ.) ਦੇ ਚੇਅਰਮੈਨ ਡਾ. ਰਾਕੇਸ਼ ਪਾਂਡੇ ਅਜਿਹੇ ਔਸ਼ਧੀ ਪੌਦਿਆਂ 'ਤੇ ਕੰਮ ਕਰ ਰਹੇ ਹਨ, ਜੋ ਸਰੀਰ ਨੂੰ ਬੁੱਢਾ ਹੋਣ ਤੋਂ ਰੋਕਣਗੇ। ਚੌਧਰੀ ਚਰਨ ਸਿੰਘ ਯੂਨੀਵਰਸਿਟੀ ਵਿਚ ਕੌਮੀ ਸੈਮੀਨਾਰ ਵਿਚ ਆਏ ਡਾ. ਪਾਂਡੇ ਨੇ ਦੱਸਿਆ ਕਿ ਆਯੁਰਵੇਦ ਵਿਚ ਅਜਿਹੇ ਕਈ ਪੌਦਿਆਂ ਦਾ ਜ਼ਿਕਰ ਹੈ, ਜੋ ਸਰੀਰ ਨੂੰ ਰੋਗ ਰਹਿਤ ਰੱਖਣ ਦੇ ਨਾਲ ਜਵਾਨ ਬਣਾਉਣ ਵਿਚ ਮਦਦ ਕਰਦੇ ਹਨ। ਅਜਿਹੇ ਪੌਦਿਆਂ ਦੇ ਅਰਕ ਐਂਟੀ ਐਜਿੰਗ ਯਾਨਿ ਬੁਢਾਪਾ ਆਉਣ ਤੋਂ ਰੋਕਣ ਵਿਚ ਸਹਾਇਕ ਹਨ। ਇਸ ਵਿਚੋਂ ਕਈ ਔਸ਼ਧੀ ਪੌਦਿਆਂ ਦੇ ਅਰਕ ਤੋਂ ਮੈਡੀਸਿਨ ਤਿਆਰ ਕੀਤੀ ਜਾ ਰਹੀ ਹੈ। ਨਾਲ ਹੀ ਹਰਬਲ ਪੌਦਿਆਂ ਨਾਲ ਬਣੀ ਐਂਟੀ ਐਜਿੰਗ ਟੀ (ਬੁਢਾਪੇ ਨੂੰ ਆਉਣ ਤੋਂ ਰੋਕਣ ਵਾਲੀ ਚਾਹ) ਇਸ ਸਾਲ ਦੇ ਅੰਤ ਤੱਕ ਬਾਜ਼ਾਰ ਵਿਚ ਆ ਜਾਵੇਗੀ। ਡਾ. ਪਾਂਡੇ ਨੇ ਦੱਸਿਆ ਐਂਟੀ ਐਜਿੰਗ ਹਰਬਲ ਤੋਂ ਜੋ ਦਵਾਈਆਂ ਜਾਂ ਉਤਪਾਦਨ ਤਿਆਰ ਹੋ ਰਹੇ ਹਨ, ਉਹ ਸਰੀਰ ਦੀ ਚਮੜੀ ਨੂੰ ਬੁੱਢਾ ਕਰਨ ਵਾਲੇ ਫੈਕਟਰ ਨੂੰ ਘੱਟ ਕਰਦੇ ਹਨ ਅਤੇ ਚਮੜੀ ਜਵਾਨ ਰਹਿੰਦੀ ਹੈ। ਡਾ. ਪਾਂਡੇ ਨੇ ਦੱਸਿਆ ਕਿ ਇੰਸਟੀਚਿਊਟ ਵਿਚ ਅਜਿਹੇ ਬਹੁਤ ਸਾਰੇ ਔਸ਼ਧੀ ਪੌਦਿਆਂ 'ਤੇ ਰਿਸਰਚ ਕੀਤੀ ਜਾ ਰਹੀ ਹੈ, ਤਾਂ ਜੋ ਕਿਸਾਨ ਇਹਨਾਂ ਦੀ ਵਪਾਰਕ ਵਰਤੋਂ ਕਰ ਸਕਣ।

# ਆਦਰਸ਼ ਸਕੂਲਾਂ ਦੇ ਕਰਮਚਾਰੀਆਂ ਦਾ ਡੀ.ਸੀ. ਦਫ਼ਤਰ ਅੱਗੇ ਪੱਕਾ ਮੋਰਚਾ ਦੂਜੇ ਦਿਨ ਵੀ ਜਾਰੀ, ਸ਼ਹਿਰ ਵਿੱਚ ਕੱਢਿਆ ਰੋਸ ਮਾਰਚ



**ਸੰਗਰੂਰ, 11 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਆਦਰਸ਼ ਸਕੂਲ ਟੀਚਿੰਗ ਐਂਡ ਨਾਨ-ਟੀਚਿੰਗ ਐਸੋਸੀਏਸ਼ਨ ਪੰਜਾਬ ਵੱਲੋਂ ਆਪਣੀਆਂ ਜਾਇਜ਼ ਮੰਗਾਂ ਦੀ ਪ੍ਰਾਪਤੀ ਲਈ ਡੀ.ਸੀ. ਦਫ਼ਤਰ ਸੰਗਰੂਰ ਅੱਗੇ ਸ਼ੁਰੂ ਕੀਤਾ ਗਿਆ ਪੱਕਾ ਮੋਰਚਾ ਅੱਜ ਦੂਜੇ ਦਿਨ ਵੀ ਪੂਰੇ ਜੋਸ਼ ਨਾਲ ਜਾਰੀ ਰਿਹਾ। ਇਸ ਦੇ ਨਾਲ ਹੀ ਪੰਜਾਬ ਭਰ ਦੇ ਆਦਰਸ਼ ਸਕੂਲਾਂ ਵਿੱਚ ਕਰਮਚਾਰੀਆਂ ਦੀ ਅਣਮਿੱਥੇ ਸਮੇਂ ਦੀ ਕਲਮ ਛੋੜ ਹੜਤਾਲ ਵੀ ਲਗਾਤਾਰ ਜਾਰੀ ਹੈ। ਸੰਘਰਸ਼ ਨੂੰ ਹੋਰ ਤਿੱਖਾ ਕਰਦਿਆਂ ਯੂਨੀਅਨ ਦੇ ਆਗੂਆਂ ਅਤੇ ਸਮੂਹ ਕਰਮਚਾਰੀਆਂ ਨੇ ਸੰਗਰੂਰ ਸ਼ਹਿਰ ਵਿੱਚ ਪੈਦਲ ਰੋਸ ਮਾਰਚ ਕੱਢਿਆ। ਰੋਸ ਮਾਰਚ ਦੌਰਾਨ ਕਰਮਚਾਰੀਆਂ ਨੇ ਪੰਜਾਬ ਸਰਕਾਰ ਵਿਰੁੱਧ ਨਾਅਰੇਬਾਜ਼ੀ ਕਰਦਿਆਂ ਦੋਸ਼ ਲਾਇਆ ਕਿ ਸਰਕਾਰ ਲੰਮੇ ਸਮੇਂ ਤੋਂ ਆਦਰਸ਼ ਸਕੂਲਾਂ ਦੇ ਕਰਮਚਾਰੀਆਂ ਨਾਲ ਝੂਠੇ ਵਾਅਦੇ ਅਤੇ ਲਾਰੇ ਲਗਾਉਂਦੀ ਆ ਰਹੀ ਹੈ, ਜਦਕਿ ਅਸਲ ਸਮੱਸਿਆਵਾਂ ਦੇ ਹੱਲ ਲਈ ਕੋਈ ਠੋਸ ਕਦਮ ਨਹੀਂ ਚੁੱਕੇ ਜਾ ਰਹੇ। ਆਗੂਆਂ ਨੇ ਕਿਹਾ ਕਿ ਸਰਕਾਰ ਵੱਲੋਂ ਕੀਤੇ ਜਾ ਰਹੇ ਵਿਕਾਸ ਅਤੇ ਕਰਮਚਾਰੀ ਭਲਾਈ ਦੇ ਪ੍ਰਚਾਰ ਦੀ ਹਕੀਕਤ ਜ਼ਮੀਨੀ ਪੱਧਰ 'ਤੇ ਬਿਲਕੁਲ ਵੱਖਰੀ ਹੈ, ਜਿਸ ਕਾਰਨ ਕਰਮਚਾਰੀਆਂ ਵਿੱਚ ਭਾਰੀ ਰੋਸ ਹੈ। ਇਸ ਮੌਕੇ ਆਦਰਸ਼ ਸਕੂਲ ਬਾਲਦ ਖੁਰਦ ਦੇ ਕਨਵੀਨਰ ਸਲੀਮ ਮੁਹੰਮਦ, ਕੋ-ਕਨਵੀਨਰ ਅਮਰਜੋਤ ਜੋਸ਼ੀ, ਅਤੇ ਆਦਰਸ਼ ਸਕੂਲ ਗੰਢੂਆਂ ਦੇ ਕਨਵੀਨਰ ਅਮਨਦੀਪ ਸ਼ਾਸਤਰੀ ਤੇ ਕੋ-ਕਨਵੀਨਰ ਗੁਰਜਿੰਦਰ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਆਦਰਸ਼ ਸਕੂਲਾਂ ਦੇ ਅਧਿਆਪਕ, ਨਾਨ-ਟੀਚਿੰਗ ਅਤੇ ਸਫਾਈ ਸੇਵਕ ਸਮੇਤ ਸਮੂਹ ਕਰਮਚਾਰੀ ਪਿਛਲੇ ਕਈ ਸਾਲਾਂ ਤੋਂ ਨਿਗੂਣੀਆਂ ਤਨਖਾਹਾਂ 'ਤੇ ਆਪਣੀਆਂ ਸੇਵਾਵਾਂ ਨਿਭਾ ਰਹੇ ਹਨ, ਪਰ ਸਰਕਾਰ ਵੱਲੋਂ ਉਨ੍ਹਾਂ ਦੀਆਂ ਜਾਇਜ਼ ਮੰਗਾਂ ਨੂੰ ਅਜੇ ਤੱਕ ਅਣਗੌਲਿਆ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜਦੋਂ ਤੱਕ ਤਨਖਾਹਾਂ ਵਿੱਚ ਵਾਜਬ ਵਾਧਾ, ਸੇਵਾ ਸੁਰੱਖਿਆ ਅਤੇ ਹੋਰ ਲੰਬਿਤ ਮੰਗਾਂ ਦਾ ਠੋਸ ਹੱਲ ਨਹੀਂ ਕੀਤਾ ਜਾਂਦਾ, ਉਦੋਂ ਤੱਕ ਇਹ ਸੰਘਰਸ਼ ਹੋਰ ਤੇਜ਼ ਕੀਤਾ ਜਾਵੇਗਾ।

ਯੂਨੀਅਨ ਨੇ ਸਰਕਾਰ ਨੂੰ ਚੇਤਾਵਨੀ ਦਿੱਤੀ ਕਿ ਜੇਕਰ ਕਰਮਚਾਰੀਆਂ ਦੀਆਂ ਜਾਇਜ਼ ਮੰਗਾਂ ਨੂੰ ਜਲਦ ਪ੍ਰਵਾਨ ਨਹੀਂ ਕੀਤਾ ਗਿਆ ਤਾਂ ਆਉਣ ਵਾਲੇ ਦਿਨਾਂ ਵਿੱਚ ਸਾਰੇ ਮੰਤਰੀਆਂ ਦੇ ਪੁਤਲੇ ਫੂਕ ਕੇ ਸੰਘਰਸ਼ ਨੂੰ ਹੋਰ ਵਿਆਪਕ ਬਣਾਇਆ ਜਾਵੇਗਾ ,ਜਿਸ ਦੀ ਪੂਰੀ ਜ਼ਿੰਮੇਵਾਰੀ ਪੰਜਾਬ ਸਰਕਾਰ ਅਤੇ ਪ੍ਰਸ਼ਾਸਨ ਦੀ ਹੋਵੇਗੀ।

# ਵਿਦਿਆਰਥੀਆਂ ਤੇ ਆਮ ਲੋਕਾਂ ਨੇ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਅਤੇ ਨਗਰ ਨਿਗਮ ਨਾਲ ਮਿਲ ਕੇ ਪਟਿਆਲਾ ਦੀਆਂ ਪੰਜ ਪ੍ਰਮੁੱਖ ਸੜਕਾਂ ਦੀ ਸਫ਼ਾਈ ਕੀਤੀ

**ਪਟਿਆਲਾ, 11 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਨਗਰ ਨਿਗਮ, ਪਟਿਆਲਾ ਦੇ ਸਹਿਯੋਗ ਨਾਲ ਆਪਣੀ ਵਡਮੁੱਲੀ ਮੁਹਿੰਮ 'ਮਿਸ਼ਨ ਕਲੀਨ ਪਟਿਆਲਾ' ਤਹਿਤ ਨਾਭਾ ਰੋਡ, ਇਨਕਮ ਟੈਕਸ ਰੋਡ, ਜੇਲ੍ਹ-ਭਾਦਸੋਂ ਰੋਡ, ਘੁੰਮਣ ਰੋਡ ਅਤੇ ਪ੍ਰਤਾਪ ਨਗਰ ਰੋਡ 'ਤੇ ਸਫ਼ਾਈ ਮੁਹਿੰਮ ਚਲਾਈ।ਇਸ ਦੌਰਾਨ ਇਨ੍ਹਾਂ ਪੰਜ ਸੜਕਾਂ ਤੋਂ ਛੇ ਸੰਸਥਾਵਾਂ ਵੱਲੋਂ ਲਗਭਗ 1700 ਕਿਲੋਗ੍ਰਾਮ ਕੂੜਾ ਇਕੱਠਾ ਕੀਤਾ ਗਿਆ। ਇਸ ਮੁਹਿੰਮ ਵਿੱਚ ਬਲਾਸਮ ਸੀਨੀਅਰ ਸੈਕੰਡਰੀ ਸਕੂਲ, ਸੇਂਟ ਪੀਟਰਜ਼ ਸਕੂਲ, ਸਿਵਲ ਲਾਈਨ ਸਕੂਲ ਅਤੇ ਮਾਤਾ ਸਾਹਿਬ ਕੌਰ ਖ਼ਾਲਸਾ ਗਰਲਜ਼ ਕਾਲਜ ਦੇ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲਿਆ। ਇਸ ਤੋਂ ਇਲਾਵਾ ਪੰਜਾਬ ਜੇਲ੍ਹ ਟ੍ਰੇਨਿੰਗ ਸਕੂਲ ਪਟਿਆਲਾ, ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਅਤੇ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਦੀਆਂ ਟੀਮਾਂ ਵੀ ਇਸ ਮੁਹਿੰਮ ਨਾਲ ਜੁੜੀਆਂ। ਪਟਿਆਲਾ ਨੂੰ ਸਾਫ਼-ਸੁਥਰਾ ਰੱਖਣ ਲਈ ਸਮਰਪਿਤ ਸਵੈ-ਸੇਵੀ ਨਾਗਰਿਕ ਸੰਸਥਾ ਮੇਰਾ ਪਟਿਆਲਾ ਮੈਂ ਹੀ ਸਵਾਰਾਂ ਦੇ ਮੈਂਬਰਾਂ ਨੇ ਵੀ ਭਾਦਸੋਂ ਰੋਡ ਅਤੇ ਨਾਭਾ ਰੋਡ 'ਤੇ ਸਫ਼ਾਈ ਮੁਹਿੰਮ ਵਿੱਚ ਹਿੱਸਾ ਲਿਆ। 'ਮਿਸ਼ਨ ਕਲੀਨ ਪਟਿਆਲਾ' ਮੁਹਿੰਮ ਦੀ ਸ਼ੁਰੂਆਤ ਕਰਦੇ ਹੋਏ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੀ ਚੇਅਰਪਰਸਨ ਸ੍ਰੀਮਤੀ ਰੀਨਾ ਗੁਪਤਾ ਨੇ ਕਿਹਾ, ਅਪ੍ਰੈਲ 2026 ਵਿੱਚ ਸ਼ੁਰੂ ਕੀਤਾ ਗਿਆ ਮਿਸ਼ਨ ਕਲੀਨ ਪਟਿਆਲਾ ਹੁਣ ਇੱਕ ਸ਼ਹਿਰ-ਪੱਧਰੀ ਜਨ ਅੰਦੋਲਨ ਦਾ ਰੂਪ ਧਾਰ ਚੁੱਕਾ ਹੈ। ਮੁਹਿੰਮ ਦੇ ਪਹਿਲੇ ਪੜਾਅ ਵਿੱਚ ਲਗਭਗ 30 ਸੰਸਥਾਵਾਂ ਨੇ ਭਾਗ ਲੈਂਦਿਆਂ 30 ਤੋਂ ਵੱਧ ਜਨਤਕ ਸਥਾਨਾਂ ਨੂੰ ਸਫ਼ਾਈ ਅਤੇ ਵਾਤਾਵਰਨ ਸੰਭਾਲ ਲਈ ਗੋਦ ਲਿਆ। ਇਨ੍ਹਾਂ ਵਿੱਚ



18 ਸਕੂਲ, 10 ਕਾਲਜ ਅਤੇ ਪਟਿਆਲਾ ਸ਼ਹਿਰ ਦੀਆਂ ਚਾਰ ਸਰਕਾਰੀ ਸੰਸਥਾਵਾਂ ਸ਼ਾਮਲ ਹਨ। ਜੁਲਾਈ 2026 ਵਿੱਚ ਸ਼ੁਰੂ ਹੋਏ ਦੂਜੇ ਪੜਾਅ ਦੌਰਾਨ ਹੋਰ ਪੰਜ ਸੰਸਥਾਵਾਂ ਇਸ ਅਭਿਆਨ ਨਾਲ ਜੁੜੀਆਂ, ਜਿਸ ਨਾਲ ਭਾਗ ਲੈਣ ਵਾਲੀਆਂ ਸੰਸਥਾਵਾਂ ਦੀ ਕੁੱਲ ਗਿਣਤੀ 37 ਹੋ ਗਈ ਹੈ। ਚੇਅਰਪਰਸਨ ਰੀਨਾ ਗੁਪਤਾ ਨੇ ਅੱਗੇ ਦੱਸਿਆ ਕਿ ਸਭ ਤੋਂ ਸਾਫ਼ ਸ਼ਹਿਰ ਉਹੀ ਹੁੰਦੇ ਹਨ ਜਿੱਥੇ ਹਰ ਨਾਗਰਿਕ ਆਪਣੇ ਘਰ, ਦਫ਼ਤਰ ਜਾਂ ਸੰਸਥਾ ਦੇ ਬਾਹਰ ਦੀ ਸੜਕ ਨੂੰ ਆਪਣੀ ਜ਼ਿੰਮੇਵਾਰੀ ਸਮਝਦਾ ਹੈ। ਅਸੀਂ ਪਟਿਆਲਾ ਦੀਆਂ ਪ੍ਰਮੁੱਖ ਸੰਸਥਾਵਾਂ, ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਅਤੇ ਸਮੁਦਾਇਕ ਸਮੂਹਾਂ ਨੂੰ ਇਸ ਮੁਹਿੰਮ ਨਾਲ ਜੋੜਿਆ ਹੈ। ਜੇਕਰ ਹਰ ਸੰਸਥਾ ਇੱਕ ਜਨਤਕ ਸਥਾਨ ਨੂੰ ਗੋਦ ਲੈ ਕੇ ਹਰ ਮਹੀਨੇ ਕੁਝ ਘੰਟੇ ਇਸ ਦੀ ਸਫ਼ਾਈ ਲਈ ਸਮਰਪਿਤ ਕਰੇ, ਤਾਂ ਅਸੀਂ ਇੱਕ ਹੋਰ ਸਾਫ਼-ਸੁਥਰਾ, ਸਿਹਤਮੰਦ ਅਤੇ ਰਹਿਣ-ਯੋਗ ਪੰਜਾਬ ਤਿਆਰ ਕਰ ਸਕਦੇ ਹਾਂ। ਚੇਅਰਪਰਸਨ ਨੇ ਸਾਰੀਆਂ ਸਮਾਜਿਕ ਸੰਸਥਾਵਾਂ ਅਤੇ ਗੈਰ-ਸਰਕਾਰੀ ਸੰਗਠਨਾਂ (ਐਨਜੀਓਜ਼) ਨੂੰ ਵੀ ਇਸ ਮੁਹਿੰਮ ਨਾਲ ਜੁੜਨ ਦੀ ਅਪੀਲ ਕੀਤੀ। ਜ਼ਿਕਰਯੋਗ ਹੈ ਕਿ ਮਿਸ਼ਨ ਕਲੀਨ ਪਟਿਆਲਾ ਦੀ ਸ਼ੁਰੂਆਤ ਤੋਂ ਬਾਅਦ ਹੁਣ ਤੱਕ 700 ਤੋਂ ਵੱਧ ਭਾਗੀਦਾਰਾਂ ਨੇ ਆਪਣੇ-ਆਪਣੇ ਸੰਸਥਾਨਾਂ ਦੇ ਨੇੜੇ ਲਗਭਗ 29 ਸਫ਼ਾਈ ਅਤੇ ਜਾਗਰੂਕਤਾ ਮੁਹਿੰਮਾਂ ਵਿੱਚ ਹਿੱਸਾ ਲਿਆ ਹੈ। ਇਸ ਵਿੱਚ 20 ਸਿੱਖਿਆ ਸੰਸਥਾਵਾਂ-ਥਾਪਰ ਇੰਸਟੀਚਿਊਟ ਆਫ ਇੰਜੀਨੀਅਰਿੰਗ ਐਂਡ ਟੈਕਨਾਲੋਜੀ, ਸਰਕਾਰੀ ਸੀਨੀਅਰ ਸੈਕੰਡਰੀ ਸਿਵਲ ਲਾਈਨਜ਼ ਸਕੂਲ, ਸਰਕਾਰੀ ਆਈਟੀਆਈ ਕਾਲਜ, ਮੁਲਤਾਨੀ ਮਾਲ ਮੋਦੀ ਕਾਲਜ, ਡੀਏਵੀ ਪਬਲਿਕ ਸਕੂਲ, ਮਾਤਾ ਸਾਹਿਬ ਕੌਰ ਖਾਲਸਾ ਗਰਲਜ਼ ਕਾਲਜ, ਬੁੱਢਾ ਦਲ ਪਬਲਿਕ ਸਕੂਲ, ਸਰਕਾਰੀ ਮਲਟੀਪਰਪਜ਼ ਸੀਨੀਅਰ ਸੈਕੰਡਰੀ ਸਕੂਲ, ਕੈਂਟਲ ਸੀਨੀਅਰ ਸਕੂਲ, ਸਰਕਾਰੀ ਸਟੇਟ ਕਾਲਜ ਆਫ ਐਜੂਕੇਸ਼ਨ, ਦਿ ਬ੍ਰਿਟਿਸ਼ ਕੋ-ਐਡ ਸਕੂਲ, ਯਾਦਵੇਂਦਰਾ ਪਬਲਿਕ ਸਕੂਲ, ਬਲਾਸਮਜ਼ ਸੀਨੀਅਰ ਸੈਕੰਡਰੀ ਸਕੂਲ, ਆਵਰ ਲੇਡੀ ਆਫ ਫਾਤਿਮਾ ਕਾਨਵੈਂਟ ਸਕੂਲ, ਗੁਰੂ ਨਾਨਕ ਫਾਊਂਡੇਸ਼ਨ ਪਬਲਿਕ ਸਕੂਲ, ਔਰੋਬਿੰਦੋ ਪਬਲਿਕ ਸਕੂਲ, ਪੰਜਾਬੀ ਯੂਨੀਵਰਸਿਟੀ, ਮਾਡਰਨ ਸੀਨੀਅਰ ਸੈਕੰਡਰੀ ਸਕੂਲ, ਸਰਕਾਰੀ ਪੌਲੀਟੈਕਨਿਕ ਕਾਲਜ, ਪੰਜਾਬ ਜੇਲ੍ਹ ਟ੍ਰੇਨਿੰਗ ਸਕੂਲ ਅਤੇ ਸ਼ਿਵਾਲਿਕ ਪਬਲਿਕ ਸਕੂਲ, ਸ਼ਾਮਲ ਹਨ। ਇਹ ਸੰਸਥਾਵਾਂ ਨਾ ਸਿਰਫ਼ ਸੜਕਾਂ ਦੀ ਸਫ਼ਾਈ ਕਰ ਰਹੀਆਂ ਹਨ, ਸਗੋਂ ਆਲੇ-ਦੁਆਲੇ ਦੇ ਵਾਤਾਵਰਣ ਨੂੰ ਸੁੰਦਰ ਬਣਾਉਣ ਲਈ ਨਵੇਂ ਅਤੇ ਨਵੀਨਤਾਕਾਰੀ ਵਿਚਾਰਾਂ 'ਤੇ ਵੀ ਕੰਮ ਕਰ ਰਹੀਆਂ ਹਨ। ਇਸ ਮੁਹਿੰਮ ਨਾਲ ਜੁੜੀਆਂ ਪ੍ਰਮੁੱਖ ਸੰਸਥਾਵਾਂ ਵਿੱਚ ਇੰਡੋ-ਤਿੱਬਤ ਬਾਰਡਰ ਪੁਲਿਸ, ਸਟੇਸ਼ਨ ਹੈੱਡਕੁਆਰਟਰ ਪਟਿਆਲਾ, ਬਾਗਬਾਨੀ ਵਿਭਾਗ, ਪੰਜਾਬ ਰੋਡ ਟਰਾਂਸਪੋਰਟ ਕਾਰਪੋਰੇਸ਼ਨ, ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ, ਲੋਕ ਨਿਰਮਾਣ ਵਿਭਾਗ, ਸਿੰਚਾਈ ਅਤੇ ਡਰੇਨੇਜ ਵਿਭਾਗ ਆਦਿ ਵੀ ਸ਼ਾਮਲ ਹੋਏ ਹਨ।

# ਨੀਟ 2026 ਕੁਆਲੀਫਾਈਡ ਵਿਦਿਆਰਥੀਆਂ ਤੇ ਅਧਿਆਪਕਾਂ ਦਾ ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਵੱਲੋਂ ਕੀਤਾ ਸਨਮਾਨ




**ਪਟਿਆਲਾ, 11 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਸਿੱਖਿਆ ਅਫ਼ਸਰ ਪਟਿਆਲਾ ਸ਼ਾਲੂ ਮਹਿਰਾ ਨੇ ਸਫ਼ਲ ਵਿਦਿਆਰਥੀਆਂ,ਉਨ੍ਹਾਂ ਦੇ ਮਾਪਿਆਂ ਅਤੇ ਅਧਿਆਪਕਾਂ ਨੂੰ ਵਧਾਈ ਦਿੰਦਿਆਂ ਸਰਟੀਫਿਕੇਟ ਦੇ ਕੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ।ਉਹਨਾਂ ਇਸ ਉਪਲਬਧੀ ਦਾ ਸਿਹਰਾ ਵਿਦਿਆਰਥੀਆਂ ਦੀ ਮਿਹਨਤ, ਮਾਪਿਆਂ ਦੇ ਸਹਿਯੋਗ ਅਤੇ ਅਧਿਆਪਕਾਂ ਦੀ ਸੁਚੱਜੀ ਅਗਵਾਈ ਨੂੰ ਦਿੱਤਾ। ਉਨ੍ਹਾਂ ਦੱਸਿਆ ਕਿ ਇਨ੍ਹਾਂ ਵਿਦਿਆਰਥੀਆਂ ਦੀ ਤਿਆਰੀ ਅਤੇ ਮਾਰਗਦਰਸ਼ਨ ਵਿੱਚ ਸਾਇੰਸ ਪੀ ਡੀ ਐਮ, ਜਿਲ੍ਹਾ ਨੋਡਲ ਲੈਕਚਰਾਰ, ਸਕੂਲ ਪ੍ਰਿੰਸੀਪਲਾਂ, ਕੀਅ ਰੀਸੋਰਸ ਪਰਸਨ, ਸਾਥੀ ਟੀਮ ਅਤੇ ਸਾਇੰਸ ਲੈਕਚਰਾਰ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ। ਉਹਨਾਂ ਵਿਸ਼ੇਸ ਤੌਰ ਤੇ ਜਿਲ੍ਹੇ ਦੇ ਪੀਡੀਐਮ ਸੰਦੀਪ ਕੁਮਾਰ, ਮਨਦੀਪ ਕੌਰ ਅੰਟਾਲ,ਸੁਧੀਰ ਕੁਮਾਰ,ਦੀਪਕ ਕੁਮਾਰ ਅਤੇ ਜਿਲ੍ਹਾ ਨੋਡਲ ਲੈਕਚਰਾਰ ਦੌਲਤ ਰਾਮ ਨੂੰ ਵੀ ਸਨਮਾਨਿਤ ਕੀਤਾ। ਇਸ ਪ੍ਰੀਖਿਆ ਦੀ ਤਿਆਰੀ ਵਿਚ ਵਿਸ਼ੇਸ਼ ਯੋਗਦਾਨ ਪਾਉਣ ਵਾਲੇ ਦੋ ਕੀਅ ਰੀਸੋਰਸ ਪਰਸਨ ਪ੍ਰਿਆ ਕੋਹਲੀ ਸਨੌਰ ਮੁੰਡੇ, ਰਾਜਦੀਪ ਕੌਰ ਐਨਪੀਸੀ ਪਟਿਆਲਾ,ਚਾਰ ਐਸਪੀਓਸੀ ਅਲਪਨਾ ਗੋਇਲ,ਮੰਜੂ ਬਾਲਾ, ਮਨਜੀਤ ਕੌਰ ,ਸੰਦੀਪ ਕੌਰ ਅਤੇ ਅੱਠ ਐਸ ਓ ਈ ਸਕੂਲਾਂ ਦੇ ਨੋਡਲ ਲੈਕਚਰਾਰ ਦਾ ਸਨਮਾਨ ਵੀ ਕੀਤਾ ਗਿਆ।

ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਪਟਿਆਲਾ ਡਾ. ਰਵਿੰਦਰਪਾਲ ਸਿੰਘ ਨੇ ਸਫਲ ਵਿਦਿਆਰਥੀਆਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਦੇ ਮੈਰਿਟ ਅੰਕਾ ਬਾਰੇ ਜਾਣਕਾਰੀ ਲਈ, ਉਨ੍ਹਾਂ ਅਗਲੇ ਸਾਲ ਐਸ ਗਿਣਤੀ ਨੂੰ 150 ਤੋਂ ਪਾਰ ਹੋਣ ਲਈ ਅਧਿਆਪਕਾਂ ਨੂੰ ਪ੍ਰੇਰਿਤ ਕੀਤਾ।

# ਸਫ਼ਾਈ ਕਰਮਚਾਰੀਆਂ ਨੂੰ ਪੱਕੇ ਕਰਨ ਦੇ ਫ਼ੈਸਲੇ 'ਤੇ ਨਗਰ ਕੌਂਸਲ ਸਨੌਰ 'ਚ ਖ਼ੁਸ਼ੀ ਦੀ ਲਹਿਰ

**ਸਨੌਰ,11 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸਮੂਹ ਸਫ਼ਾਈ ਕਰਮਚਾਰੀ ਅਤੇ ਯੂਨੀਅਨ ਦੇ ਅਹੁਦੇਦਾਰ ਵਿਸ਼ੇਸ਼ ਤੌਰ 'ਤੇ ਹਲਕਾ ਸਨੌਰ ਦੇ ਇੰਚਾਰਜ ਸਰਦਾਰ ਰਣਜੋਧ ਸਿੰਘ ਹਡਾਣਾ ਦੇ ਗ੍ਰਹਿ (ਘਰ) ਵਿਖੇ ਢੋਲ ਵਜਾ ਕੇ ਅਤੇ ਨੱਚ ਕੇ ਖ਼ੁਸ਼ੀ ਮਨਾਉਂਦਿਆਂ ਉਨ੍ਹਾਂ ਦਾ ਧੰਨਵਾਦ ਕਰਨ ਪਹੁੰਚੇ। ਦੱਸਣਯੋਗ ਹੈ ਕਿ ਪੰਜਾਬ ਸਰਕਾਰ ਵੱਲੋਂ ਸਫ਼ਾਈ ਕਰਮਚਾਰੀਆਂ ਨੂੰ ਪੱਕੇ ਕਰਨ ਦੇ ਲਏ ਗਏ ਇਤਿਹਾਸਕ ਅਤੇ ਵਧੀਆ ਫ਼ੈਸਲੇ ਦੀ 'ਸਫ਼ਾਈ ਸੇਵਕ ਐਂਡ ਅਦਰ ਵਰਕਰਜ਼ ਯੂਨੀਅਨ' ਨਗਰ ਕੌਂਸਲ ਸਨੌਰ ਵੱਲੋਂ ਪੂਰਨ ਸ਼ਲਾਘਾ ਕੀਤੀ ਗਈ ਹੈ। ਇਸ ਖ਼ੁਸ਼ੀ ਦੇ ਮੌਕੇ ਹਲਕਾ ਇੰਚਾਰਜ ਰਣਜੋਧ ਸਿੰਘ ਹਡਾਣਾ ਨੇ ਵੀ ਸਾਰੇ ਮੁਲਾਜ਼ਮਾਂ ਦਾ ਲੱਡੂਆਂ ਨਾਲ ਮੂੰਹ ਮਿੱਠਾ ਕਰਵਾਇਆ ਅਤੇ ਇਸ ਇਤਿਹਾਸਕ ਫ਼ੈਸਲੇ ਲਈ ਸਾਰਿਆਂ ਨੂੰ ਵਧਾਈ ਦਿੱਤੀ।

ਇਸ ਮੌਕੇ ਨਗਰ ਕੌਂਸਲ ਸਨੌਰ ਦੇ ਪ੍ਰਧਾਨ ਪ੍ਰਦੀਪ ਸਿੰਘ ਜੋਸਨ ਨੇ ਮੁਲਾਜ਼ਮਾਂ ਨੂੰ ਵਿਸ਼ਵਾਸ ਦਵਾਇਆ ਕਿ ਸਾਰੇ ਹੀ ਸਫ਼ਾਈ ਸੇਵਕਾਂ ਨੂੰ ਪੱਕੇ ਕਰਨ ਦਾ ਮਤਾ ਨਗਰ ਕੌਂਸਲ ਵਿੱਚ ਪਹਿਲ ਦੇ ਆਧਾਰ 'ਤੇ ਪਾਇਆ ਜਾਵੇਗਾ। ਇਸ ਦੌਰਾਨ ਸਾਰੇ ਸਮੂਹ ਮੁਲਾਜ਼ਮਾਂ ਵੱਲੋਂ ਈ.ਓ. ਸਾਹਿਬ ਦਾ ਵੀ ਧੰਨਵਾਦ ਪ੍ਰਗਟਾਇਆ ਗਿਆ।

ਇਸ ਖ਼ੁਸ਼ੀ ਦੇ ਸਮਾਗਮ ਵਿੱਚ ਸੀਨੀਅਰ ਮੀਤ ਪ੍ਰਧਾਨ ਯੁਵਰਾਜ ਸਿੰਘ, ਐੱਮ.ਸੀ. ਵਿਕਾਸ ਅਟਵਾਲ, ਐੱਮ.ਸੀ. ਸਰਦਾਰ ਮਨਮੀਤ ਸਿੰਘ ਮੁੰਨਾ, ਚੇਅਰਮੈਨ ਡਾਕਟਰ ਗੋਲਡੀ ਅਤੇ ਸਫ਼ਾਈ ਸੇਵਕ ਯੂਨੀਅਨ ਸਨੌਰ ਤੋਂ ਪ੍ਰਧਾਨ ਜੁੰਗਨ ਲਾਲ, ਮੀਤ ਪ੍ਰਧਾਨ ਵਰੁਣ ਕੁਮਾਰ, ਕੈਸ਼ੀਅਰ ਦੀਪਕ ਕੁਮਾਰ, ਸੈਕਟਰੀ ਰੋਕੀ ਅਟਵਾਲ, ਰਕੇਸ਼ ਕੁਮਾਰ ਬੱਬੂ, ਨਰਿੰਦਰ ਸਿੰਘ ਹਸਨਪੁਰ, ਕੁਲਵੰਤ ਸਿੰਘ



ਦੁੰਦੀਮਾਜਰਾ, ਦਵਿੰਦਰ ਸਿੰਘ ਮੇਟ, ਵੀਰਪਾਲ ਪੰਜੋਲਾ, ਚਰਨ ਦਾਸ ਬਾਲੂ, ਸੁੰਦਰ, ਸੋਨੀ, ਗੁਰਜੀਤ ਸਿੰਘ ਸ਼ੰਕਰਪੁਰ, ਸਵਰਨ ਸਿੰਘ ਬੱਸਰ ਕਲਾਂ, ਸ਼ਮਸ਼ਾਦ ਖ਼ਾਨ ਚੌਰਾ, ਜਗਜੀਤ ਸਿੰਘ ਰਾਏਪੁਰ, ਵਿੱਕੀ ਅਤੇ ਰਹੀਮ ਕੁਮਾਰ ਸਮੇਤ ਸਫ਼ਾਈ ਸੇਵਕ ਐਂਡ ਅਦਰ ਵਰਕਰਜ਼ ਯੂਨੀਅਨ ਦੇ ਸਾਰੇ ਹੀ ਮੁਲਾਜ਼ਮ ਤੇ ਅਹੁਦੇਦਾਰ ਹਾਜ਼ਰ ਸਨ।

# 'ਹਰ ਬੂਥ, ਕਾਂਗਰਸ ਮਜ਼ਬੂਤ' ਮੁਹਿੰਮ ਨੂੰ ਲੁਧਿਆਣਾ ਵਿੱਚ ਭਰਵਾਂ ਹੁੰਗਾਰਾ, ਅਨੁਸ਼ਾਸਨਹੀਣਤਾ 'ਤੇ ਸਖ਼ਤ ਕਾਰਵਾਈ ਦੀ ਚੇਤਾਵਨੀ



**ਲੁਧਿਆਣਾ, 11 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

'ਹਰ ਬੂਥ, ਕਾਂਗਰਸ ਮਜ਼ਬੂਤ' ਮੁਹਿੰਮ ਤਹਿਤ ਗੁਰੂ ਨਾਨਕ ਭਵਨ, ਲੁਧਿਆਣਾ ਵਿਖੇ ਆਯੋਜਿਤ ਵਿਸ਼ਾਲ ਵਰਕਰ ਸੰਮੇਲਨ ਨੂੰ ਭਰਵਾਂ ਹੁੰਗਾਰਾ ਮਿਲਿਆ, ਜਿਸ ਵਿੱਚ ਹਜ਼ਾਰਾਂ ਕਾਂਗਰਸੀ ਵਰਕਰਾਂ ਨੇ ਸ਼ਮੂਲੀਅਤ ਕੀਤੀ। ਪ੍ਰੋਗਰਾਮ ਦੌਰਾਨ ਕੁਝ ਵਿਘਨ ਪਾਉਣ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਸਮਾਗਮ ਕਰੀਬ ਦੋ ਘੰਟੇ ਤੱਕ ਸੁਚਾਰੂ ਢੰਗ ਨਾਲ ਚੱਲਿਆ।

ਸਮਾਗਮ ਨੂੰ ਸੰਬੋਧਨ ਕਰਦਿਆਂ 1933 ਦੇ ਪੰਜਾਬ ਇੰਚਾਰਜ ਅਤੇ ਜਨਰਲ ਸਕੱਤਰ ਭੂਪੇਸ਼ ਬਘੇਲ ਨੇ ਸਪੱਸ਼ਟ ਕੀਤਾ ਕਿ ਕਾਂਗਰਸ ਵਿੱਚ ਅਨੁਸ਼ਾਸਨਹੀਣਤਾ ਲਈ ਕੋਈ ਥਾਂ ਨਹੀਂ ਹੈ। ਉਨ੍ਹਾਂ ਕਿਹਾ ਕਿ ਪਾਰਟੀ ਦੇ ਪ੍ਰੋਗਰਾਮਾਂ ਵਿੱਚ ਵਿਘਨ ਪਾਉਣ ਵਾਲਿਆਂ ਦੀ ਪਛਾਣ ਕਰਕੇ ਸਖ਼ਤ ਕਾਰਵਾਈ ਕੀਤੀ ਜਾਵੇਗੀ ਅਤੇ ਕਿਸੇ ਨੂੰ ਵੀ ਬਖ਼ਸ਼ਿਆ ਨਹੀਂ ਜਾਵੇਗਾ। ਬਘੇਲ ਨੇ ਕਿਹਾ ਕਿ ਕਾਂਗਰਸ ਦੇ ਬਾਹਰੀ ਵਿਰੋਧੀਆਂ ਦੇ ਨਾਲ-ਨਾਲ ਪਾਰਟੀ ਅੰਦਰ ਸਰਗਰਮ ਸਲੀਪਰ ਸੈੱਲਾਂ ਅਤੇ ਅੰਦਰੂਨੀ ਸਾਜ਼ਿਸ਼ਕਾਰਾਂ ਦੀ ਵੀ ਪਛਾਣ ਕਰਕੇ ਉਨ੍ਹਾਂ ਨੂੰ ਪਾਰਟੀ ਤੋਂ ਬਾਹਰ ਕੀਤਾ ਜਾਵੇਗਾ।

# ਬੋਲੈਰੋ ਪਲਟਣ ਕਾਰਨ ਬੱਚੀ ਦੀ ਮੌਤ; 25 ਸ਼ਰਧਾਲੂ ਜ਼ਖ਼ਮੀ; ਆਲੋਵਾਲ ਵਿੱਚ ਧਾਰਮਿਕ ਸਮਾਗਮ 'ਚ ਸ਼ਾਮਲ ਹੋਣ ਲਈ ਜਾ ਰਹੀ ਸੀ ਸੰਗਤ




**ਪਟਿਆਲਾ, 11 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਦਸੋਂ ਨੇੜੇ ਸਥਿਤ ਪਿੰਡ ਆਲੋਵਾਲ ਵਿੱਚ ਧਾਰਮਿਕ ਸਮਾਗਮ 'ਤੇ ਜਾ ਰਹੀ ਸੰਗਤ ਵਾਲੀ ਬੋਲੈਰੋ ਗੱਡੀ ਪਲਟ ਗਈ। ਇਸ ਦੌਰਾਨ ਛੇ ਸਾਲਾਂ ਬੱਚੀ ਦੀ ਮੌਤ ਹੋ ਗਈ ਜਦਕਿ 25 ਦੇ ਕਰੀਲ ਸ਼ਰਧਾਲੂ ਜ਼ਖ਼ਮੀ ਹੋ ਗਏ।

ਲੁਧਿਆਣਾ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਤੋਂ ਸੰਗਤ ਦੇ ਰੂਪ 'ਚ 25 ਦੇ ਕਰੀਬ ਸ਼ਰਧਾਲੂ ਬੋਲੈਰੋ ਗੱਡੀ ਰਾਹੀਂ ਭਾਦਸੋਂ ਕੋਲ਼ ਸਥਿਤ ਆਲੋਵਾਲ ਪਿੰਡ ਵਿਚਲੇ ਸਮਾਗਮ 'ਚ ਸ਼ਾਮਲ ਹੋਣ ਲਈ ਆ ਰਹੇ ਸਨ ਪਰ ਭਾਦਸੋਂ ਥਾਣੇ ਦੇ ਪਿੰਡ ਰਾਇਮਲ ਮਾਜਰੀ ਕੋਲ ਮੋੜ 'ਤੇ ਤਵਾਜ਼ਨ ਵਿਗੜਨ ਕਰਕੇ ਗੱਡੀ ਪਲਟ ਗਈ। ਇਸ ਦੌਰਾਨ ਨਵਪ੍ਰੀਤ ਕੌਰ ਨਾਮ ਦੀ ਛੇ ਸਾਲਾ ਬੱਚੀ ਦੀ ਮੌਤ ਹੋ ਗਈ ਜਦਕਿ 25 ਜਣੇ ਫੱਟੜ ਹੋ ਗਏ। ਇਨ੍ਹਾਂ ਨੂੰ ਸਰਕਾਰੀ ਰਾਜਿੰਦਰਾ ਹਸਪਤਾਲ ਪਟਿਆਲਾ ਵਿੱਚ ਦਾਖ਼ਲ ਕਰਵਾਇਆ ਗਿਆ ਹੈ। ਜ਼ਖ਼ਮੀਆਂ 'ਚ 11 ਸਾਲਾ ਸੀਰਤ ਨਾਮੀ ਬੱਚੀ ਸਮੇਤ ਮਨਜੀਤ ਕੌਰ, ਮਲਕੀਤ ਕੌਰ, ਪਰਮਜੀਤ ਕੌਰ, ਬਲਜਿੰਦਰ ਕੌਰ, ਅਮਰਜੀਤ ਕੌਰ,ਰਾਜਪਾਲ ਸਿੰਘ, ਹੀਰਾ ਸਿੰਘ, ਕੁਲਵੰਤ ਕੌਰ ਅਤੇ ਮੇਜਰ ਸਿੰਘ ਸ਼ਾਮਲ ਹਨ। ਘਟਨਾ ਦਾ ਪਤਾ ਲੱਗਣ 'ਤੇ ਇਲਾਕੇ ਦੇ ਸਮਾਜ ਸੇਵੀ ਅਮਰੀਕ ਸਿੰਘ ਭੰਗੂ ਸਮੇਤ ਹੋਰਨਾਂ ਨੇ ਜ਼ਖ਼ਮੀਆਂ ਨੂੰ ਪਟਿਆਲਾ ਹਸਪਤਾਲ ਪਹੁੰਚਾਇਆ। ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਵੀ ਰਾਜਿੰਦਰਾ ਹਸਪਤਾਲ ਜਾ ਕੇ ਜ਼ਖ਼ਮੀਆਂ ਦਾ ਹਾਲ-ਚਾਲ ਜਾਣਿਆ ਅਤੇ ਫੌਤ ਹੋਈ ਬੱਚੇ ਦੇ ਪਰਿਵਾਰਕ ਮੈਂਬਰਾਂ ਤੇ ਰਿਸ਼ਤੇਦਾਰਾਂ ਨੂੰ ਵੀ ਦਿਲਾਸਾ ਦਿੱਤਾ।

**ਟਰੱਕ ਦੀ ਲਪੇਟ 'ਚ ਆਉਣ ਕਾਰਨ ਔਰਤ ਦੀ ਮੌਤ**

ਇੱਥੇ ਬਠਿੰਡਾ-ਜ਼ੀਰਕਪੁਰ ਨੈਸ਼ਨਲ ਹਾਈਵੇਅ 'ਤੇ ਨਵੇਂ ਬੱਸ ਅੱਡੇ ਨੇੜੇ ਅੱਜ ਟਰੱਕ ਦੀ ਲਪੇਟ ਵਿੱਚ ਆਉਣ ਕਾਰਨ ਨੇਹਾ ਸਿੰਗਲਾ ਵਾਸੀ ਭਵਾਨੀਗੜ੍ਹ ਦੀ ਮੌਕੇ 'ਤੇ ਮੌਤ ਹੋ ਗਈ। ਮ੍ਰਿਤਕਾ ਦੇ ਪਤੀ ਵਿਜੈ ਕੁਮਾਰ ਸਿੰਗਲਾ ਨੇ ਥਾਣਾ ਭਵਾਨੀਗੜ੍ਹ ਵਿੱਚ ਸ਼ਿਕਾਇਤ ਦਰਜ ਕਰਵਾਈ ਕਿ ਅੱਜ ਦੁਪਹਿਰ ਵੇਲੇ ਭੋਗ ਸਮਾਗਮ ਵਿੱਚ ਸ਼ਾਮਲ ਹੋਣ ਤੋਂ ਬਾਅਦ ਉਸ ਦੀ ਪਤਨੀ ਨੇਹਾ ਸਿੰਗਲਾ ਘਰ ਵੱਲ ਪੈਦਲ ਜਾ ਰਹੀ ਸੀ ਤੇ ਥੋੜ੍ਹੀ ਵਿੱਥ ਨਾਲ ਉਹ ਖੁਦ ਵੀ ਘਰ ਵੱਲ ਜਾ ਰਿਹਾ ਸੀ। ਨਵੇਂ ਬੱਸ ਸਟੈਂਡ ਨੇੜੇ ਮੁੱਖ ਮਾਰਗ 'ਤੇ ਟਰੱਕ ਨੇ ਨੇਹਾ ਨੂੰ ਆਪਣੀ ਲਪੇਟ ਵਿੱਚ ਲੈ ਲਿਆ। ਇਸ ਕਾਰਨ ਉਸ ਦੀ ਮੌਤ ਹੋ ਗਈ। ਪੁਲੀਸ ਨੇ ਵਿਜੈ ਕੁਮਾਰ ਸਿੰਗਲਾ ਦੇ ਬਿਆਨ 'ਤੇ ਟਰੱਕ ਚਾਲਕ ਕ੍ਰਿਸ਼ਨ ਵਾਸੀ ਪੰਨਵਾਂ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ।

# ਮੱਖਣ ਰਾਮ ਨੂੰ ਸੈਂਟਰਲ ਵਾਲਮੀਕੀ ਸਭਾ ਇੰਡੀਆ ਵੱਲੋਂ ਹਲਕਾ ਸ੍ਰੀ ਚਮਕੌਰ ਸਾਹਿਬ ਦਾ ਇੰਚਾਰਜ ਨਿਯੁਕਤ



**ਮੋਰਿੰਡਾ, 11 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਵਾਲਮੀਕੀ ਸਭਾ ਇੰਡੀਆ ਪੰਜਾਬ ਜਿਲ੍ਹਾ ਰੋਪੜ ਵੱਲੋਂ ਮੱਖਣ ਰਾਮ ਬਲਦੇਵ ਨਗਰ ਮੋਰਿੰਡਾ ਨੂੰ ਉਹਨਾਂ ਦੀਆਂ ਸਮਾਜ ਦੇ ਪ੍ਰਤੀ ਸੇਵਾਵਾਂ, ਨਿਸ਼ਠਾ, ਇਮਾਨਦਾਰੀ ਅਤੇ ਸੰਗਠਨ ਪ੍ਰਤੀ ਸਮਰਪਣ ਨੂੰ ਧਿਆਨ ਵਿੱਚ ਰੱਖਦੇ ਹੋਏ ਸੈਂਟਰਲ ਵਾਲਮੀਕੀ ਸਭਾ ਇੰਡੀਆ ਦੇ ਜ਼ਿਲ੍ਹਾ ਪ੍ਰਧਾਨ ਰਮਨ ਮੱਟੂ ਵੱਲੋਂ ਹਲਕਾ ਸ੍ਰੀ ਚਮਕੌਰ ਸਾਹਿਬ ਦਾ ਇੰਚਾਰਜ ਨਿਯੁਕਤ ਕੀਤਾ ਗਿਆ। ਇਸ ਸਮੇਂ ਉਹਨਾਂ ਨਾਲ ਬੀਜੇਪੀ ਪਾਰਟੀ ਦੇ ਵਾਈਸ ਪੰਜਾਬ ਪ੍ਰਧਾਨ ਗੇਜਾ ਰਾਮ ਵੀ ਹਾਜ਼ਰ ਸਨ। ਨਵ ਨਿਯੁਕਤ ਹਲਕਾ ਇੰਚਾਰਜ ਮੱਖਣ ਰਾਮ ਨੇ ਕਿਹਾ ਕਿ ਉਹ ਸੰਗਠਨ ਦੇ ਸਿਧਾਂਤਾਂ, ਨਿਯਮਾਂ ਅਤੇ ਨੀਤੀਆਂ ਦੀ ਪਾਲਣਾ ਕਰਦੇ ਹੋਏ ਪੂਰੀ ਸੱਚਾਈ ਅਤੇ ਇਮਾਨਦਾਰੀ ਨਾਲ ਸੰਗਠਨ ਦਾ ਕੰਮ ਕਰਨਗੇ।

# ਲਾਇਨਜ਼ ਕਲੱਬ ਪਟਿਆਲਾ ਫੋਰਟ ਵੱਲੋਂ ਅਪਾਹਜ ਆਸ਼ਰਮ ਵਿੱਚ ਚਾਹ, ਸਮੋਸੇ, ਜਲੇਬੀ ਅਤੇ ਕੇਕ ਦੀ ਵੰਡ




**ਪਟਿਆਲਾ, 11 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਲਾਇਨਜ਼ ਕਲੱਬ ਪਟਿਆਲਾ ਫੋਰਟ ਵੱਲੋਂ ਸਮਾਜ ਸੇਵਾ ਦੀ ਆਪਣੀ ਪਰੰਪਰਾ ਨੂੰ ਅੱਗੇ ਵਧਾਉਂਦੇ ਹੋਏ ਅੱਜ ਬੇਬੀ ਆਸਥਾ ਸੂਦ ਦੇ ਜਨਮਦਿਨ ਮੌਕੇ ਬੀਰ ਦਸੌਂਧੀ ਅਪਾਹਜ ਆਸ਼ਰਮ, ਪਟਿਆਲਾ ਵਿੱਚ ਵਿਸ਼ੇਸ਼ ਸੇਵਾ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਕਲੱਬ ਵੱਲੋਂ ਆਸ਼ਰਮ ਦੇ ਸਾਰੇ ਮਰੀਜ਼ਾਂ ਅਤੇ ਹਾਜ਼ਰ ਮੈਂਬਰਾਂ ਲਈ ਚਾਹ, ਸਮੋਸੇ, ਜਲੇਬੀ ਅਤੇ ਕੇਕ ਦੀ ਵੰਡ ਕੀਤੀ ਗਈ। ਕਲੱਬ ਦੇ ਮੈਂਬਰਾਂ ਨੇ ਆਸ਼ਰਮ ਦੇ ਨਿਵਾਸੀਆਂ ਨਾਲ ਜਨਮਦਿਨ ਦੀਆਂ ਖੁਸ਼ੀਆਂ ਸਾਂਝੀਆਂ ਕਰਦਿਆਂ ਉਨ੍ਹਾਂ ਦੀ ਚੰਗੀ ਸਿਹਤ ਅਤੇ ਖੁਸ਼ਹਾਲ ਜੀਵਨ ਲਈ ਸ਼ੁਭ ਕਾਮਨਾਵਾਂ ਦਿੱਤੀਆਂ।

ਬੇਬੀ ਆਸਥਾ ਸੂਦ, ਲਾਇਨਜ਼ ਕਲੱਬ ਪਟਿਆਲਾ ਫੋਰਟ ਦੇ ਮੈਂਬਰ ਲਾਇਨ ਯਸ਼ਪਾਲ ਸੂਦ ਅਤੇ ਲਾਇਨ ਕਰਮਵੀਰ ਪੁਰੀ ਦੀ ਪੋਤਰੀ/ਦੋਹਤਰੀ ਹਨ। ਉਨ੍ਹਾਂ ਦਾ ਜਨਮਦਿਨ ਸੇਵਾ ਕਾਰਜ ਦੇ ਰੂਪ ਵਿੱਚ ਮਨਾਉਣ ਦੀ ਇਸ ਪਹਿਲ ਦੀ ਸਭ ਨੇ ਭਰਪੂਰ ਸਰਾਹਨਾ ਕੀਤੀ।

ਅਪਾਹਜ ਆਸ਼ਰਮ ਦੇ ਪ੍ਰਧਾਨ ਜੇ. ਕੇ. ਖੋਸਲਾ ਨੇ ਲਾਇਨਜ਼ ਕਲੱਬ ਪਟਿਆਲਾ ਫੋਰਟ ਵੱਲੋਂ ਕੀਤੇ ਇਸ ਸੇਵਾ ਕਾਰਜ ਲਈ ਕਲੱਬ ਦੇ ਸਮੂਹ ਮੈਂਬਰਾਂ ਦਾ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਅਜਿਹੇ ਸਮਾਜਿਕ ਸੇਵਾ ਕਾਰਜ ਸਮਾਜ ਵਿੱਚ ਸੇਵਾ ਅਤੇ ਮਨੁੱਖਤਾ ਦੀ ਭਾਵਨਾ ਨੂੰ ਹੋਰ ਮਜ਼ਬੂਤ ਕਰਦੇ ਹਨ। ਇਸ ਮੌਕੇ ਕਲੱਬ ਦੇ ਪ੍ਰਧਾਨ ਲਾਇਨ ਸੁਨੀਲ ਮਿੱਤਲ, ਲਾਇਨ ਸੰਜੇ ਮਲਹੋਤਰਾ, ਲਾਇਨ ਕੇ. ਐਸ. ਸੰਧੂ, ਲਾਇਨ ਆਰ. ਐਸ. ਪੰਨੂ, ਲਾਇਨ ਰਮਨ ਗਰੋਵਰ, ਲਾਇਨ ਸੀ. ਡੀ. ਗਰਗ, ਲਾਇਨ ਬੀ. ਕੇ. ਗੋਇਲ, ਲਾਇਨ ਆਰ. ਪੀ. ਸੂਦ, ਲਾਇਨ ਰਵਿੰਦਰ ਜਿੰਦਲ, ਯਾਦਵਿੰਦਰ ਸਿੰਘਲਾ,ਲਾਇਨ ਸੌਰਵ ਸੂਦ, ਆਰਵ ਸੂਦ, ਰਿਸ਼ਾ ਸੂਦ, ਮੋਨਿਕਾ ਠਾਕੁਰ, ਰੰਜਨਾ ਪੁਰੀ, ਰਾਕੇਸ਼ ਸੂਦ ਸਮੇਤ ਹੋਰ ਮੈਂਬਰ ਹਾਜ਼ਰ ਸਨ।

# ਮਾਂ ਦੇ ਦੁੱਧ ਦੀ ਮਹੱਤਤਾ ਸਬੰਧੀ ਸੀ.ਐਚ.ਸੀ. ਟੀਮ ਮਾਛੀਵਾੜਾ ਵੱਲੋਂ ਸੈਮੀਨਾਰ ਆਯੋਜਿਤ



**ਮਾਛੀਵਾੜਾ ਸਾਹਿਬ, 11 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਵਲ ਸਰਜਨ ਲੁਧਿਆਣਾ ਡਾ.ਰਮਨਦੀਪ ਕੌਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਸੀਨੀਅਰ ਮੈਡੀਕਲ ਅਫ਼ਸਰ ਡਾ. ਲਖਵਿੰਦਰ ਸਿੰਘ ਦੀ ਅਗਵਾਈ ਹੇਠ ਸੀ. ਐਚ. ਸੀ. ਮਾਛੀਵਾੜਾ ਸਾਹਿਬ ਅਤੇ ਇਸ ਅਧੀਨ ਆਉਦੇ ਸਿਹਤ ਕੇਂਦਰਾਂ ਵਿਚ ਮਾਂ ਦੇ ਦੁੱਧ ਦੀ ਮਹੱਤਤਾ ਸਬੰਧੀ ਜਾਗਰੂਕਤਾ ਗਤੀਵਿਧੀਆਂ ਕੀਤੀਆਂ ਜਾ ਰਹੀਆਂ ਹਨ।

ਐਸ.ਐਮ.ਓ.ਡਾ. ਲਖਵਿੰਦਰ ਸਿੰਘ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਮਾਂ ਦਾ ਦੁੱਧ ਬੱਚੇ ਲਈ ਬਹੁਤ ਜਰੂਰੀ ਹੈ ਜਿਸ ਨਾਲ ਬੱਚੇ ਦਾ ਮਾਨਸਿਕ ਅਤੇ ਸਰੀਰਕ ਵਿਕਾਸ ਹੁੰਦਾ ਹੈ। ਪਰਦੀਪ ਸਿੰਘ ਬਲਾਕ ਐਜੂਕੇਟਰ ਨੇ ਦੱਸਿਆ ਕਿ ਮਾਂ ਦਾ ਦੁੱਧ ਪੀਣ ਨਾਲ ਬੱਚੇ ਸਿਹਤਮੰਦ ਅਤੇ ਤੰਦਰੁਸਤ ਰਹਿੰਦੇ ਹਨ ਅਤੇ ਦੁੱਧ ਪਿਲਾਉਣ ਨਾਲ ਮਾਂ ਦੀ ਤੰਦਰੁਸਤੀ ਵੀ ਬਣੀ ਰਹਿੰਦੀ ਹੈ।

ਇਸ ਮੌਕੇ ਕੁਲਵੀਰ ਕੌਰ ਐਲ ਐਚ ਵੀ, ਗੁਰਜੀਤ ਕੌਰ ਏ ਐਨ ਐਮ ਅਤੇ ਆਸ਼ਾ ਵਰਕਰਜ਼ ਤੋਂ ਇਲਾਵਾ ਦੁੱਧ ਪਿਲਾਉਣ ਵਾਲੀਆਂ ਮਾਂਵਾਂ ਹਾਜ਼ਰ ਸਨ।

ਐਸ. ਐਮ. ਓ.ਡਾ. ਲਖਵਿੰਦਰ ਸਿੰਘ ਅਤੇ ਸਟਾਫ਼ ਮੈਂਬਰ ਜਾਗਰੂਕਤਾ ਦੌਰਾਨ।

# ਟੀਮ ਹਿਊਮਨ ਸਰਵਿਸ ਸੋਸਾਇਟੀ ਵਲੋਂ ਨਸ਼ੇ ਦੇ ਖਿਲਾਫ ਨੌਜਵਾਨਾਂ ਨੂੰ ਜਾਗਰੂਕ ਕਰਨ ਲਈ ਮੀਟਿੰਗ ਆਯੋਜਿਤ



**ਪਟਿਆਲਾ, 11 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਟੀਮ ਹਿਊਮਨ ਸਰਵਿਸ ਸੋਸਾਇਟੀ ਵਲੋਂ ਨਸ਼ੇ ਦੇ ਖਿਲਾਫ ਨੌਜਵਾਨਾਂ ਨੂੰ ਜਾਗਰੂਕ ਕਰਨ ਵਾਸਤੇ ਜਖਵਾਲੀ ਪਿੰਡ ਪਟਿਆਲਾ ਵਿਖੇ ਮੀਟਿੰਗ ਕੀਤੀ ਗਈ। ਟੀਮ ਹਿਊਮਨ ਸਰਵਿਸ ਨੇ ਪਿੰਡ ਜਖਵਾਲੀ ਵਿਖੇ ਜਾ ਕੇ ਨੌਜਵਾਨਾਂ ਤੇ ਪਿੰਡ ਵਾਸੀਆਂ ਨੂੰ ਨਸ਼ੇ ਦੇ ਮਾੜੇ ਭਰਬਾਵਾ ਦੀ ਜਾਣਕਾਰੀ ਦਿੱਤੀ ਗਈ। ਪੰਜਾਬ ਪ੍ਰਧਾਨ ਜਤਿੰਦਰ ਸ਼ਰਮਾ ਨੇ ਬੋਲਦਿਆਂ ਕਿਹਾ ਕਿ ਅਗਰ ਕੋਈ ਵੀ ਨਸ਼ਾ ਵੇਚਦਾ ਨਜਰ ਆਉਂਦਾ ਹੈ ਤਾਂ ਸਾਡੀ ਟੀਮ ਨੂੰ ਜਾਣਕਾਰੀ ਦਿੱਤੀ ਜਾਵੇ। ਦੱਸਣ ਵਾਲੇ ਦਾ ਨਾਮ ਗੁਪਤ ਰੱਖਿਆ ਜਾਵੇਗਾ। ਅਗਰ ਕੋਈ ਮਰੀਜ ਨਸ਼ਾ ਕਰ ਰਿਹਾ ਹੈ ਤਾਂ ਸਾਡੀ ਟੀਮ ਵਲੋਂ ਉਸ ਦਾ ਮੁਫ਼ਤ ਇਲਾਜ ਕਰਵਾਇਆ ਜਾਵੇਗਾ। ਨਸ਼ੇ ਵੇਚਣ ਵਾਲਿਆਂ ਨੂੰ ਪੁਲਿਸ ਪ੍ਰਸ਼ਾਸ਼ਨ ਨਾਲ ਮਿਲਕੇ ਜੇਲ ਭੇਜਿਆ ਜਾਵੇਗਾ। ਨਸ਼ਾ ਇੱਕ ਐਸੀ ਭੈੜੀ ਬਿਮਾਰੀ ਹੈ ਜੋ ਕਿ ਪਰਿਵਾਰ ਨੂੰ ਹੀ ਨਹੀਂ ਦੇਸ਼ ਨੂੰ ਵੀ ਖੋਖਲਾ ਕਰ ਦਿੰਦੀ ਹੈ ਇਸ ਮੌਕੇ ਟਿੱਕੂ ਗੋਤਮ ਨੂੰ ਚੇਅਰਮੈਨ ਤੇ ਗੌਤਮ ਭੱਟ ਨੂੰ ਵਾਇਸ ਚੇਅਰਮੈਨ ਨਿਯੁਕਤ ਕੀਤਾ ਗਿਆ। ਪਿੰਡ ਵਾਸੀ ਤੇ ਨੌਜਵਾਨਾਂ ਨੇ ਵਿਸ਼ਵਾਸ਼ ਦਿੱਤਾ ਨਸ਼ੇ ਦੇ ਖਿਲਾਫ ਲੜਾਈ ਵਿੱਚ ਉਹ ਟੀਮ ਦਾ ਸਾਥ ਦੇਣਗੇ।

ਇਸ ਮੌਕੇ ਤੇ ਵਿਸ਼ੇਸ਼ ਤੌਰ ਤੇ ਪੰਜਾਬ ਪ੍ਰਧਾਨ ਜਤਿੰਦਰ ਸ਼ਰਮਾ, ਬਾਬਾ ਵਰਿੰਦਰਸਿੰਘ ਕਾਲਾ ਮਾਜਰੀ, ਗੁਰਮੀਤ ਸਿੰਘ, ਸੁਖਵਿੰਦਰ ਸਿੰਘ, ਅਮਿਤ ਕਾਕੜਾ, ਚੇਅਰਮੇਨ ਕੁਲਦੀਪ ਸਿੰਘ ਚੀਮਾ, ਜ਼ੋਗਾ ਸਿੰਘ, ਬਾਈ ਗਿੱਲ, ਗੋਲਡੀ, ਮਨਦੀਪ ਸਿੰਘ, ਸੁਰਜੀਤ ਸਿੰਘ ਤੇ ਭਾਰੀ ਗਿਣਤੀ ਵਿੱਚ ਪਤਵੰਤੇ ਟੀਮ ਮੈਂਬਰ ਮੌਜੂਦ ਰਹੇ।

# ਕਾਵੜ ਸ਼ਿਵਰ ਦੇ ਕੰਮ ਦੇਖ ਕੇ ਕਾਵੜੀਆਂ ਨੇ ਸੁਧਾਰ ਸਭਾ ਦੇ ਮੈਂਬਰਾਂ ਨੂੰ ਸਨਮਾਨਿਤ ਕੀਤਾ



**ਪਟਿਆਲਾ, 11 ਅਗਸਤ**
**-ਰਾਕੇਸ਼ ਠਾਕੁਰ-**
**-ਕੌਮੀ ਪੱਤ੍ਰਿਕਾ ਬਿਊਰੋ-**

ਅੱਜ ਪ੍ਰਾਚੀਨ ਮੰਦਿਰ ਸ੍ਰੀ ਕੇਦਾਰ ਨਾਥ ਮੰਦਿਰ ਮੱਥੁਰਾ ਕਾਲੋਨੀ ਪਟਿਆਲਾ ਵਿਖੇ ਸੁਧਾਰ ਸਭਾ ਦੇ ਮੈਂਬਰਾਂ ਨੂੰ ਸਨਮਾਨਿਤ ਕੀਤਾ ਗਿਆ। ਗਰਜਾ ਨੰਦ ਡਾਕ ਕਾਵੜ ਸੰਘ ਕੋਟਕਪੁਰੇ ਵਾਲਿਆਂ ਦੇ 52 ਕਾਵੜੀਏ ਮੈਂਬਰ ਸਨ। ਇਸ ਮੌਕੇ ਸੁਧਾਰ ਸਭਾ ਦੇ ਵਾਇਸ ਚੇਅਰਮੈਨ ਹਰੀ ਸਿੰਘ ਚੌਹਾਨ, ਪ੍ਰਧਾਨ ਮਿਥੁਨ ਕੁਮਾਰ, ਸੀਨੀਅਰ ਵਾਇਸ ਪ੍ਰਧਾਨ ਮਦਨ ਗੋਪਾਲ, ਰਾਜ ਕੁਮਾਰ ਰਾਜਾ ਸਟੋਰ ਇੰਚਾਰਜ, ਸੇਵਾਦਾਰ ਵਿੱਕੀ, ਮੌਜੂਦ ਸਨ। ਕੋਟਕਪੁਰ ਪੇ ਕਾਵੜੀਆਂ ਨੇ ਸੁਧਾਰ ਸਭਾ ਦਾ ਪ੍ਰੋਗਰਾਮ ਦੇਖ ਕੇ ਬੜੀ ਸ਼ਲਾਘਾ ਕੀਤੀ ਅਤੇ ਆਖਿਆ ਕਿ ਅਸੀਂ ਹਰ ਸਾਲ ਹਰਿਦੁਆਰ ਤੋਂ ਗੰਗਾ ਜਲ ਲੈ ਕੇ ਆਪਣੇ ਸਥਾਨ ਤੇ ਜਾਂਦੇ ਹਾਂ। ਅਸੀਂ ਹਰੇਕ ਸਾਲ ਇੱਥੇ ਜ਼ਰੂਰ ਰੱਕਦੇ ਹਨ ਪਰ ਜਿਨ੍ਹਾਂ ਇੰਤਜਾਮ ਇਸ ਵਾਰ ਵੇਖਿਆ ਹੈ ਇਨ੍ਹਾਂ ਪਹਿਲੇ ਕਦੇ ਵੀ ਨਹੀਂ ਦੇਖਿਆ।

ਸਤਨਾਮ ਹਸੀਜਾ ਨੇ ਦੱਸਿਆ ਕਿ ਦਿਨ ਰਾਮ ਸੁਧਾਰ ਸਭਾ ਦੇ ਮੈਂਬਰ ਲੰਗਰ ਬਣਾਉਣ ਅਤੇ ਖਵਾਉਣ ਵਿੱਚ ਮਦਦ ਕਰ ਰਹੇ ਹਨ। ਜਿਹੜੇ ਰਾਤ ਨੂੰ ਸੇਵਾ ਕਰਦੇ ਹਨ ਉਹ ਸਵੇਰੇ ਅਰਾਮ ਕਰਦੇ ਹਨ ਅਤੇ ਅਤੇ ਰਾਮ ਸਮੇਂ ਚਾਹ, ਪਾਣੀ, ਲੰਗਰ ਆਦਿ ਦਾ ਪੂਰਾ ਪ੍ਰਬੰਧ ਹੈ। ਸਤਨਾਮ ਹਸੀਜਾ ਨੇ ਦੱਸਿਆ ਕਿ ਅੱਜ ਸਾਡੇ ਸਰਪ੍ਰਸਤ ਓਮ ਪ੍ਰਕਾਸ਼ ਠੇਕੇਦਾਰ ਦੇ ਵੱਡੇ ਲੜਕੇ ਦਾ 34ਵਾਂ ਜਨਮ ਦਿਵਸ ਹੈ। ਇਸ ਮੌਕੇ ਸੁਧਾਰ ਸਭਾ ਦੇ ਸਾਰੇ ਮੈਂਬਰ ਅਤੇ ਓਮ ਪ੍ਰਕਾਸ਼ ਠੇਕੇਦਾਰ ਦਾ ਪੂਰਾ ਪਰਿਵਾਰ ਵਲੋਂ ਭੋਗ ਲਗਵਾ ਕੇ ਕੇਕ ਕੱਟਣ ਉਪਰੰਤ ਭਾਰੀ ਸੰਗਤ ਦੇ ਇਕੱਠ ਵਿੱਚ ਵੰਡਿਆ ਗਿਆ। ਖਾਸ ਕਰਕੇ ਬੱਚਿਆਂ ਨੂੰ ਰਸਗੁੱਲੇ ਅਤੇ ਮਿਠਾਈ ਵੰਡੀ ਗਈ।

# ਆਜ਼ਾਦੀ ਦਿਵਸ ਮੌਕੇ ਸੁਰੱਖਿਆ ਪ੍ਰਬੰਧਾਂ ਦਾ ਡੀ.ਆਈ.ਜੀ. ਕਮਾਂਡੋ ਵੱਲੋਂ ਜਾਇਜ਼ਾ

**ਮਲੇਰਕੋਟਲਾ, 11 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਆਗਾਮੀ ਆਜ਼ਾਦੀ ਦਿਵਸ ਦੇ ਸਮਾਗਮ ਨੂੰ ਸ਼ਾਂਤੀਪੂਰਨ ਅਤੇ ਸੁਰੱਖਿਅਤ ਢੰਗ ਨਾਲ ਸੰਪੰਨ ਕਰਵਾਉਣ ਦੇ ਮੱਦੇਨਜ਼ਰ ਪੰਜਾਬ ਪੁਲਿਸ ਵੱਲੋਂ ਸੁਰੱਖਿਆ ਪ੍ਰਬੰਧਾਂ ਨੂੰ ਹੋਰ ਮਜ਼ਬੂਤ ਕੀਤਾ ਜਾ ਰਿਹਾ ਹੈ। ਇਸੇ ਤਹਿਤ ਡੀ.ਆਈ.ਜੀ. ਕਮਾਂਡੋ, ਪੰਜਾਬ ਗੁਰਪ੍ਰੀਤ ਸਿੰਘ ਦੇ ਮਾਲੇਰਕੋਟਲਾ ਪਹੁੰਚਣ 'ਤੇ ਸੀਨੀਅਰ ਪੁਲਿਸ ਕਪਤਾਨ ਮਾਲੇਰਕੋਟਲਾ ਗੁਰਮੀਤ ਸਿੰਘ ਅਤੇ ਹੋਰ ਸੀਨੀਅਰ ਪੁਲਿਸ ਅਧਿਕਾਰੀਆਂ ਵੱਲੋਂ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਪੁਲਿਸ ਟੁਕੜੀ ਨੇ ਉਨ੍ਹਾਂ ਨੂੰ ਗਾਰਡ ਆਫ਼ ਆਨਰ ਵੀ ਪੇਸ਼ ਕੀਤਾ।

ਇਸ ਉਪਰੰਤ ਡੀ.ਆਈ.ਜੀ. ਕਮਾਂਡੋ ਨੇ ਜ਼ਿਲ੍ਹਾ ਪੁਲਿਸ ਦੇ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਆਜ਼ਾਦੀ ਦਿਵਸ ਦੇ ਮੱਦੇਨਜ਼ਰ



ਕਾਨੂੰਨ-ਵਿਵਸਥਾ ਅਤੇ ਸੁਰੱਖਿਆ ਪ੍ਰਬੰਧਾਂ ਦੀ ਵਿਸਥਾਰ ਨਾਲ ਸਮੀਖਿਆ ਕੀਤੀ। ਉਨ੍ਹਾਂ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸਮਾਗਮਾਂ ਦੌਰਾਨ ਸੁਰੱਖਿਆ ਪ੍ਰਬੰਧਾਂ ਵਿੱਚ ਕਿਸੇ ਵੀ ਤਰ੍ਹਾਂ ਦੀ ਢਿੱਲ ਨਾ ਵਰਤੀ ਜਾਵੇ ਅਤੇ ਹਰ ਪੱਖ ਤੋਂ ਪੂਰੀ ਚੌਕਸੀ ਯਕੀਨੀ ਬਣਾਈ ਜਾਵੇ।

ਮੀਟਿੰਗ ਤੋਂ ਬਾਅਦ ਡੀ.ਆਈ.ਜੀ. ਕਮਾਂਡੋ ਨੇ ਜ਼ਾਕਿਰ ਹੁਸੈਨ ਸਟੇਡੀਅਮ, ਮਾਲੇਰਕੋਟਲਾ ਦਾ ਦੌਰਾ ਕਰਕੇ ਆਜ਼ਾਦੀ ਦਿਵਸ ਦੇ ਜ਼ਿਲ੍ਹਾ ਪੱਧਰੀ ਸਮਾਗਮ ਲਈ ਕੀਤੇ ਜਾ ਰਹੇ ਸੁਰੱਖਿਆ ਪ੍ਰਬੰਧਾਂ ਦਾ ਜਾਇਜ਼ਾ ਲਿਆ। ਉਨ੍ਹਾਂ ਨੇ ਸਮਾਗਮ ਸਥਾਨ ਦੇ ਵੱਖ-ਵੱਖ ਪੁਆਇੰਟਾਂ ਦਾ ਨਿਰੀਖਣ ਕਰਦਿਆਂ ਸਬੰਧਤ ਅਧਿਕਾਰੀਆਂ ਨੂੰ ਲੋੜੀਂਦੇ ਦਿਸ਼ਾ-ਨਿਰਦੇਸ਼ ਜਾਰੀ ਕੀਤੇ।

ਇਸ ਤੋਂ ਇਲਾਵਾ ਉਨ੍ਹਾਂ ਨੇ ਮਾਲੇਰਕੋਟਲਾ ਰੇਲਵੇ ਸਟੇਸ਼ਨ ਦਾ ਵੀ ਨਿਰੀਖਣ ਕੀਤਾ ਅਤੇ ਉੱਥੇ ਸੁਰੱਖਿਆ ਪ੍ਰਬੰਧਾਂ ਦੀ ਸਮੀਖਿਆ ਕੀਤੀ। ਡੀ.ਆਈ.ਜੀ. ਕਮਾਂਡੋ ਨੇ ਸਮੂਹ ਪੁਲਿਸ ਫੋਰਸ ਨੂੰ 15 ਅਗਸਤ ਤੱਕ ਪੂਰੀ ਤਰ੍ਹਾਂ ਮੁਸਤੈਦ ਰਹਿਣ, ਸੰਵੇਦਨਸ਼ੀਲ ਥਾਵਾਂ 'ਤੇ ਵਿਸ਼ੇਸ਼ ਨਿਗਰਾਨੀ ਰੱਖਣ ਅਤੇ ਹਰ ਸਮੇਂ ਡਿਊਟੀ ਲਈ ਤਿਆਰ ਰਹਿਣ ਦੇ ਨਿਰਦੇਸ਼ ਦਿੱਤੇ।

ਸੀਨੀਅਰ ਪੁਲਿਸ ਕਪਤਾਨ ਗੁਰਮੀਤ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਪੁਲਿਸ ਵੱਲੋਂ ਲੋਕਾਂ ਦੀ ਸੁਰੱਖਿਆ ਨੂੰ ਧਿਆਨ ਵਿੱਚ ਰੱਖਦਿਆਂ ਵੱਖ-ਵੱਖ ਥਾਵਾਂ 'ਤੇ ਲਗਾਤਾਰ ਛਾਪੇਮਾਰੀ, ਸ਼ਾਮ ਅਤੇ ਰਾਤ ਸਮੇਂ ਸਖ਼ਤ ਨਾਕਾਬੰਦੀ, ਵਾਹਨਾਂ ਦੀ ਚੈਕਿੰਗ ਅਤੇ ਤਲਾਸ਼ੀ ਅਭਿਆਨ ਚਲਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਮਾਲੇਰਕੋਟਲਾ ਪੁਲਿਸ ਹਰ ਪੱਖੋਂ ਪੂਰੀ ਤਰ੍ਹਾਂ ਚੌਕਸ ਹੈ ਅਤੇ ਆਜ਼ਾਦੀ ਦਿਵਸ ਦੇ ਸਮਾਗਮਾਂ ਨੂੰ ਅਮਨ-ਅਮਾਨ ਅਤੇ ਸੁਰੱਖਿਅਤ ਮਾਹੌਲ ਵਿੱਚ ਨੇਪਰੇ ਚਾੜ੍ਹਨ ਲਈ ਵਚਨਬੱਧ ਹੈ।

ਮਾਲੇਰਕੋਟਲਾ ਪੁਲਿਸ ਨੇ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਜੇਕਰ ਕਿਸੇ ਵੀ ਤਰ੍ਹਾਂ ਦੀ ਸ਼ੱਕੀ ਗਤੀਵਿਧੀ ਜਾਂ ਸ਼ੱਕੀ ਵਿਅਕਤੀ ਬਾਰੇ ਜਾਣਕਾਰੀ ਮਿਲਦੀ ਹੈ ਤਾਂ ਤੁਰੰਤ ਪੰਜਾਬ ਪੁਲਿਸ ਹੈਲਪਲਾਈਨ ਨੰਬਰ 112 'ਤੇ ਸੂਚਨਾ ਦੇ ਕੇ ਪੁਲਿਸ ਦਾ ਸਹਿਯੋਗ ਕਰਨ।

ਇਸ ਮੌਕੇ ਐਸ.ਪੀ (ਐਚ) ਗੁਰਸ਼ਰਨਜੀਤ ਸਿੰਘ, ਐਸ.ਪੀ (ਪੀ.ਬੀ.ਆਈ) ਰਾਜਵਿੰਦਰ ਸਿੰਘ, ਡੀ.ਐਸ.ਪੀ (ਐਚ) ਸੁਮਿਤ ਸੂਦ, ਡੀ.ਐਸ.ਪੀ (ਸਪੈਸ਼ਲ ਬਰਾਂਚ) ਸਤੀਸ਼ ਕੁਮਾਰ, ਡੀ.ਐਸ.ਪੀ (ਐਨ.ਡੀ.ਪੀ. ਐਸ) ਯਾਦਵਿੰਦਰ ਸਿੰਘ, ਡੀ.ਐਸ.ਪੀ (ਮਾਲੇਰਕੋਟਲਾ) ਮਾਨਵਜੀਤ ਸਿੰਘ ਹਾਜ਼ਰ ਸਨ।

# ਹੁਣ ਪ੍ਰਾਈਵੇਟ ਸਕੂਲ ਸਾਲਾਨਾ 5 ਫ਼ੀਸਦ ਤੋਂ ਵੱਧ ਨਹੀਂ ਵਧਾ ਸਕਣਗੇ ਫੀਸਾਂ: ਹਰਜੋਤ ਬੈਂਸ

## ਪੰਜਾਬ ਵਿਧਾਨ ਸਭਾ ਦਾ ਮੌਨਸੂਨ ਸੈਸ਼ਨ ਅਣਮਿਥੇ ਸਮੇਂ ਲਈ ਮੁਲਤਵੀ

**ਚੰਡੀਗੜ੍ਹ 12 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਸਦਨ ਵਿੱਚ 'ਪੰਜਾਬ ਗੈਰ-ਸਹਾਇਤਾ ਪ੍ਰਾਪਤ ਵਿਦਿਅਕ ਅਦਾਰਿਆਂ ਦੀ ਫੀਸ ਦਾ ਰੈਗੂਲੇਸ਼ਨ (ਸੋਧ) ਬਿਲ, 2026' ਸਰਬਸੰਮਤੀ ਨਾਲ ਪਾਸਇਸ ਕਾਨੂੰਨ ਦੇ ਲਾਗੂ ਹੋਣ ਨਾਲ ਪ੍ਰਾਈਵੇਟ ਸਕੂਲਾਂ ਦੀ ਮਨਮਰਜ਼ੀ 'ਤੇ ਪੂਰੀ ਤਰ੍ਹਾਂ ਨਕੇਲ ਕੱਸੀ ਜਾਵੇਗੀ ਅਤੇ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਸਕੂਲਾਂ ਵਿਰੁੱਧ ਸਖ਼ਤ ਕਾਰਵਾਈ ਅਤੇ ਭਾਰੀ ਜੁਰਮਾਨੇ ਦੀ ਵਿਵਸਥਾ ਕੀਤੀ ਗਈ ਹੈ। ਇਸ ਬਿੱਲ ਨਾਲ ਕੋਈ ਵੀ ਪ੍ਰਾਈਵੇਟ ਸਕੂਲ ਸਾਲਾਨਾ 5 ਫੀਸਦ ਤੋਂ ਵੱਧ ਫੀਸ ਨਹੀਂ ਵਧਾ ਸਕੇਗਾ। 5 ਫੀਸਦ ਤੋਂ ਵੱਧ ਵਾਧੇ ਲਈ ਜ਼ਿਲ੍ਹਾ ਰੈਗੂਲੇਟਰੀ ਬਾਡੀ ਤੋਂ 180 ਦਿਨ ਪਹਿਲਾਂ ਪ੍ਰਵਾਨਗੀ ਲੈਣੀ ਪਵੇਗੀ। ਫੀਸ ਵਧਾਉਣ ਦੀ ਮੰਗ ਕਰਨ ਵਾਲੇ ਸਕੂਲਾਂ ਦੇ ਵਿੱਤੀ ਰਿਕਾਰਡ ਦਾ ਫੋਰੈਂਸਿਕ ਆਡਿਟ ਕਰਵਾਇਆ ਜਾਵੇਗਾ ਤਾਂ ਜੋ ਵਪਾਰਕ ਨਫ਼ੇਖੋਰੀ ਦਾ ਪਤਾ ਲਗਾਇਆ ਜਾ ਸਕੇ। ਜਿਨ੍ਹਾਂ ਸਕੂਲਾਂ ਨੇ ਪਿਛਲੇ 36 ਮਹੀਨਿਆਂ (3 ਸਾਲਾਂ) ਵਿੱਚ ਕੁੱਲ ਮਿਲਾ ਕੇ 15 ਫੀਸਦ ਤੋਂ ਵੱਧ ਫੀਸ ਵਧਾਈ ਹੈ, ਉਨ੍ਹਾਂ ਨੂੰ ਵਾਧੂ ਵਸੂਲੀ ਗਈ ਰਕਮ 90 ਦਿਨਾਂ ਦੇ ਅੰਦਰ ਮਾਪਿਆਂ ਨੂੰ ਵਾਪਸ ਕਰਨੀ ਪਵੇਗੀ। ਸਕੂਲ ਮਾਪਿਆਂ ਨੂੰ ਕਿਸੇ ਖ਼ਾਸ ਦੁਕਾਨਦਾਰ ਜਾਂ ਵੈਂਡਰ ਤੋਂ ਕਿਤਾਬਾਂ ਅਤੇ ਵਰਦੀਆਂ ਖਰੀਦਣ ਲਈ ਮਜਬੂਰ ਨਹੀਂ ਕਰ ਸਕਣਗੇ, ਸਗੋਂ ਘੱਟੋ-ਘੱਟ 3 ਪਬਲਿਸ਼ਰਾਂ ਜਾਂ ਵੈਂਡਰਾਂ ਦੀ ਸੂਚੀ ਜਾਰੀ ਕਰਨੀ ਲਾਜ਼ਮੀ ਹੋਵੇਗੀ। ਟਿਊਸ਼ਨ ਫੀਸ ਤੋਂ ਇਲਾਵਾ ਐਨੂਅਲ ਚਾਰਜ, ਸਮਾਰਟ ਕਲਾਸ, ਐਕਟੀਵਿਟੀ, ਲੈਬ ਅਤੇ ਲਾਇਬ੍ਰੇਰੀ ਵਰਗੇ ਸਾਰੇ ਖਰਚੇ ਫੀਸ ਦੇ ਘੇਰੇ ਵਿੱਚ ਲਿਆਂਦੇ ਗਏ ਹਨ। ਨਿਯਮ ਤੋੜਨ 'ਤੇ ਭਾਰੀ ਜੁਰਮਾਨੇ ਤਹਿਤ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਸਕੂਲਾਂ ਨੂੰ 5 ਲੱਖ ਰੁਪਏ ਤੱਕ ਦਾ ਜੁਰਮਾਨਾ ਹੋ ਸਕਦਾ ਹੈ। ਫੀਸ ਵਾਪਸ ਨਾ ਕਰਨ ਦੀ ਸੂਰਤ ਵਿੱਚ 10,000 ਰੁਪਏ ਪ੍ਰਤੀ ਦਿਨ ਦੇ ਹਿਸਾਬ ਨਾਲ ਵਾਧੂ ਜੁਰਮਾਨਾ ਲਗਾਇਆ ਜਾਵੇਗਾ ਅਤੇ ਲਗਾਤਾਰ ਉਲੰਘਣਾ ਕਰਨ 'ਤੇ ਸਕੂਲ ਦੀ ਮਾਨਤਾ ਵੀ ਰੱਦ ਕੀਤੀ ਜਾ ਸਕਦੀ ਹੈ।

ਪੰਜਾਬ ਵਿਧਾਨ ਸਭਾ ਦੇ ਮੌਨਸੂਨ ਇਜਲਾਸ ਦੇ ਆਖ਼ਰੀ ਦਿਨ ਦੀ ਕਾਰਵਾਈ ਦੌਰਾਨ ਸਦਨ ਦੇ ਅੰਦਰ ਅਤੇ ਬਾਹਰ ਜ਼ਬਰਦਸਤ ਹੰਗਾਮਾ ਦੇਖਣ ਨੂੰ ਮਿਲਿਆ। ਵਿਰੋਧੀ ਧਿਰ ਕਾਂਗਰਸ ਵੱਲੋਂ ਪ੍ਰਤਾਪ ਸਿੰਘ ਬਾਜਵਾ ਦੀ ਅਗਵਾਈ ਹੇਠ ਵਿਧਾਨ ਸਭਾ ਦੇ ਬਾਹਰ ਪ੍ਰਦਰਸ਼ਨ ਕਰਦਿਆਂ ਇੱਕੋ ਦਿਨ 'ਚ 8 ਬਿੱਲ ਪੇਸ਼ ਕਰਨ, ਬਾਹਰੀ ਸੂਬਿਆਂ ਦੇ ਉਮੀਦਵਾਰਾਂ ਨੂੰ ਨੌਕਰੀਆਂ ਦੇਣ ਅਤੇ ਓ.ਪੀ.ਐਸ. ਵਰਗੇ ਵਾਅਦੇ ਪੂਰੇ ਨਾ ਕਰਨ 'ਤੇ ਸਰਕਾਰ ਨੂੰ ਘੇਰਿਆ ਗਿਆ।

ਇਸ ਦੇ ਜਵਾਬ ਵਿੱਚ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਸਪੱਸ਼ਟ ਕੀਤਾ ਕਿ ਮਲਟੀਪਰਪਜ਼ ਹੈਲਥ ਵਰਕਰਾਂ ਦੀ ਭਰਤੀ 'ਚ 237 ਵਿੱਚੋਂ ਸਿਰਫ਼ 13 ਉਮੀਦਵਾਰ ਹੀ ਹਰਿਆਣਾ ਦੇ ਹਨ। ਇਸ ਤੋਂ ਇਲਾਵਾ ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਤਹਿਤ



51.30 ਲੱਖ ਪਰਿਵਾਰ ਰਜਿਸਟਰਡ ਹੋ ਚੁੱਕੇ ਹਨ ਅਤੇ 1009.35 ਕਰੋੜ ਰੁਪਏ ਦੇ ਇਲਾਜ ਨੂੰ ਮਨਜ਼ੂਰੀ ਦਿੱਤੀ ਗਈ ਹੈ। ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਸਦਨ ਵਿੱਚ 'ਪੰਜਾਬ ਗੈਰ-ਸਹਾਇਤਾ ਪ੍ਰਾਪਤ ਵਿਦਿਅਕ ਅਦਾਰਿਆਂ ਦੀ ਫੀਸ ਦਾ ਰੈਗੂਲੇਸ਼ਨ (ਸੋਧ) ਬਿਲ, 2026' ਸਰਬਸੰਮਤੀ ਨਾਲ ਪਾਸਇਸ ਕਾਨੂੰਨ ਦੇ ਲਾਗੂ ਹੋਣ ਨਾਲ ਪ੍ਰਾਈਵੇਟ ਸਕੂਲਾਂ ਦੀ ਮਨਮਰਜ਼ੀ 'ਤੇ ਪੂਰੀ ਤਰ੍ਹਾਂ ਨਕੇਲ ਕੱਸੀ ਜਾਵੇਗੀ ਅਤੇ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਸਕੂਲਾਂ ਵਿਰੁੱਧ ਸਖ਼ਤ ਕਾਰਵਾਈ ਅਤੇ ਭਾਰੀ ਜੁਰਮਾਨੇ ਦੀ ਵਿਵਸਥਾ ਕੀਤੀ ਗਈ ਹੈ। ਇਸ ਬਿੱਲ ਨਾਲ ਕੋਈ ਵੀ ਪ੍ਰਾਈਵੇਟ ਸਕੂਲ ਸਾਲਾਨਾ 5 ਫੀਸਦ ਤੋਂ ਵੱਧ ਫੀਸ ਨਹੀਂ ਵਧਾ ਸਕੇਗਾ। 5 ਫੀਸਦ ਤੋਂ ਵੱਧ ਵਾਧੇ ਲਈ ਜ਼ਿਲ੍ਹਾ ਰੈਗੂਲੇਟਰੀ ਬਾਡੀ ਤੋਂ 180 ਦਿਨ ਪਹਿਲਾਂ ਪ੍ਰਵਾਨਗੀ ਲੈਣੀ ਪਵੇਗੀ।

ਫੀਸ ਵਧਾਉਣ ਦੀ ਮੰਗ ਕਰਨ ਵਾਲੇ ਸਕੂਲਾਂ ਦੇ ਵਿੱਤੀ ਰਿਕਾਰਡ ਦਾ ਫੋਰੈਂਸਿਕ ਆਡਿਟ ਕਰਵਾਇਆ ਜਾਵੇਗਾ ਤਾਂ ਜੋ ਵਪਾਰਕ ਨਫ਼ੇਖੋਰੀ ਦਾ ਪਤਾ ਲਗਾਇਆ ਜਾ ਸਕੇ। ਜਿਨ੍ਹਾਂ ਸਕੂਲਾਂ ਨੇ ਪਿਛਲੇ 36 ਮਹੀਨਿਆਂ (3 ਸਾਲਾਂ) ਵਿੱਚ ਕੁੱਲ ਮਿਲਾ ਕੇ 15 ਫੀਸਦ ਤੋਂ ਵੱਧ ਫੀਸ ਵਧਾਈ ਹੈ, ਉਨ੍ਹਾਂ ਨੂੰ ਵਾਧੂ ਵਸੂਲੀ ਗਈ ਰਕਮ 90 ਦਿਨਾਂ ਦੇ ਅੰਦਰ ਮਾਪਿਆਂ ਨੂੰ ਵਾਪਸ ਕਰਨੀ ਪਵੇਗੀ। ਸਕੂਲ ਮਾਪਿਆਂ ਨੂੰ ਕਿਸੇ ਖ਼ਾਸ ਦੁਕਾਨਦਾਰ ਜਾਂ ਵੈਂਡਰ ਤੋਂ ਕਿਤਾਬਾਂ ਅਤੇ ਵਰਦੀਆਂ ਖਰੀਦਣ ਲਈ ਮਜਬੂਰ ਨਹੀਂ ਕਰ ਸਕਣਗੇ, ਸਗੋਂ ਘੱਟੋ-ਘੱਟ 3 ਪਬਲਿਸ਼ਰਾਂ ਜਾਂ ਵੈਂਡਰਾਂ ਦੀ ਸੂਚੀ ਜਾਰੀ ਕਰਨੀ ਲਾਜ਼ਮੀ ਹੋਵੇਗੀ। ਟਿਊਸ਼ਨ ਫੀਸ ਤੋਂ ਇਲਾਵਾ ਐਨੂਅਲ ਚਾਰਜ, ਸਮਾਰਟ ਕਲਾਸ, ਐਕਟੀਵਿਟੀ, ਲੈਬ ਅਤੇ ਲਾਇਬ੍ਰੇਰੀ ਵਰਗੇ ਸਾਰੇ ਖਰਚੇ ਫੀਸ ਦੇ ਘੇਰੇ ਵਿੱਚ ਲਿਆਂਦੇ ਗਏ ਹਨ। ਨਿਯਮ ਤੋੜਨ 'ਤੇ ਭਾਰੀ ਜੁਰਮਾਨੇ ਤਹਿਤ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਸਕੂਲਾਂ ਨੂੰ 5 ਲੱਖ ਰੁਪਏ ਤੱਕ ਦਾ ਜੁਰਮਾਨਾ ਹੋ ਸਕਦਾ ਹੈ। ਫੀਸ ਵਾਪਸ ਨਾ ਕਰਨ ਦੀ ਸੂਰਤ ਵਿੱਚ 10,000 ਰੁਪਏ ਪ੍ਰਤੀ ਦਿਨ ਦੇ ਹਿਸਾਬ ਨਾਲ ਵਾਧੂ ਜੁਰਮਾਨਾ ਲਗਾਇਆ ਜਾਵੇਗਾ ਅਤੇ ਲਗਾਤਾਰ ਉਲੰਘਣਾ ਕਰਨ 'ਤੇ ਸਕੂਲ ਦੀ ਮਾਨਤਾ ਵੀ ਰੱਦ ਕੀਤੀ ਜਾ ਸਕਦੀ ਹੈ। ਚਰਨਜੀਤ ਭੁੱਲਰ

ਉਦਯੋਗ ਮੰਤਰੀ ਅਮਨ ਅਰੋੜਾ ਵੱਲੋਂ ਸੂਬੇ ਦੇ ਉਦਯੋਗਿਕ ਖੇਤਰਾਂ ਵਿੱਚ ਸਾਂਝੀਆਂ ਸਹੂਲਤਾਂ ਜਿਵੇਂ ਕਿ ਸੜਕਾਂ, ਸਟ੍ਰੀਟ ਲਾਈਟਾਂ, ਸਫ਼ਾਈ ਅਤੇ ਡਰੇਨੇਜ ਸਿਸਟਮ ਦੀ ਸਾਂਭ-ਸੰਭਾਲ ਨੂੰ ਬਿਹਤਰ ਬਣਾਉਣ ਲਈ ਪੇਸ਼ 'ਦਿ ਪੰਜਾਬ ਕਾਮਨ ਇਨਫ਼ਰਾਸਟ੍ਰਕਚਰ (ਰੈਗੂਲੇਸ਼ਨ ਐਂਡ ਮੇਨਟੇਨੈਂਸ) ਅਮੈਂਡਮੈਂਟ ਬਿਲ, 2026' ਸਰਬਸੰਮਤੀ ਨਾਲ ਪਾਸ ਕਰ ਦਿੱਤਾ ਗਿਆ ਹੈ। ਇਸ ਬਿੱਲ ਦਾ ਮਕਸਦ ਉਦਯੋਗਿਕ ਪਾਰਕਾਂ ਅਤੇ ਫ਼ੈਕਟਰੀ ਖੇਤਰਾਂ ਦੇ ਸੁਚਾਰੂ ਪ੍ਰਬੰਧਨ ਲਈ ਫੰਡਾਂ ਦੀ ਉਗਰਾਹੀ ਨੂੰ ਆਸਾਨ ਬਣਾਉਣਾ ਹੈ। ਇਸ ਬਿੱਲ ਅਨੁਸਾਰ ਉਦਯੋਗਿਕ ਖੇਤਰਾਂ ਦੀ ਸਾਂਭ-ਸੰਭਾਲ ਲਈ ਲਗਾਏ ਜਾਣ ਵਾਲੇ 'ਸਰਵਿਸ ਚਾਰਜ' ਹੁਣ ਫ਼ੈਕਟਰੀਆਂ ਦੇ ਮਹੀਨਾਵਾਰ ਬਿਜਲੀ ਬਿੱਲਾਂ ਵਿੱਚ ਸ਼ਾਮਲ ਕਰਕੇ ਪਾਵਰਕੌਮ ਵੱਲੋਂ ਵਸੂਲੇ ਜਾਣਗੇ। ਇਕੱਠੇ ਕੀਤੇ ਗਏ ਇਨ੍ਹਾਂ ਚਾਰਜਾਂ ਵਿੱਚੋਂ 90 ਫੀਸਦੀ ਫੰਡ ਸਬੰਧਤ ਖੇਤਰ ਦੀ ਕਮੇਟੀ ਦੇ ਮੇਨਟੇਨੈਂਸ ਫ਼ੰਡ ਵਿੱਚ ਜਾਣਗੇ ਅਤੇ ਬਾਕੀ 10 ਫੀਸਦੀ ਫੰਡ ਵਿਕਾਸ ਅਥਾਰਟੀਆਂ ਨੂੰ ਦਿੱਤੇ ਜਾਣਗੇ। ਨਗਰ ਨਿਗਮ ਜਾਂ ਕੌਂਸਲ ਖੇਤਰਾਂ ਵਿੱਚ ਇਹ ਸਰਵਿਸ ਚਾਰਜ ਉਦਯੋਗਿਕ ਯੂਨਿਟਾਂ ਦੇ ਪ੍ਰੋਪਰਟੀ ਟੈਕਸ ਦੀ ਥਾਂ 'ਤੇ ਹੀ ਗਿਣੇ ਜਾਣਗੇ। ਇਸ ਤੋਂ ਇਲਾਵਾ ਹਰੇਕ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਨੂੰ 'ਡਿਸਟ੍ਰਿਕਟ ਮਾਨੀਟਰਿੰਗ ਅਥਾਰਟੀ' ਬਣਾਇਆ ਗਿਆ ਹੈ, ਜੋ ਉਦਯੋਗਪਤੀਆਂ ਦੀਆਂ ਸਮੱਸਿਆਵਾਂ ਅਤੇ ਵਿਵਾਦਾਂ ਦਾ ਨਿਪਟਾਰਾ ਕਰੇਗੀ। ਸਾਰੇ ਉਦਯੋਗਿਕ ਖੇਤਰਾਂ ਲਈ ਸੋਲਿਡ ਵੇਸਟ ਮੈਨੇਜਮੈਂਟ ਅਤੇ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਦੇ ਨਿਯਮਾਂ ਦੀ ਪਾਲਣਾ ਕਰਨਾ ਲਾਜ਼ਮੀ ਹੋਵੇਗਾ।

# ਪੰਜਾਬ ਨਾਲ ਜੁੜੇ ਵੱਡੇ ਮੁੱਦਿਆਂ 'ਤੇ ਚਰਚਾ ਕਰਨ ਲਈ ਪ੍ਰਧਾਨ ਮੰਤਰੀ ਨਾਲ ਕੀਤੀ ਸੀ ਮੁਲਾਕਾਤ: ਸੁਖਬੀਰ ਬਾਦਲ



**ਬਠਿੰਡਾ, 12 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਦਿੱਲੀ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕਰਨ ਦੇ ਤਿੰਨ ਦਿਨ ਬਾਅਦ, ਅੱਜ ਅਕਾਲੀ ਦਲ ਅਤੇ ਭਾਜਪਾ ਵਿਚਕਾਰ ਮੁੜ ਗਠਜੋੜ ਦੀ ਸੰਭਾਵਨਾ ਨਾਲ ਸਬੰਧਤ ਸਵਾਲ ਨੂੰ ਨਜ਼ਰਅੰਦਾਜ਼ ਕਰ ਦਿੱਤਾ। ਹਾਲਾਂਕਿ, ਉਨ੍ਹਾਂ ਕਿਹਾ ਕਿ ਉਹ ਪੰਜਾਬ ਦੇ ਵੱਡੇ ਮੁੱਦਿਆਂ 'ਤੇ ਚਰਚਾ ਕਰਨ ਲਈ ਪ੍ਰਧਾਨ ਮੰਤਰੀ ਨੂੰ ਮਿਲੇ ਸਨ ਅਤੇ ਕੇਂਦਰ ਨੂੰ ਪੰਜਾਬ ਨੂੰ ਬਚਾਉਣ ਦੇ ਤਰੀਕੇ ਲੱਭਣ ਦੀ ਅਪੀਲ ਕੀਤੀ ਸੀ।

ਸੁਖਬੀਰ ਨੇ ਇੱਕ ਸਵਾਲ ਦਾ ਜਵਾਬ ਦਿੰਦਿਆਂ ਕਿਹਾ, ਪੰਜਾਬ ਦੇ ਕਈ ਵੱਡੇ ਮੁੱਦੇ ਹਨ। ਕਈ ਇਮਤਿਹਾਨੀ ਪੇਪਰ ਲੀਕ ਹੋ ਰਹੇ ਹਨ, 'ਆਪ' ਪੰਜਾਬ ਨੂੰ ਲੁੱਟ ਰਹੀ ਹੈ ਅਤੇ ਕਾਨੂੰਨ ਵਿਵਸਥਾ ਦੀ ਹਾਲਤ ਬਹੁਤ ਮਾੜੀ ਹੋ ਗਈ ਹੈ। ਮੈਂ ਪ੍ਰਧਾਨ ਮੰਤਰੀ ਨੂੰ ਬੇਨਤੀ ਕਰਨ

ਅਕਾਲੀ ਦਲ ਦੇ ਪ੍ਰਧਾਨ ਨੇ ਮੁੱਖ ਮੰਤਰੀ ਭਗਵੰਤ ਮਾਨ ਅਤੇ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੂੰ ਕਥਿਤ ਪੇਪਰ ਲੀਕ ਹੋਣ ਅਤੇ ਸੂਬੇ ਦੇ ਬਾਹਰੋਂ ਉਮੀਦਵਾਰਾਂ ਦੀ ਭਰਤੀ ਨਾਲ ਜੁੜੇ ਮੁੱਦਿਆਂ 'ਤੇ ਜਨਤਕ ਬਹਿਸ ਕਰਨ ਲਈ ਚੁਣੌਤੀ ਵੀ ਦਿੱਤੀ।

ਸੁਖਬੀਰ ਨੇ ਕਿਹਾ, ਮੈਂ ਭਗਵੰਤ ਮਾਨ ਅਤੇ ਅਰਵਿੰਦ ਕੇਜਰੀਵਾਲ ਨੂੰ ਮੇਰੇ ਨਾਲ ਬਹਿਸ ਕਰਨ ਦੀ ਚੁਣੌਤੀ ਦਿੰਦਾ ਹਾਂ। ਕੀ ਪੰਜਾਬ ਦੇ ਬੱਚੇ ਤੁਹਾਡੇ ਨਹੀਂ ਹਨ? ਜੇ ਤੁਹਾਡੇ ਵਿੱਚ ਹਿੰਮਤ ਹੈ, ਤਾਂ ਕੋਈ ਵੀ ਜਗ੍ਹਾ ਚੁਣੋ ਅਤੇ ਮੈਂ ਉੱਥੇ ਆ ਕੇ ਦੱਸਾਂਗਾ ਕਿ ਤੁਹਾਡੀ ਸਰਕਾਰ ਦੌਰਾਨ ਪੇਪਰ ਕਿਵੇਂ ਲੀਕ ਹੋਏ, ਪੰਜਾਬ ਤੋਂ ਬਾਹਰ ਦੇ ਉਮੀਦਵਾਰਾਂ ਨੂੰ ਸਰਕਾਰੀ ਨੌਕਰੀਆਂ ਕਿਵੇਂ ਦਿੱਤੀਆਂ ਗਈਆਂ, ਅਤੇ ਪੰਜਾਬ ਦੇ ਨੌਜਵਾਨਾਂ ਨੂੰ ਕਿਵੇਂ ਨਜ਼ਰਅੰਦਾਜ਼ ਕੀਤਾ ਗਿਆ। ਮੈਂ ਪੰਜਾਬ ਦੀ ਜਨਤਾ ਦੇ ਸਾਹਮਣੇ ਹਰ ਮੁੱਦਾ ਰੱਖਣ ਅਤੇ ਹਰ ਸਵਾਲ ਦਾ ਜਵਾਬ ਦੇਣ ਲਈ ਤਿਆਰ ਹਾਂ। ਜਗ੍ਹਾ ਅਤੇ ਸਮਾਂ ਚੁਣੋ, ਮੈਂ ਬਹਿਸ ਲਈ ਤਿਆਰ ਹਾਂ। ਉਨ੍ਹਾਂ ਕਿਹਾ ਆਪ ਸਰਕਾਰ ਦੌਰਾਨ 10 ਪੇਪਰ ਲੀਕ ਹੋਏ, ਕੀ ਕੇਜਰੀਵਾਲ ਧਰਨੇ 'ਤੇ ਬੈਠਣਗੇ? ਉਹ ਇੱਥੇ ਜ਼ਿਲ੍ਹਾ ਪ੍ਰਸ਼ਾਸਨਿਕ ਕੰਪਲੈਕਸ (ਡੀ ਏ ਸੀ) ਦੇ ਬਾਹਰ ਅਕਾਲੀ ਦਲ ਦੀ ਵਿਦਿਆਰਥੀ ਵਿੰਗ - ਸਟੂਡੈਂਟਸ ਆਰਗੇਨਾਈਜ਼ੇਸ਼ਨ ਆਫ਼ ਇੰਡੀਆ ਵੱਲੋਂ ਆਯੋਜਿਤ ਇੱਕ ਰੋਸ ਪ੍ਰਦਰਸ਼ਨ ਨੂੰ ਸੰਬੋਧਨ ਕਰਨ ਲਈ ਆਏ ਸਨ। ਸੁਖਬੀਰ ਨੇ ਦਾਅਵਾ ਕੀਤਾ ਕਿ ਅਕਾਲੀ ਦਲ ਦੀ ਸੂਬੇ ਵਿੱਚ ਸਰਕਾਰ ਬਣਨ 'ਤੇ 'ਆਪ' ਸਰਕਾਰ ਦੇ ਫੈਸਲਿਆਂ ਦੀ ਸਮੀਖਿਆ ਕੀਤੀ ਜਾਵੇਗੀ।

ਭਗਵੰਤ ਮਾਨ ਵੱਲੋਂ ਰਾਜਪਾਲ ਨੂੰ ਜਗਤਾਰ ਸਿੰਘ ਹਵਾਰਾ ਨੂੰ ਮਨੁੱਖਤਾ ਦੇ ਆਧਾਰ 'ਤੇ 10 ਦਿਨਾਂ ਦੀ ਪੈਰੋਲ ਦੇਣ ਦੀ ਅਪੀਲ ਬਾਰੇ ਪੁੱਛੇ ਜਾਣ 'ਤੇ, ਸੁਖਬੀਰ ਨੇ ਕਿਹਾ, ਫਿਰ ਉਨ੍ਹਾਂ ਨੇ ਇਸ ਦੇ ਖਿਲਾਫ ਚਾਰ ਮਹੀਨੇ ਪਹਿਲਾਂ ਪੱਤਰ ਕਿਉਂ ਲਿਖਿਆ ਸੀ? ਉੱਥੇ ਹੀ ਪ੍ਰਦਰਸ਼ਨ ਦੌਰਾਨ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੇ ਅਸਤੀਫ਼ੇ, ਆਮ ਆਦਮੀ ਪਾਰਟੀ (ਆਪ) ਸਰਕਾਰ ਦੌਰਾਨ ਕਥਿਤ ਪੇਪਰ ਲੀਕ ਦੀ ਸੀ ਬੀ ਆਈ ਜਾਂਚ ਅਤੇ ਪੰਜਾਬ ਤੋਂ ਬਾਹਰ ਦੇ ਉਮੀਦਵਾਰਾਂ ਨੂੰ ਨੌਕਰੀਆਂ ਦੇਣ ਦੇ ਦੋਸ਼ਾਂ ਦੀ ਅਦਾਲਤ ਦੀ ਨਿਗਰਾਨੀ ਹੇਠ ਜਾਂਚ ਦੀ ਮੰਗ ਕੀਤੀ ਗਈ।

# ਨਿੱਜੀ ਸਕੂਲਾਂ ਨੂੰ 3 ਸਾਲਾਂ 'ਚ 15 ਫ਼ੀਸਦੀ ਤੋਂ ਜ਼ਿਆਦਾ ਵਸੂਲੀ ਫ਼ੀਸ ਵਾਪਸ ਕਰਨੀ ਪਵੇਗੀ ਮਾਨ

**ਚੰਡੀਗੜ੍ਹ 12 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਧਾਨ ਸਭਾ ਦੇ ਮੌਨਸੂਨ ਇਜਲਾਸ ਦੇ ਆਖ਼ਰੀ ਦਿਨ ਦੀ ਕਾਰਵਾਈ ਦੌਰਾਨ ਸਦਨ ਦੇ ਅੰਦਰ ਅਤੇ ਬਾਹਰ ਜ਼ਬਰਦਸਤ ਹੰਗਾਮਾ ਦੇਖਣ ਨੂੰ ਮਿਲਿਆ। ਵਿਰੋਧੀ ਧਿਰ ਕਾਂਗਰਸ ਵੱਲੋਂ ਪ੍ਰਤਾਪ ਸਿੰਘ ਬਾਜਵਾ ਦੀ ਅਗਵਾਈ ਹੇਠ ਵਿਧਾਨ ਸਭਾ ਦੇ ਬਾਹਰ ਪ੍ਰਦਰਸ਼ਨ ਕਰਦਿਆਂ ਇੱਕੋ ਦਿਨ 'ਚ 8 ਬਿੱਲ ਪੇਸ਼ ਕਰਨ, ਬਾਹਰੀ ਸੂਬਿਆਂ ਦੇ ਉਮੀਦਵਾਰਾਂ ਨੂੰ ਨੌਕਰੀਆਂ ਦੇਣ ਅਤੇ ਓ.ਪੀ.ਐਸ. ਵਰਗੇ ਵਾਅਦੇ ਪੂਰੇ ਨਾ ਕਰਨ 'ਤੇ ਸਰਕਾਰ ਨੂੰ ਘੇਰਿਆ ਗਿਆ। ਇਸ ਦੇ ਜਵਾਬ ਵਿੱਚ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਸਪੱਸ਼ਟ ਕੀਤਾ ਕਿ ਮਲਟੀਪਰਪਜ਼ ਹੈਲਥ ਵਰਕਰਾਂ ਦੀ ਭਰਤੀ 'ਚ 237 ਵਿੱਚੋਂ ਸਿਰਫ਼ 13 ਉਮੀਦਵਾਰ ਹੀ ਹਰਿਆਣਾ ਦੇ ਹਨ। ਇਸ ਤੋਂ ਇਲਾਵਾ ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਤਹਿਤ 51.30 ਲੱਖ ਪਰਿਵਾਰ ਰਜਿਸਟਰਡ ਹੋ ਚੁੱਕੇ ਹਨ ਅਤੇ 1009.35 ਕਰੋੜ ਰੁਪਏ ਦੇ ਇਲਾਜ ਨੂੰ ਮਨਜ਼ੂਰੀ ਦਿੱਤੀ ਗਈ ਹੈ। ਸਿੱਖਿਆ ਮੰਤਰੀ ਵੱਲੋਂ ਸਦਨ ਵਿੱਚ 'ਪੰਜਾਬ ਗੈਰ-ਸਹਾਇਤਾ ਪ੍ਰਾਪਤ ਵਿਦਿਅਕ ਅਦਾਰਿਆਂ ਦੀ ਫੀਸ ਦਾ ਰੈਗੂਲੇਸ਼ਨ (ਸੋਧ) ਬਿਲ, 2026' ਸਰਬਸੰਮਤੀ ਨਾਲ ਪਾਸਇਸ ਕਾਨੂੰਨ ਦੇ ਲਾਗੂ ਹੋਣ ਨਾਲ ਪ੍ਰਾਈਵੇਟ ਸਕੂਲਾਂ ਦੀ ਮਨਮਰਜ਼ੀ 'ਤੇ ਪੂਰੀ ਤਰ੍ਹਾਂ ਨਕੇਲ ਕੱਸੀ ਜਾਵੇਗੀ ਅਤੇ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਸਕੂਲਾਂ ਵਿਰੁੱਧ ਸਖ਼ਤ ਕਾਰਵਾਈ ਅਤੇ ਭਾਰੀ ਜੁਰਮਾਨੇ ਦੀ ਵਿਵਸਥਾ ਕੀਤੀ ਗਈ ਹੈ। ਇਸ ਬਿੱਲ ਨਾਲ ਕੋਈ ਵੀ ਪ੍ਰਾਈਵੇਟ ਸਕੂਲ ਸਾਲਾਨਾ 5 ਫੀਸਦ ਤੋਂ ਵੱਧ ਫੀਸ ਨਹੀਂ ਵਧਾ ਸਕੇਗਾ। 5 ਫੀਸਦ ਤੋਂ ਵੱਧ ਵਾਧੇ ਲਈ ਜ਼ਿਲ੍ਹਾ ਰੈਗੂਲੇਟਰੀ ਬਾਡੀ ਤੋਂ 180 ਦਿਨ ਪਹਿਲਾਂ ਪ੍ਰਵਾਨਗੀ ਲੈਣੀ ਪਵੇਗੀ।

ਫੀਸ ਵਧਾਉਣ ਦੀ ਮੰਗ ਕਰਨ ਵਾਲੇ ਸਕੂਲਾਂ ਦੇ ਵਿੱਤੀ ਰਿਕਾਰਡ ਦਾ ਫੋਰੈਂਸਿਕ ਆਡਿਟ ਕਰਵਾਇਆ ਜਾਵੇਗਾ ਤਾਂ ਜੋ ਵਪਾਰਕ ਨਫ਼ੇਖੋਰੀ ਦਾ ਪਤਾ ਲਗਾਇਆ ਜਾ ਸਕੇ। ਜਿਨ੍ਹਾਂ ਸਕੂਲਾਂ ਨੇ ਪਿਛਲੇ 36 ਮਹੀਨਿਆਂ (3 ਸਾਲਾਂ) ਵਿੱਚ ਕੁੱਲ ਮਿਲਾ ਕੇ 15 ਫੀਸਦ ਤੋਂ ਵੱਧ ਫੀਸ ਵਧਾਈ ਹੈ, ਉਨ੍ਹਾਂ ਨੂੰ ਵਾਧੂ ਵਸੂਲੀ ਗਈ ਰਕਮ 90 ਦਿਨਾਂ ਦੇ ਅੰਦਰ ਮਾਪਿਆਂ ਨੂੰ ਵਾਪਸ ਕਰਨੀ ਪਵੇਗੀ।

# ਇਰੀਗੇਸਨ ਮਨਿਸਟੀਰੀਆਲ ਸਰਵਿਸਿਜ ਯੂਨੀਅਨ ਜਿਲਾ ਪਟਿਆਲਾ ਦੀ ਚੌਣ ਆਯੋਜਿਤ



**ਪਟਿਆਲਾ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਇਰੀਗੇਸਨ ਮਨਿਸਟੀਰੀਆਲ ਸਰਵਿਸਿਜ ਯੂਨੀਅਨ ਜਿਲਾ ਪਟਿਆਲਾ ਦੀ ਚੌਣ ਅੱਜ ਬਾਰਾ ਖੂਹਾਂ ਕੰਪਲੈਕਸ ਪਟਿਆਲਾ ਵਿਖੇ, ਸਾਂਝਾ ਮੁਲਾਜਮ ਮੰਚ ਪੰਜਾਬ ਦੇ ਕਨਵੀਨਰ ਸ੍ਰੀ ਖੁਸ਼ਵਿੰਦਰ ਕਪਿਲਾ ਅਤੇ ਸ੍ਰੀ ਬਚਿੱਤਰ ਸਿੰਘ ਦੀ ਅਗਵਾਈ ਹੇਠ ਚੌਣ ਕਰਵਾਈ ਗਈ ।

ਜਿਸ ਵਿੱਚ ਸ੍ਰੀ ਉਪਨੈਨ ਸਿੰਘ (ਲਹਿਲ ਮੰਡਲ ) ਜਿਲਾ ਪ੍ਰਧਾਨ, ਸ੍ਰੀ ਬਲਵਿੰਦਰ ਸਿੰਘ (ਬੀ.ਐਮ.ਐਲ. ਸਰਕਲ) ਚੇਅਰਮੈਨ, ਸ੍ਰੀ ਮਨਦੀਪ ਸਿੰਘ ਅਤੇ ਸ੍ਰੀਮਤੀ ਮਨਦੀਪ ਕੌਰ ਸੀਨੀਅਰ ਮੀਤ ਪ੍ਰਧਾਨ, ਸ੍ਰੀਮਤੀ ਗੁਰਲੀਨ ਕੌਰ (ਜਲ ਨਿਕਾਸ ਸਰਕਲ ) ਜਰਨਲ ਸੱਕਤਰ, ਸ੍ਰੀ ਲਖਵੀਰ ਸਿੰਘ (ਬੀ.ਐਮ.ਐਲ ਮੰਡਲ) ਖਜਾਨਚੀ, ਸ੍ਰੀ ਹਰਪ੍ਰੀਤ ਸਿੰਘ (ਡਰੇਨੇਜ ਮੰਡਲ) ਸਹਾਇਕ ਖਜਾਨਚੀ, ਸ੍ਰੀ ਅਮਰ ਬਹਾਦਰ ਸਿੰਘ (ਬੀ.ਐਮ.ਐਲ ਮੰਡਲ) ਅਤੇ ਸ੍ਰੀ ਰਮੇਸ ਕੁਮਾਰ ਸਰਮਾਂ (ਲਹਿਲ ਮੰਡਲ) ਮੁੱਖ ਸਲਾਹਕਾਰ , ਸ੍ਰੀ ਗੌਰਵ (ਆਈ.ਬੀ.ਸਰਕਲ) /ਸ੍ਰੀ ਪਰਵਿੰਦਰ ਸਿੰਘ (ਚੌਕਸੀ ਵਿਭਾਗ ) ਸ੍ਰੀ ਵਨੀਤ ਧੀਮਾਨ/ ਸ੍ਰੀਮਤੀ ਪ੍ਰਭਜੋਤ ਕੌਰ (ਆਈ.ਬੀ.ਸਰਕਲ) ਜੁਆਇੰਟ ਸਕੱਤਰ / ਸ੍ਰੀ ਬਿੱਟੂ ਸਿੰਘ /ਸ੍ਰੀ ਬਿਕਰ ਸਿੰਘ (ਜਲ ਨਿਕਾਸ ਮੰਡਲ) /ਸ੍ਰੀ ਗੁਰਦੀਪ ਸਿੰਘ (ਜਲ ਨਿਕਾਸ ਸਰਕਲ )/ ਸ੍ਰੀ ਕੁਲਦੀਪ ਸਿੰਘ /ਸ੍ਰੀ ਜਗਵੀਰ ਸਿੰਘ (ਦੇਵੀਗੜ੍ਹ ਮੰਡਲ) ਕਾਰਜਕਾਰੀ ਮੇਬਰ ਅਤੇ ਸ੍ਰੀ ਜਗਪ੍ਰੀਤ ਸਿੰਘ ਮਹਾਜਨ ਪ੍ਰੈਸ ਸਕੱਤਰ (ਲਹਿਲ ਮੰਡਲ ) ਨਿਯੁਕਤ ਕੀਤੇ ਗਏ ।

# ਪ੍ਰਦਰਸ਼ਨਕਾਰੀਆਂ ਅਤੇ ਪੁਲੀਸ ਵਿਚਕਾਰ ਝੜਪ; ਅੱਥਰੂ ਗੈਸ ਦੇ ਗੋਲੇ ਛੱਡੇ ਗਏ

**ਨਵੀਂ ਦਿੱਲੀ, 12 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਝਾਰਖੰਡ ਵਿੱਚ ਭਰਤੀ ਪ੍ਰੀਖਿਆਵਾਂ 'ਚ ਕਥਿਤ ਗੜਬੜੀਆਂ ਵਿਰੁੱਧ ਰੋਸ ਪ੍ਰਦਰਸ਼ਨ ਕਰ ਰਹੇ ਹਜ਼ਾਰਾਂ ਨੌਕਰੀ ਦੇ ਉਮੀਦਵਾਰਾਂ ਦੀ ਸੋਮਵਾਰ ਨੂੰ ਪੁਲੀਸ ਨਾਲ ਝੜਪ ਹੋ ਗਈ। ਉਨ੍ਹਾਂ ਨੇ ਬੈਰੀਕੇਡ ਤੋੜ ਦਿੱਤੇ ਅਤੇ ਸੂਬੇ ਦੀ ਵਿਧਾਨ ਸਭਾ ਤੱਕ ਪਹੁੰਚਣ ਦੀ ਕੋਸ਼ਿਸ਼ ਕੀਤੀ, ਜਿੱਥੇ ਇਸ ਸਮੇਂ ਸੈਸ਼ਨ ਚੱਲ ਰਿਹਾ ਹੈ। ਪੁਲੀਸ ਨੇ ਅੱਥਰੂ ਗੈਸ ਅਤੇ ਵਾਟਰ ਕੈਨਨ ਦੀ ਵਰਤੋਂ ਕੀਤੀ, ਨਾਲ ਹੀ ਪ੍ਰਦਰਸ਼ਨਕਾਰੀਆਂ ਨੂੰ ਕਾਬੂ ਕਰਨ ਲਈ ਝਾਰਖੰਡ ਪੁਲੀਸ ਨੇ ਲਾਠੀਚਾਰਜ ਵੀ ਕੀਤਾ। ਕਈ ਪ੍ਰਦਰਸ਼ਨਕਾਰੀਆਂ ਨੇ ਦਾਅਵਾ ਕੀਤਾ ਕਿ ਨਵੇਂ ਵਿਧਾਨ ਸਭਾ ਕੰਪਲੈਕਸ ਵੱਲ ਜਾਣ ਵਾਲੀ ਸੜਕ 'ਤੇ ਜਗਨਨਾਥਪੁਰ ਮੰਦਰ ਕੋਲ ਆਖਰੀ ਬੈਰੀਕੇਡ ਤੱਕ ਪਹੁੰਚਣ ਤੋਂ ਬਾਅਦ ਪੁਲੀਸ ਦੀ ਕਾਰਵਾਈ ਵਿੱਚ ਉਹ ਜ਼ਖ਼ਮੀ ਹੋ ਗਏ।



ਉੱਥੇ ਹੀ ਪੁਲੀਸ ਪ੍ਰਸ਼ਾਸਨ ਨੇ ਵਿਧਾਨ ਸਭਾ ਰੂਟ 'ਤੇ ਸੁਰੱਖਿਆ ਦੇ ਭਾਰੀ ਪ੍ਰਬੰਧ ਕੀਤੇ ਸਨ ਪਰ ਕੰਡਿਆਲੀ ਤਾਰਾਂ ਦੀਆਂ ਕਈ ਪਰਤਾਂ ਨਾਲ ਲੈਸ ਬੈਰੀਕੇਡ ਵੀ ਪ੍ਰਦਰਸ਼ਨਕਾਰੀਆਂ ਨੂੰ ਰੋਕਣ ਵਿੱਚ ਅਸਫ਼ਲ ਰਹੇ।

ਪ੍ਰਦਰਸ਼ਨਕਾਰੀ ਜੇ ਐਸ ਐਸ ਸੀ ਸੰਯੁਕਤ ਗ੍ਰੈਜੂਏਟ ਪੱਧਰ (37*) ਦੀ ਪ੍ਰੀਖਿਆ ਨੂੰ ਰੱਦ ਕਰਨ ਅਤੇ ਕਥਿਤ ਬੇਨਿਯਮੀਆਂ ਦੀ ਕੇਂਦਰੀ ਜਾਂਚ ਬਿਊਰੋ (329) ਤੋਂ ਜਾਂਚ ਦੀ ਮੰਗ ਕਰ ਰਹੇ ਸਨ। ਇਸ ਦੌਰਾਨ, ਝਾਰਖੰਡ ਸੀ ਆਈ ਡੀ (394) ਨੇ ਸੋਮਵਾਰ ਨੂੰ ਭਰਤੀ ਪ੍ਰੀਖਿਆਵਾਂ ਵਿੱਚ ਕਥਿਤ ਬੇਨਿਯਮੀਆਂ ਦੇ ਸਬੰਧ ਵਿੱਚ ਜੇ ਪੀ ਐਸ ਸੀ ਦੇ ਸਾਬਕਾ ਚੇਅਰਪਰਸਨ ਐਲ ਖਿਆਂਗਤੇ ਨੂੰ ਗ੍ਰਿਫ਼ਤਾਰ ਕਰ ਲਿਆ, ਜਿਸ ਨਾਲ ਇਸ ਮਾਮਲੇ ਵਿੱਚ ਗ੍ਰਿਫ਼ਤਾਰ ਕੀਤੇ ਗਏ ਲੋਕਾਂ ਦੀ ਗਿਣਤੀ 20 ਹੋ ਗਈ ਹੈ। ਉਨ੍ਹਾਂ ਦੀ ਗ੍ਰਿਫ਼ਤਾਰੀ ਵੱਡੇ ਪੱਧਰ 'ਤੇ ਹੋਏ ਪ੍ਰਦਰਸ਼ਨਾਂ ਦੌਰਾਨ ਤਿੰਨੋਂ ਜੇ ਪੀ ਐਸ ਸੀ ਮੈਂਬਰਾਂ ਦੇ ਅਸਤੀਫ਼ੇ ਦੇਣ ਤੋਂ ਇੱਕ ਦਿਨ ਬਾਅਦ ਹੋਈ ਹੈ।

# ਗਊ ਸੇਵਾ, ਖੇਡਾਂ ਅਤੇ ਪਾਰਦਰਸ਼ੀ ਸੁਸ਼ਾਸਨ ਹਰਿਆਣਾ ਦੀ ਹੈ ਪਛਾਣ; ਨਸ਼ਿਆਂ ਵਿਰੁੱਧ ਸਰਕਾਰ ਦਾ ਸਖ਼ਤ ਪ੍ਰਹਾਰ ਹੈ ਜਾਰੀ : ਨਾਇਬ ਸਿੰਘ ਸੈਣੀ

**➢ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਵਸ ਨੂੰ ਸਮਰਪਿਤ ਗਊ ਕਥਾ ਸਮਾਰੋਹ ਵਿੱਚ ਸ਼ਾਮਲ ਹੋਏ ਮੁੱਖ ਮੰਤਰੀ ➢ ਹਰਿਆਣਾ ਵਿੱਚ ਗਊਸ਼ਾਲਾਵਾਂ ਦਾ ਬਜਟ 2 ਕਰੋੜ ਤੋਂ ਵਧਾ ਕੇ ਕੀਤਾ ਗਿਆ 600 ਕਰੋੜ ਰੁਪਏ, 650 ਗਊਸ਼ਾਲਾਵਾਂ ਵਿੱਚ ਪਲ ਰਹੇ ਹਨ 4 ਲੱਖ ਤੋਂ ਵੱਧ ਗਊਵੰਸ਼**

**ਸਮਾਣਾ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਪੰਜਾਬ ਦੇ ਜ਼ਿਲ੍ਹਾ ਪਟਿਆਲਾ ਸਥਿਤ ਸਮਾਣਾ ਦੀ ਪਵਿੱਤਰ ਧਰਤੀ 'ਤੇ ਆਯੋਜਿਤ ਗਊ ਕਥਾ ਅਤੇ ਗਊ ਮਾਤਾ ਦੀ ਸੇਵਾ ਦਾ ਇਹ ਪਵਿੱਤਰ ਪ੍ਰੋਗਰਾਮ ਭਾਰਤ ਦੀ ਮਹਾਨ ਅਧਿਆਤਮਿਕ ਅਤੇ ਸਨਾਤਨ ਪਰੰਪਰਾ ਦਾ ਭਵਿੱਖ ਗਵਾਹ ਹੈ। ਹਿੰਦ ਦੀ ਚਾਦਰ, ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਵਸ ਨੂੰ ਸਮਰਪਿਤ ਇਹ ਸਮਾਰੋਹ ਸਾਡੀ ਆਸਥਾ, ਸੇਵਾ-ਪਰੰਪਰਾ ਅਤੇ ਸਾਂਝੀ ਸੱਭਿਆਚਾਰਕ ਵਿਰਾਸਤ ਦਾ ਇੱਕ ਅਦਭੁਤ ਅਤੇ ਬੇਮਿਸਾਲ ਸੰਗਮ ਹੈ। ਇਸ ਮੌਕੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਦਾ ਗਊ ਸੇਵਾ ਕਮੇਟੀ, ਐਡਵੋਕੇਟ ਐਸੋਸੀਏਸ਼ਨ ਅਤੇ ਹੋਰ ਕਈ ਸਮਾਜਿਕ ਸੰਗਠਨਾਂ ਵੱਲੋਂ ਸਮ੍ਰਿਤੀ ਚਿੰਨ੍ਹ ਅਤੇ ਸ਼ਾਲ ਭੇਟ ਕਰਕੇ ਸਵਾਗਤ ਵੀ ਕੀਤਾ ਗਿਆ।



**ਗਊ ਸੰਰਖਣ ਅਤੇ ਸੰਵਰਧਨ ਲਈ ਇਤਿਹਾਸਕ ਕਦਮ**

ਸਮਾਰੋਹ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸਾਲ 2014 ਤੋਂ ਪਹਿਲਾਂ ਹਰਿਆਣਾ ਵਿੱਚ ਸਿਰਫ਼ 200 ਗਊਸ਼ਾਲਾਵਾਂ ਸਨ ਅਤੇ ਉਨ੍ਹਾਂ ਦਾ ਸਾਲਾਨਾ ਬਜਟ ਮਹਿਜ਼ 2 ਕਰੋੜ ਰੁਪਏ ਸੀ। ਮੌਜੂਦਾ ਸਰਕਾਰ ਦੀਆਂ ਤਰਜੀਹਾਂ ਦੇ ਸਿੱਟੇ ਵਜੋਂ ਅੱਜ ਸੂਬੇ ਵਿੱਚ ਗਊਸ਼ਾਲਾਵਾਂ ਦੀ ਗਿਣਤੀ ਵਧ ਕੇ 650 ਹੋ ਚੁੱਕੀ ਹੈ, ਜਦੋਂ ਕਿ ਇਨ੍ਹਾਂ ਦਾ ਬਜਟ ਵਧਾ ਕੇ ਰਿਕਾਰਡ 600 ਕਰੋੜ ਰੁਪਏ ਕਰ ਦਿੱਤਾ ਗਿਆ ਹੈ। ਇਨ੍ਹਾਂ ਗਊਸ਼ਾਲਾਵਾਂ ਵਿੱਚ ਮੌਜੂਦਾ ਸਮੇਂ 4 ਲੱਖ ਤੋਂ ਵੱਧ ਬੇਸਹਾਰਾ ਗਊਵੰਸ਼ ਦਾ ਪੂਰੀ ਸ਼ਰਧਾ ਅਤੇ ਸਨਮਾਨ ਨਾਲ ਪਾਲਣ-ਪੋਸ਼ਣ ਕੀਤਾ ਜਾ ਰਿਹਾ ਹੈ।

ਉਨ੍ਹਾਂ ਦੱਸਿਆ ਕਿ ਗਊਵੰਸ਼ ਨੂੰ ਕਿਸੇ ਵੀ ਤਰ੍ਹਾਂ ਦੀ ਅਸੁਵਿਧਾ ਨਾ ਹੋਵੇ, ਇਸ ਲਈ ਸੂਬੇ ਦੀਆਂ 350 ਗਊਸ਼ਾਲਾਵਾਂ ਵਿੱਚ ਵਿਸ਼ਾਲ ਸ਼ੈੱਡ ਅਤੇ ਸੌਰ ਊਰਜਾ (ਸੋਲਰ) ਪਲਾਂਟ ਸਥਾਪਿਤ ਕੀਤੇ ਗਏ ਹਨ। ਇਸ ਤੋਂ ਇਲਾਵਾ, ਗਊ ਸੰਵਰਧਨ ਨੂੰ ਬੜ੍ਹਾਵਾ ਦੇਣ ਦੇ ਉਦੇਸ਼ ਨਾਲ ਨਵੀਆਂ ਗਊਸ਼ਾਲਾਵਾਂ ਦੀ ਸਥਾਪਨਾ ਲਈ ਜ਼ਮੀਨ ਦੀ ਰਜਿਸਟਰੀ 'ਤੇ ਲਈ ਜਾਣ ਵਾਲੀ 1 ਫੀਸਦੀ ਸਟੈਂਪ ਡਿਊਟੀ ਨੂੰ ਪੂਰੀ ਤਰ੍ਹਾਂ ਖ਼ਤਮ ਕਰ ਦਿੱਤਾ ਗਿਆ ਹੈ।

**ਖੇਡ ਸੱਭਿਆਚਾਰ, ਯੁਵਾ ਸ਼ਕਤੀ ਅਤੇ ਨਸ਼ਾ ਮੁਕਤੀ ਮੁਹਿੰਮ**

ਮੁੱਖ ਮੰਤਰੀ ਨੇ ਨੌਜਵਾਨਾਂ ਦੇ ਉੱਜਵਲ ਭਵਿੱਖ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਹਰਿਆਣਾ ਸਰਕਾਰ ਨੇ ਨੌਜਵਾਨਾਂ ਨੂੰ ਨਸ਼ੇ ਦੀ ਸਮਾਜਿਕ ਬੁਰਾਈ ਤੋਂ ਬਚਾਉਣ ਲਈ ਇੱਕ ਵਿਆਪਕ ਅਤੇ ਵੱਡੀ ਮੁਹਿੰਮ ਚਲਾ ਰੱਖੀ ਹੈ। ਨਸ਼ੇ ਦੇ ਸੌਦਾਗਰਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾ ਰਹੀ ਹੈ। ਪੰਜਾਬ ਸਰਕਾਰ ਦੀ ਅਣਦੇਖੀ ਕਾਰਨ ਇੱਥੋਂ ਦਾ ਨੌਜਵਾਨ ਨਸ਼ੇ ਦੀ ਗ੍ਰਿਫ਼ਤ ਵਿੱਚ ਫਸਦਾ ਜਾ ਰਿਹਾ ਹੈ, ਜਦੋਂ ਕਿ ਹਰਿਆਣਾ ਵਿੱਚ ਨੌਜਵਾਨਾਂ ਨੂੰ ਮੈਦਾਨਾਂ ਨਾਲ ਜੋੜਨ ਲਈ 2000 ਖੇਡ ਨਰਸਰੀਆਂ ਸਥਾਪਿਤ ਕੀਤੀਆਂ ਗਈਆਂ ਹਨ, ਜਿੱਥੇ ਰੋਜ਼ਾਨਾ ਲਗਭਗ 40 ਲੱਖ ਨੌਜਵਾਨ ਅਭਿਆਸ ਕਰਦੇ ਹਨ। ਇਸ ਖੇਡ ਨੀਤੀ ਦਾ ਨਤੀਜਾ ਹੈ ਕਿ ਹਾਲ ਹੀ ਵਿੱਚ ਕਾਮਨਵੈਲਥ ਗੇਮਾਂ ਵਿੱਚ ਭਾਰਤ ਵੱਲੋਂ ਜਿੱਤੇ ਗਏ ਕੁੱਲ 39 ਮੈਡਲਾਂ (13 ਗੋਲਡ) ਵਿੱਚੋਂ ਇਕੱਲੇ ਹਰਿਆਣਾ ਦੇ ਖਿਡਾਰੀਆਂ ਨੇ 7 ਗੋਲਡ ਮੈਡਲ ਹਾਸਿਲ ਕੀਤੇ। ਮਾਣ ਦੀ ਗੱਲ ਹੈ ਕਿ ਇਨ੍ਹਾਂ 7 ਸੋਨ ਤਗਮੇ ਵਿੱਚੋਂ 5 ਮੈਡਲ ਹਰਿਆਣਾ ਦੀਆਂ ਧੀਆਂ ਨੇ ਆਪਣੇ ਨਾਮ ਕਰਕੇ ਦੇਸ਼ ਅਤੇ ਸੂਬੇ ਦਾ ਨਾਂ ਵਿਸ਼ਵ ਪੱਧਰ 'ਤੇ ਰੌਸ਼ਨ ਕੀਤਾ।

**ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਵਿੱਚ ਦੇਸ਼ ਵਿੱਚ ਹੈ ਵਿਕਾਸ ਅਤੇ ਪਾਰਦਰਸ਼ੀ ਸੁਸ਼ਾਸਨ**

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਦੇਸ਼ ਨੇ ਬੇਮਿਸਾਲ ਤਰੱਕੀ ਕੀਤੀ ਹੈ। ਸੜਕ ਅਤੇ ਰੇਲ ਕਨੈਕਟੀਵਿਟੀ ਵਿੱਚ ਕ੍ਰਾਂਤੀਕਾਰੀ ਬਦਲਾਅ ਆਏ ਹਨ ਅਤੇ ਰਿਕਾਰਡ ਗਿਣਤੀ ਵਿੱਚ ਨਵੇਂ ਮੈਡੀਕਲ ਕਾਲਜ, ਯੂਨੀਵਰਸਿਟੀਆਂ, ਆਈ.ਆਈ.ਟੀ. ਅਤੇ ਆਈ.ਆਈ.ਐਮ. ਖੋਲ੍ਹੇ ਗਏ ਹਨ।

ਹਰਿਆਣਾ ਦਾ ਹਵਾਲਾ ਦਿੰਦਿਆਂ ਉਨ੍ਹਾਂ ਦੱਸਿਆ ਕਿ ਰਾਜ ਦੇ 22 ਵਿੱਚੋਂ 17 ਜ਼ਿਲ੍ਹਿਆਂ ਵਿੱਚ ਮੈਡੀਕਲ ਕਾਲਜ ਸ਼ੁਰੂ ਹੋ ਚੁੱਕੇ ਹਨ। ਸਾਲ 2014 ਤੋਂ ਪਹਿਲਾਂ ਹਰਿਆਣਾ ਨੂੰ ਪ੍ਰਤੀ ਸਾਲ ਸਿਰਫ਼ 500 ਡਾਕਟਰ ਮਿਲਦੇ ਸਨ, ਜਿਨ੍ਹਾਂ ਦੀ ਗਿਣਤੀ ਹੁਣ ਵਧ ਕੇ 3000 ਪ੍ਰਤੀ ਸਾਲ ਹੋ ਗਈ ਹੈ। ਇਸ ਦੇ ਨਾਲ ਹੀ, ਹਰਿਆਣਾ ਵਿੱਚ ਨੌਜਵਾਨਾਂ ਨੂੰ ਬਿਨਾਂ ਕਿਸੇ ਖਰਚੀ-ਪਰਚੀ ਦੇ ਪੂਰੀ ਪਾਰਦਰਸ਼ਤਾ ਨਾਲ ਸਰਕਾਰੀ ਨੌਕਰੀਆਂ ਦਿੱਤੀਆਂ ਜਾ ਰਹੀਆਂ ਹਨ, ਜਦੋਂ ਕਿ ਗੁਆਂਢੀ ਰਾਜ ਪੰਜਾਬ ਵਿੱਚ ਨੌਜਵਾਨਾਂ ਨਾਲ ਨੌਕਰੀਆਂ ਦੀ ਵੰਡ ਵਿੱਚ ਲਗਾਤਾਰ ਭੇਦਭਾਵ ਕੀਤਾ ਜਾ ਰਿਹਾ ਹੈ। ਇਸ ਮੌਕੇ ਸੁਆਮੀ ਰਾਜੇਸ਼ਵਰਾਨੰਦ ਮਹਾਰਾਜ, ਹਰਮੇਸ਼ ਗੋਇਲ, ਨੀਰਜ ਜਿੰਦਲ, ਰਾਜੇਸ਼ ਜਿੰਦਲ, ਐਡਵੋਕੇਟ ਬਲਬੀਰ ਸਿੰਘ, ਜਤਿੰਦਰ, ਜਸਪਾਲ ਸਮੇਤ ਕਈ ਸੰਸਥਾਗਤ ਪ੍ਰਤੀਨਿਧੀ, ਧਾਰਮਿਕ ਗੁਰੂ ਅਤੇ ਪਤਵੰਤੇ ਨਾਗਰਿਕ ਵਿਸ਼ੇਸ਼ ਤੌਰ 'ਤੇ ਮੌਜੂਦ ਸਨ।

# ਮੁਲਾਜ਼ਮਾਂ ਨੂੰ ਰੈਗੂਲਰ ਕਰਨ ਲਈ ਬਿੱਲ ਲਿਆਂਦਾ ਜਾਵੇਗਾ



**ਚੰਡੀਗੜ੍ਹ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਮੁਲਾਜ਼ਮਾਂ 'ਚ ਪੈਦਾ ਹੋਈ ਬੇਚੈਨੀ ਵਿਚਾਲੇ ਸੋਮਵਾਰ ਨੂੰ 65 ਹਜ਼ਾਰ ਆਊਟਸੋਰਸਡ ਅਤੇ ਠੇਕੇ 'ਤੇ ਕੰਮ ਕਰ ਰਹੇ ਮੁਲਾਜ਼ਮਾਂ ਦੀਆਂ ਸੇਵਾਵਾਂ ਰੈਗੂਲਰ ਕਰਨ ਲਈ ਅਹਿਮ ਬਿੱਲ ਪੰਜਾਬ ਵਿਧਾਨ ਸਭਾ 'ਚ ਲਿਆਵੇਗੀ ਤਾਂ ਕਿ ਇਨ੍ਹਾਂ ਮੁਲਾਜ਼ਮਾਂ ਨੂੰ ਪੱਕੇ ਕਰਨ ਦਾ ਰਾਹ ਪੱਧਰਾ ਹੋ ਸਕੇ। ਸੋਮਵਾਰ ਨੂੰ ਮੌਨਸੂਨ ਸੈਸ਼ਨ ਦਾ ਆਖ਼ਰੀ ਦਿਨ ਹੈ ਜਿਸ 'ਚ ਹੋਰ ਵੀ ਕਈ ਬਿੱਲ ਲਿਆਂਦੇ ਜਾਣਗੇ। ਪਿਛਲੇ ਦਿਨੀਂ ਮੁਲਾਜ਼ਮਾਂ ਨੇ ਚੰਡੀਗੜ੍ਹ ਵਿੱਚ ਮਹਾਂ ਰੈਲੀ ਕਰ ਕੇ ਸਰਕਾਰ ਖ਼ਿਲਾਫ਼ ਬਿਗਲ ਵਜਾ ਦਿੱਤਾ ਸੀ। ਹੁਣ ਸੂਬਾ ਸਰਕਾਰ ਇਨ੍ਹਾਂ ਮੁਲਾਜ਼ਮਾਂ ਦੇ ਜ਼ਖ਼ਮਾਂ 'ਤੇ ਮੱਲ੍ਹਮ ਲਾਉਣ ਲਈ ਤੇਜ਼ੀ ਨਾਲ ਕਦਮ ਵਧਾ ਰਹੀ ਹੈ।

ਪੰਜਾਬ ਦੇ ਮੁਲਾਜ਼ਮਾਂ ਦਾ ਮੁੱਖ ਮੁੱਦਾ ਬਕਾਇਆ ਮਹਿੰਗਾਈ ਭੱਤਾ ਜਾਰੀ ਕਰਵਾਉਣ ਨਾਲ ਸਬੰਧਤ ਹੈ। ਪੰਜਾਬ ਸਰਕਾਰ ਨੇ ਪ੍ਰਦਰਸ਼ਨਕਾਰੀ ਮੁਲਾਜ਼ਮ ਧਿਰਾਂ ਦੇ ਆਗੂਆਂ ਨਾਲ ਗੁਪਤ ਤੌਰ 'ਤੇ ਗੱਲਬਾਤ ਵੀ ਸ਼ੁਰੂ ਕਰ ਦਿੱਤੀ ਹੈ ਪਰ ਮੁਲਾਜ਼ਮ ਧਿਰਾਂ ਦੇ ਰੁਖ਼ 'ਚ ਹਾਲੇ ਕੋਈ ਨਰਮੀ ਨਹੀਂ ਆਈ। ਸਾਂਝਾ ਮੁਲਾਜ਼ਮ ਮੋਰਚਾ ਦੇ ਕਨਵੀਨਰ ਸੁਖਚੈਨ ਸਿੰਘ ਖਹਿਰਾ ਨੇ ਸਪੱਸ਼ਟ ਕੀਤਾ ਹੈ ਕਿ ਮੁਲਾਜ਼ਮ ਧਿਰਾਂ ਵੱਲੋਂ 27 ਅਗਸਤ ਨੂੰ ਮਹਾਂ ਬੰਦ ਦਾ ਸੱਦਾ ਦਿੱਤਾ ਗਿਆ ਹੈ ਅਤੇ ਉਹ ਇਸ ਸੱਦੇ 'ਤੇ ਪੂਰੀ ਤਰ੍ਹਾਂ ਕਾਇਮ ਹਨ। ਮੁੱਖ ਮੰਤਰੀ ਭਗਵੰਤ ਮਾਨ ਨੇ ਵੀ 27 ਅਗਸਤ ਨੂੰ ਹੀ ਮੁਲਾਜ਼ਮ ਧਿਰਾਂ ਨੂੰ ਮੀਟਿੰਗ ਲਈ ਸੱਦਿਆ ਹੈ। ਸੁਖਚੈਨ ਖਹਿਰਾ ਨੇ ਦੁਹਰਾਇਆ ਕਿ ਸਰਕਾਰ ਨੂੰ ਮੁਲਾਜ਼ਮਾਂ ਨਾਲ ਕੀਤੇ ਗਏ ਵਾਅਦੇ ਹਰ ਹਾਲਤ ਵਿੱਚ ਪੂਰੇ ਕਰਨੇ ਪੈਣਗੇ।

ਇਸੇ ਦੌਰਾਨ ਪੰਜਾਬ ਸਰਕਾਰ ਵੱਲੋਂ ਵਿਧਾਨ ਸਭਾ 'ਚ ਪੰਜਾਬ ਰਾਜ ਆਊਟਸੋਰਸਡ ਪਰਸੋਨਲ ਬਿੱਲ-2026 ਲਿਆਂਦਾ ਜਾ ਰਿਹਾ ਹੈ, ਜਿਸ ਨਾਲ ਕਰੀਬ 65 ਹਜ਼ਾਰ ਆਊਟਸੋਰਸਡ ਮੁਲਾਜ਼ਮ ਅਤੇ ਠੇਕੇ 'ਤੇ ਭਰਤੀ ਵਾਲੇ ਮੁਲਾਜ਼ਮਾਂ ਨੂੰ ਫ਼ਾਇਦਾ ਮਿਲੇਗਾ। ਇਸ ਤੋਂ ਪਹਿਲਾਂ ਸੂਬਾ ਸਰਕਾਰ ਨੇ ਪੰਜਾਬ ਸਟੇਟ ਆਊਟਸੋਰਸਡ ਪਰਸੋਨਲ (ਟਰਾਂਜ਼ਿਸ਼ਨ ਟੂ ਕੰਟਰੈਕਚੁਅਲ ਐਂਗੇਜਮੈਂਟ) ਆਰਡੀਨੈਂਸ ਨੂੰ ਮਨਜ਼ੂਰੀ ਦੇ ਕੇ ਰਾਜਪਾਲ ਕੋਲ ਭੇਜਿਆ ਸੀ।

ਪੰਜਾਬ ਦੇ ਰਾਜਪਾਲ ਨੇ ਸੂਬਾ ਸਰਕਾਰ ਨੂੰ ਆਰਡੀਨੈਂਸ ਦੀ ਥਾਂ ਬਿੱਲ ਵਜੋਂ ਇਸ ਨੂੰ ਵਿਧਾਨ ਸਭਾ ਦੇ ਸੈਸ਼ਨ ਵਿੱਚ ਪੇਸ਼ ਕਰਨ ਦੀ ਸਲਾਹ ਦਿੱਤੀ ਸੀ। ਸਰਕਾਰ ਨੇ ਪਿਛਲੇ ਹਫ਼ਤੇ ਕੈਬਨਿਟ ਵਿੱਚ ਇਸ ਬਿੱਲ ਨੂੰ ਪ੍ਰਵਾਨਗੀ ਦੇ ਦਿੱਤੀ ਸੀ। ਇਸ ਬਿੱਲ ਦਾ ਮੁੱਖ ਉਦੇਸ਼ ਆਊਟਸੋਰਸਡ ਮੁਲਾਜ਼ਮਾਂ ਨੂੰ ਸਿੱਧੇ ਤੌਰ 'ਤੇ ਸਰਕਾਰ ਦੇ ਠੇਕਾ ਆਧਾਰਿਤ ਢਾਂਚੇ ਅਧੀਨ ਲਿਆਉਣ ਲਈ ਕਾਨੂੰਨੀ ਰਾਹ ਦੇਣਾ ਹੈ। ਇਹ ਤਜਵੀਜ਼ਤ ਕਾਨੂੰਨ ਸਰਕਾਰ ਵੱਲੋਂ ਲੰਬੇ ਸਮੇਂ ਤੋਂ ਚੱਲ ਰਹੀ ਆਊਟਸੋਰਸਿੰਗ ਅਤੇ ਠੇਕੇ 'ਤੇ ਭਰਤੀ ਦੀ ਪ੍ਰਣਾਲੀ ਖ਼ਤਮ ਕਰਨ ਲਈ ਐਲਾਨੇ ਗਏ ਵਿਆਪਕ ਦੋ ਪੜਾਵੀ ਢਾਂਚੇ ਦਾ ਹਿੱਸਾ ਹੈ।

ਸੂਬਾ ਸਰਕਾਰ ਅਨੁਸਾਰ 51 ਵਿਭਾਗਾਂ ਦੇ 65,048 ਆਊਟਸੋਰਸਡ ਕਰਮਚਾਰੀ ਇਨ੍ਹਾਂ ਸੁਧਾਰਾਂ ਦੇ ਦਾਇਰੇ ਵਿੱਚ ਆਉਂਦੇ ਹਨ। ਤਜਵੀਜ਼ਤ ਢਾਂਚੇ ਤਹਿਤ ਪੰਜ ਸਾਲਾਂ ਦੀ ਨਿਰੰਤਰ ਸੇਵਾ ਪੂਰੀ ਕਰਨ ਵਾਲੇ ਗਰੁੱਪ ਸੀ ਅਤੇ ਗਰੁੱਪ ਡੀ ਦੇ ਆਊਟਸੋਰਸਡ ਕਰਮਚਾਰੀ ਸਿੱਧੇ ਤੌਰ 'ਤੇ ਸਰਕਾਰੀ ਠੇਕਾ ਆਧਾਰਿਤ ਰੁਜ਼ਗਾਰ ਅਧੀਨ ਆਉਣ ਦੇ ਯੋਗ ਹੋਣਗੇ। ਇਸ ਤੋਂ ਇਲਾਵਾ ਹੋਰ ਸ਼੍ਰੇਣੀਆਂ ਵਿੱਚ ਕੰਮ ਕਰਨ ਵਾਲੇ ਕਰਮਚਾਰੀ ਤਿੰਨ ਸਾਲਾਂ ਬਾਅਦ ਇਸ ਲਈ ਯੋਗ ਹੋ ਜਾਣਗੇ। ਇਸ ਮਗਰੋਂ 10 ਸਾਲਾਂ ਦੀ ਠੇਕਾ ਆਧਾਰਿਤ ਸੇਵਾ ਪੂਰੀ ਕਰਨ ਵਾਲੇ ਮੁਲਾਜ਼ਮਾਂ ਨੂੰ ਨਿਯਮਤ ਮਨਜ਼ੂਰਸ਼ੁਦਾ ਅਸਾਮੀਆਂ 'ਤੇ ਪੱਕਾ ਕਰਨ ਬਾਰੇ ਵਿਚਾਰ ਕੀਤਾ ਜਾਵੇਗਾ।

ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਤੋਂ ਵਿਧਾਨ ਸਭਾ ਸੈਸ਼ਨ ਦਾ ਸਮਾਂ ਵਧਾਉਣ ਦੀ ਮੰਗ ਕੀਤੀ ਹੈ, ਤਾਂ ਕਿ ਵਿਚਾਰ-ਅਧੀਨ ਛੇ ਬਿੱਲਾਂ 'ਤੇ ਵਿਚਾਰ ਵਟਾਂਦਰਾ ਹੋ ਸਕੇ। ਖਹਿਰਾ ਨੇ ਕਿਹਾ ਕਿ ਤਿੰਨ ਡਿਜੀਟਲ ਯੂਨੀਵਰਸਿਟੀਆਂ, ਜੀ ਐਸ ਟੀ, ਆਊਟਸੋਰਸਡ ਅਤੇ ਠੇਕੇ 'ਤੇ ਰੱਖੇ ਮੁਲਾਜ਼ਮਾਂ ਸਮੇਤ ਸਾਂਝੇ ਬੁਨਿਆਦੀ ਢਾਂਚੇ ਨਾਲ ਸਬੰਧਤ ਬਿੱਲ ਸੈਸ਼ਨ ਦੇ ਆਖ਼ਰੀ ਪੜਾਅ 'ਤੇ ਪੇਸ਼ ਕੀਤੇ ਗਏ ਹਨ। ਛੇ ਨਵੇਂ ਕਾਨੂੰਨਾਂ ਦੀ ਸਹੀ ਢੰਗ ਨਾਲ ਜਾਂਚ-ਪੜਤਾਲ, ਬਹਿਸ ਅਤੇ ਪਾਸ ਕਰਨ ਦੀ ਪ੍ਰਕਿਰਿਆ ਆਖ਼ਰੀ ਦਿਨ ਕਿਵੇਂ ਹੋ ਸਕਦੀ ਹੈ। ਇਹ ਅਰਥਪੂਰਨ ਸੰਸਦੀ ਲੋਕਤੰਤਰ ਨਹੀਂ ਹੈ।

# ਚੰਡੀਗੜ੍ਹ ਸਥਿਤ ਸਰਕਾਰੀ ਮਕਾਨਾਂ ਲਈ ਰੂਫਟੌਪ ਸੋਲਰ ਅੰਡਰਟੇਕਿੰਗ ਫਾਰਮ ਜਮ੍ਹਾਂ ਕਰਵਾਉਣ ਦੀ ਸਮਾਂ-ਸੀਮਾ ਵਧੀ

**ਚੰਡੀਗੜ੍ਹ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਚੰਡੀਗੜ੍ਹ ਪ੍ਰਸ਼ਾਸਨ ਨੇ ਸਰਕਾਰੀ ਮਕਾਨਾਂ ਵਿੱਚ ਰਹਿਣ ਵਾਲੇ ਕਰਮਚਾਰੀਆਂ ਲਈ ਰੂਫਟੌਪ ਸੋਲਰ ਊਰਜਾ ਪ੍ਰਣਾਲੀ ਦੀ ਵਰਤੋਂ ਨਾਲ ਸਬੰਧਤ ਵਿਕਲਪ/ਅੰਡਰਟੇਕਿੰਗ ਫਾਰਮ ਦੇਣ ਦੀ ਸਮਾਂ-ਸੀਮਾ ਵਧਾ ਦਿੱਤੀ ਹੈ। ਪ੍ਰਸ਼ਾਸਨ ਵੱਲੋਂ ਅਲਾਟ ਕੀਤੇ ਸਰਕਾਰੀ ਮਕਾਨਾਂ ਵਿੱਚ ਰਹਿਣ ਵਾਲੇ ਹਰਿਆਣਾ ਸਰਕਾਰ ਦੇ ਕਰਮਚਾਰੀ ਹੁਣ ਆਪਣਾ ਵਿਕਲਪ/ਅੰਡਰਟੇਕਿੰਗ ਫਾਰਮ 31 ਅਗਸਤ, 2026 ਤੱਕ ਜਮ੍ਹਾਂ ਕਰਵਾ ਸਕਣਗੇ।

ਹਾਊਸ ਅਲਾਟਮੈਂਟ ਕਮੇਟੀ ਨੇ ਸਪੱਸ਼ਟ ਕੀਤਾ ਹੈ ਕਿ ਜੇਕਰ 31 ਅਗਸਤ, 2026 ਤੱਕ ਕਿਸੇ ਕਰਮਚਾਰੀ ਦਾ ਅੰਡਰਟੇਕਿੰਗ ਫਾਰਮ ਪ੍ਰਾਪਤ ਨਹੀਂ ਹੁੰਦਾ ਹੈ, ਤਾਂ ਇਹ ਮੰਨ ਲਿਆ ਜਾਵੇਗਾ ਕਿ ਸਬੰਧਤ ਕਰਮਚਾਰੀ ਨੇ ਰੂਫਟੌਪ ਸੋਲਰ ਊਰਜਾ ਸਹੂਲਤ ਦੀ ਵਰਤੋਂ ਲਈ ਆਪਣੀ ਸਹਿਮਤੀ ਪ੍ਰਦਾਨ ਨਹੀਂ ਕੀਤੀ ਹੈ।

ਜ਼ਿਕਰਯੋਗ ਹੈ ਕਿ ਕੇਂਦਰ ਸਰਕਾਰ ਦੀ ਪਹਿਲਕਦਮੀ ਤਹਿਤ ਸਰਕਾਰੀ ਰਿਹਾਇਸ਼ੀ ਇਮਾਰਤਾਂ ਵਿੱਚ ਰੂਫਟੌਪ ਸੋਲਰ ਪ੍ਰਣਾਲੀ ਦੀ ਸੌ ਫ਼ੀਸਦੀ ਸਥਾਪਨਾ ਯਕੀਨੀ ਬਣਾਉਣ ਦੇ ਉਦੇਸ਼ ਨਾਲ ਇਹ ਮੁਹਿੰਮ ਚਲਾਈ ਜਾ ਰਹੀ ਹੈ।

ਪ੍ਰਸ਼ਾਸਨ ਦੇ ਅਨੁਸਾਰ, ਸੋਲਰ ਖਪਤਕਾਰ ਫੀਸ (ਯੂਜ਼ਰ ਚਾਰਜਿਜ਼) ਦੇ ਸੰਬੰਧ ਵਿੱਚ ਸਰਕਾਰੀ ਕਰਮਚਾਰੀਆਂ ਤੋਂ ਪ੍ਰਾਪਤ ਹੋਏ ਮੰਗ ਪੱਤਰਾਂ ਤੋਂ ਬਾਅਦ ਇਹ ਪ੍ਰਕਿਰਿਆ ਸ਼ੁਰੂ ਕੀਤੀ ਗਈ ਹੈ। ਇਸ ਤਹਿਤ ਕਰਮਚਾਰੀਆਂ ਨੂੰ ਅੰਡਰਟੇਕਿੰਗ ਫਾਰਮ ਵਿੱਚ ਨਿਰਧਾਰਤ ਵਿਕਲਪਾਂ ਵਿੱਚੋਂ ਇੱਕ ਦੀ ਚੋਣ ਕਰਨੀ ਹੋਵੇਗੀ। ਉਹ ਜਾਂ ਤਾਂ ਰੂਫਟੌਪ ਸੋਲਰ ਪਲਾਂਟ ਤੋਂ ਪੈਦਾ ਹੋਈ ਬਿਜਲੀ ਦੀ ਵਰਤੋਂ ਕਰਨ ਅਤੇ ਨਿਰਧਾਰਤ ਉਪਭੋਗਤਾ ਫੀਸ ਦਾ ਭੁਗਤਾਨ ਕਰਨ ਲਈ ਸਹਿਮਤੀ ਦੇ ਸਕਦੇ ਹਨ। ਇਸ ਤੋਂ ਇਲਾਵਾ ਉਹ ਇਸ ਸਹੂਲਤ ਦੀ ਵਰਤੋਂ ਨਾ ਕਰਨ ਦਾ ਵਿਕਲਪ ਵੀ ਚੁਣ ਸਕਦੇ ਹਨ ਜਾਂ ਇਹ ਵੀ ਦੱਸ ਸਕਦੇ ਹਨ ਕਿ ਇਹ ਵਿਕਲਪ ਉਨ੍ਹਾਂ 'ਤੇ ਲਾਗੂ ਨਹੀਂ ਹੁੰਦਾ। ਅੰਡਰਟੇਕਿੰਗ ਵਿੱਚ ਇਹ ਵੀ ਜ਼ਿਕਰ ਕੀਤਾ ਗਿਆ ਹੈ ਕਿ ਜਿਹੜੇ ਕਰਮਚਾਰੀ ਸੋਲਰ ਊਰਜਾ ਦੀ ਵਰਤੋਂ ਕਰਨ ਦਾ ਵਿਕਲਪ ਚੁਣਨਗੇ, ਉਨ੍ਹਾਂ ਨੂੰ ਨਿਰਧਾਰਤ ਸੋਲਰ ਖਪਤਕਾਰ ਫੀਸ ਦਾ ਭੁਗਤਾਨ ਕਰਨਾ ਹੋਵੇਗਾ ਅਤੇ ਸੋਲਰ ਪਲਾਂਟ ਦੇ ਰੱਖ-ਰਖਾਅ ਲਈ ਅਥੋਰਾਇਜ਼ਡ ਕਰਮਚਾਰੀਆਂ ਨੂੰ ਪਰਿਸਰ ਵਿੱਚ ਦਾਖਲ ਹੋਣ ਦੀ ਇਜਾਜ਼ਤ ਦੇਣੀ ਹੋਵੇਗੀ। ਉੱਥੇ ਹੀ, ਜਿਹੜੇ ਕਰਮਚਾਰੀ ਇਸ ਸਹੂਲਤ ਦੀ ਵਰਤੋਂ ਨਹੀਂ ਕਰਨਾ ਚਾਹੁੰਦੇ, ਉਨ੍ਹਾਂ ਦੇ ਮਾਮਲੇ ਵਿੱਚ ਰੂਫਟੌਪ ਸੋਲਰ ਪਲਾਂਟ ਤੋਂ ਬਣਨ ਵਾਲੀ ਬਿਜਲੀ ਨੂੰ ਪ੍ਰਚਲਿਤ ਨਿਯਮਾਂ ਅਨੁਸਾਰ ਗ੍ਰਾਸ ਮੀਟਰਿੰਗ ਪ੍ਰਣਾਲੀ ਦੇ ਮਾਧਿਅਮ ਨਾਲ ਬਿਜਲੀ ਵੰਡ ਲਾਇਸੈਂਸਧਾਰਕ ਨੂੰ ਟ੍ਰਾਂਸਫਰ ਕੀਤਾ ਜਾਵੇਗਾ।

# ਸ਼੍ਰੀ ਕਾਲੀ ਮਾਤਾ ਦੇ ਦਰਬਾਰ 'ਚ ਨਤਮਸਤਕ ਹੋਣ ਵਾਲੀ ਸੰਗਤ ਲਈ PRTC ਦੀ ਵੱਡੀ ਤਿਆਰੀ : ਹਰਪਾਲ ਜੁਨੇਜਾ



ਪਟਿਆਲਾ, 11 ਅਗਸਤ
-ਅਮਰਜੀਤ ਸਿੰਘ ਲਾਂਬਾ-
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਦੇ ਇਤਿਹਾਸਕ ਮਾਤਾ ਕਾਲੀ ਦੇਵੀ ਮੰਦਰ ਦੇ ਨਵੀਨੀਕਰਨ ਅਤੇ ਸੁੰਦਰੀਕਰਨ ਦਾ ਕੰਮ ਤੇਜ਼ੀ ਨਾਲ ਜਾਰੀ ਹੈ। ਦੂਰ-ਦਰਾਜ਼ ਤੋਂ ਮਾਤਾ ਕਾਲੀ ਦੇ ਦਰਬਾਰ ਵਿੱਚ ਨਤਮਸਤਕ ਹੋਣ ਲਈ ਆਉਣ ਵਾਲੀ ਸੰਗਤ ਦੀ ਸਹੂਲਤ ਲਈ ਪੀ .ਆਰ .ਟੀ ਸੀ ਵੱਲੋਂ ਵੀ ਵੱਡੀ ਤਿਆਰੀ ਕੀਤੀ ਜਾ ਰਹੀ ਹੈ।

ਚੇਅਰਮੈਨ ਹਰਪਾਲ ਜੁਨੇਜਾ ਵਲੋਂ ਅੱਜ ਵੱਖ ਵੱਖ ਹਿੰਦੂ ਜਥੇਬੰਧੀਆ ਨੂੰ ਬੁਲਾ ਕੇ ਮੰਦਿਰ ਕਮੇਟੀ ਦੇ ਚੇਅਰਮੈਨ ਸ਼੍ਰੀ ਕਮਲ ਬਾਂਸਲ ਜੀ ਨਾਲ ਮੁਲਾਕਾਤ ਕਰਵਾ ਕੇ ਹੋ ਰਹੇ ਮੰਦਿਰ ਨਿਰਮਾਣ ਬਾਰੇ ਸੁਝਾਹ ਲੀਤੇ । ਇਸ ਮੌਕੇ ਹਿੰਦੂ ਆਗੂਆਂ ਵਲੋਂ ਮੰਦਿਰ ਕਮੇਟੀ ਦੇ ਚੇਅਰਮੈਨ ਸ਼੍ਰੀ ਕਮਲ ਬਾਂਸਲ , ਸ਼੍ਰੀ ਭਗਵਾਨ ਦਾਸ ਜੁਨੇਜਾ , ਚੇਅਰਮੈਨ ਹਰਪਾਲ ਜੁਨੇਜਾ ਦਾ ਸਨਮਾਨ ਕੀਤਾ । ਹਿੰਦੂ ਆਗੂਆਂ ਨੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਸ਼੍ਰੀ ਅਰਵਿੰਦ ਕੇਜਰੀਵਾਲ ਜੀ ਅਤੇ ਪੰਜਾਬ ਦੇ ਮਾਣਯੋਗ ਮੁੱਖ ਮੰਤਰੀ ਸ੍ਰ .ਭਗਵੰਤ ਸਿੰਘ ਮਾਨ ਜੀ ਦਾ ਧੰਨਵਾਦ ਕੀਤਾ ਜਿਨ੍ਹਾਂ ਨੇ ਸ਼੍ਰੀ ਕਾਲੀ ਮਾਤਾ ਮੰਦਿਰ ਦੇ ਸ਼ਰਧਾਲੂਆਂ ਦੀ ਆਸਥਾ ਨੂੰ ਸਮਝਦੇ ਹੋਏ ਮੰਦਿਰ ਦਾ ਆਧੁਨਿਕ ਕਿਸਮ ਦਾ ਨਿਰਮਾਣ ਕਰਵਾਇਆ । ਚੇਅਰਮੈਨ ਜੁਨੇਜਾ ਨੇ ਕਿਹਾ ਕੇ ਮੰਦਰ ਦੇ ਮੁਕੰਮਲ ਹੋਣ ਤੋਂ ਬਾਅਦ ਪਟਿਆਲਾ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਤੋਂ ਮਿੰਨੀ ਬੱਸਾਂ ਚਲਾਈਆਂ ਜਾਣਗੀਆਂ, ਤਾਂ ਜੋ ਸ਼ਰਧਾਲੂਆਂ ਨੂੰ ਮੰਦਰ ਤੱਕ ਪਹੁੰਚਣ ਵਿੱਚ ਕੋਈ ਦਿੱਕਤ ਨਾ ਆਵੇ। ਪੀ ਆਰ ਟੀ ਸੀ ਚੇਅਰਮੈਨ ਨੇ ਕਿਹਾ ਕਿ ਪਿਛਲੇ ਕੁਝ ਦਿਨਾਂ ਵਿੱਚ ਮੰਦਰ ਦੇ ਵਿਕਾਸ ਕਾਰਜਾਂ ਵਿੱਚ ਵੱਡਾ ਬਦਲਾਅ ਦੇਖਣ ਨੂੰ ਮਿਲਿਆ ਹੈ। ਉਨ੍ਹਾਂ ਕਿਹਾ ਕਿ ਮੰਦਰ ਨੂੰ ਵਿਸ਼ਵ ਪੱਧਰ ਦਾ ਸੁੰਦਰ ਧਾਰਮਿਕ ਸਥਾਨ ਬਣਾਉਣ ਲਈ ਕੰਮ ਕੀਤਾ ਜਾ ਰਿਹਾ ਹੈ।

ਉਨ੍ਹਾਂ ਦੱਸਿਆ ਕਿ ਮੰਦਰ ਵਿੱਚ ਸ਼ਰਧਾਲੂਆਂ ਦੇ ਬੈਠਣ ਦੀ ਵਿਵਸਥਾ, ਲੇਜ਼ਰ ਸ਼ੋਅ, ਵੱਡਾ ਲੰਗਰ ਹਾਲ ਅਤੇ ਹੋਰ ਕਈ ਸਹੂਲਤਾਂ ਤਿਆਰ ਕੀਤੀਆਂ ਜਾ ਰਹੀਆਂ ਹਨ। ਲੰਗਰ ਹਾਲ ਵਿੱਚ ਇੱਕ ਸਮੇਂ ਕਰੀਬ 3000 ਤੋਂ 4000 ਸ਼ਰਧਾਲੂਆਂ ਲਈ ਲੰਗਰ ਦੀ ਵਿਵਸਥਾ ਹੋਵੇਗੀ।

ਹਰਪਾਲ ਜੁਨੇਜਾ ਨੇ ਕਿਹਾ ਕਿ ਮੰਦਰ ਦੇ ਮੁਕੰਮਲ ਹੋਣ ਤੋਂ ਬਾਅਦ ਵੱਡੀ ਗਿਣਤੀ ਵਿੱਚ ਸੰਗਤ ਪਟਿਆਲਾ ਪਹੁੰਚੇਗੀ। ਇਸ ਲਈ ਪੀ ਆਰ ਟੀ ਸੀ ਦੇ ਅਧਾਰੇ ਵੱਲੋਂ ਰਜਿੰਦਰਾ ਹਸਪਤਾਲ, ਸਮਾਣਾ ਚੁੰਗੀ, ਡਕਾਲਾ ਚੁੰਗੀ, ਸਨੌਰੀ ਅੱਡਾ, ਨਵਾਂ ਬੱਸ ਸਟੈਂਡ, ਪੁਰਾਣਾ ਬੱਸ ਸਟੈਂਡ ਅਤੇ ਤ੍ਰਿਪੜੀ ਸਮੇਤ ਪਟਿਆਲਾ ਦੇ ਵੱਖ-ਵੱਖ ਹਿੱਸਿਆਂ ਤੋਂ ਮਿੰਨੀ ਬੱਸਾਂ ਚਲਾਉਣ ਦੀ ਯੋਜਨਾ ਬਣਾਈ ਜਾ ਰਹੀ ਹੈ।

ਉਨ੍ਹਾਂ ਕਿਹਾ ਕਿ ਇਸ ਨਾਲ ਸ਼ਰਧਾਲੂਆਂ ਨੂੰ ਆਵਾਜਾਈ ਦੀ ਸਹੂਲਤ ਮਿਲੇਗੀ ਅਤੇ ਪਟਿਆਲਾ ਦੇ ਵਪਾਰ ਨੂੰ ਵੀ ਵੱਡਾ ਲਾਭ ਹੋਵੇਗਾ। ਇਸ ਫੇਰੀ ਦੌਰਾਨ ਪ੍ਰਸ਼ਾਸਨਿਕ ਅਧਿਕਾਰੀ ਐਸ.ਡੀ.ਐਮ ,ਏ ਡੀ ਸੀ , ਸਿਟੀ ਪੁਲਿਸ ਦੀ ਦੇਖ ਰੇਖ ਹੇਠ ਮੰਦਿਰ ਦੇ ਚਲ ਰਹੇ ਨਿਰਮਾਣ ਵਿਚ ਸਹਿਯੋਗ ਰਿਹਾ ।

ਇਸ ਮੌਕੇ ਵਰਿੰਦਰ ਸ਼ਰਮਾ, ਜੋਲੀ ਜੀ, ਮੋਹਿਤ ਪੰਡਿਤ, ਜਸਪਾਲ ਜਜੂ, ਰਾਜੀਵ ਗੁਪਤਾ, ਰਾਜੇਸ਼ ਕਾਕਾ ਲਿਫਟਰ, ਅਸ਼ੋਕ ਕੁਮਾਰ, ਸੰਦੀਪ ਬੰਧੂ, ਰਾਕੇਸ਼ ਕਨੋਜੀਆਂ, ਵਿਜੇ ਸਵਰਨਕਾਰ, ਰਾਕੇਸ਼ ਠਾਕੁਰ , ਮਨਦੀਪ ਲਾਰੰਸ ,ਮੁਲਤਾਨੀ ਜੀ, ਪ੍ਰਦੀਪ ਕੁਮਾਰ, ਨਵਨੀਤ ਵਾਲੀਆ, ਹਰਸ਼ ਮਦਾਨ, ਮਨਦੀਪ, ਸ਼ੇਰ ਸਿੰਘ ਸ਼ੇਰਾ ਆਪਣੇ ਸਾਥੀਆਂ ਨਾਲ ਹਾਜਰ ਸਨ।

# ਜਥੇਦਾਰ ਮਨਮੋਹਨ ਸਿੰਘ ਖੇੜਾ ਅਕਾਲੀ ਦਲ ਵਾਰਿਸ ਪੰਜਾਬ ਪਾਰਟੀ ਦੇ ਜ਼ਿਲ੍ਹਾ ਖੰਨਾ ਦੇ ਪ੍ਰਧਾਨ ਨਿਯੁਕਤ



ਮਾਛੀਵਾੜਾ ਸਾਹਿਬ, 11 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਸਮਰਾਲਾ ਹਲਕੇ ਵਿੱਚ ਅਕਾਲੀ ਦਲ ਵਾਰਿਸ ਪੰਜਾਬ ਦੇ ਪਾਰਟੀ ਨੇ ਆਪਣੀਆਂ ਸਰਗਰਮੀਆਂ ਤੇਜ਼ ਕਰ ਦਿੱਤੀਆਂ ਹਨ।ਅਕਾਲੀ ਦਲ ਵਾਰਿਸ ਪੰਜਾਬ ਪਾਰਟੀ ਵੱਲੋਂ ਆਪਣੇ ਜਥੇਬੰਦਕ ਢਾਂਚੇ ਦਾ ਵਿਸਥਾਰ ਕਰਦਿਆਂ ਮਾਛੀਵਾੜਾ ਦੇ ਜਥੇਦਾਰ ਮਨਮੋਹਣ ਸਿੰਘ ਖੇੜਾ ਨੂੰ ਜ਼ਿਲ੍ਹਾ ਪ੍ਰਧਾਨ ਨਿਯੁਕਤ ਕੀਤਾ ਹੈ।

ਸਮਾਗਮ 'ਚ ਵਿਸ਼ੇਸ਼ ਤੌਰ 'ਤੇ ਪੁੱਜੇ ਸੀਨੀਅਰ ਆਗੂ ਬਰਜਿੰਦਰ ਸਿੰਘ ਬਬਲੂ ਲੋਪੋਂ ਨੇ ਇਹ ਅਹੁਦਾ ਮਿਲਣ 'ਤੇ ਜਥੇਦਾਰ ਮਨਮੋਹਣ ਸਿੰਘ ਖੇੜਾ ਨੂੰ ਸਿਰੋਪਾਓ ਪਾ ਕੇ ਸਨਮਾਨਿਤ ਕੀਤਾ। ਇਸ ਮੌਕੇ ਗੱਲਬਾਤ ਕਰਦਿਆਂ ਬਬਲੂ ਲੋਪੋਂ ਨੇ ਕਿਹਾ ਕਿ ਪੰਜਾਬ ਦਾ ਨੌਜਵਾਨ ਵੱਡੇ ਪੱਧਰ 'ਤੇ ਵਾਰਿਸ ਪੰਜਾਬ ਪਾਰਟੀ ਨਾਲ ਜੁੜ ਰਿਹਾ ਹੈ ਤੇ ਜਥੇਦਾਰ ਮਨਮੋਹਣ ਸਿੰਘ ਵਰਗੇ ਪੰਥਕ ਆਗੂ ਸਾਡੀ ਜ਼ਿਲ੍ਹੇ 'ਚ ਪਾਰਟੀ ਦੀ ਅਗਵਾਈ ਕਰਨਗੇ, ਜੋ ਬੜੇ ਮਾਣ ਵਾਲੀ ਗੱਲ ਹੈ। ਉਨ੍ਹਾਂ ਕਿਹਾ ਕਿ ਖੇੜਾ ਪਰਿਵਾਰ ਸ਼ੁਰੂ ਤੋਂ ਹੀ ਸਿਆਸਤ ਨਾਲ ਜੁੜਿਆ ਹੋਇਆ ਹੈ, ਜਿਨ੍ਹਾਂ ਦੀਆਂ ਸੇਵਾਵਾਂ ਸਦਕਾ ਜ਼ਿਲ੍ਹਾ ਲੁਧਿਆਣਾ 'ਚ ਪਾਰਟੀ ਹੋਰ ਮਜ਼ਬੂਤ ਹੋਵੇਗੀ।

ਇਸ ਮੌਕੇ ਨਵ-ਨਿਯੁਕਤ ਜ਼ਿਲਾ ਪ੍ਰਧਾਨ ਮਨਮੋਹਣ ਸਿੰਘ ਖੇੜਾ ਨੇ ਕਿਹਾ ਕਿ ਅਕਾਲੀ ਦਲ ਵਾਰਿਸ ਪੰਜਾਬ ਦੇ ਹਿੱਤਾਂ ਦੀ ਲੜਾਈ ਲੜ ਰਹੀ ਹੈ ਤੇ ਇਸ ਪਾਰਟੀ ਵੱਲੋਂ ਜੋ ਜ਼ਿੰਮੇਵਾਰੀ ਸੌਂਪੀ ਗਈ ਹੈ, ਉਹ ਤਨਦੇਹੀ ਨਾਲ ਨਿਭਾਉਣਗੇ। ਉਨਾਂ ਕਿਹਾ ਕਿ ਜ਼ਿਲ੍ਹੇ ਚ ਪਿੰਡ-ਪਿੰਡ ਜਾ ਕੇ ਅਕਾਲੀ ਦਲ ਵਾਰਿਸ ਪੰਜਾਬ ਦੀਆਂ ਨੀਤੀਆਂ ਦਾ ਪ੍ਰਚਾਰ ਕੀਤਾ ਜਾਵੇਗਾ ਤੇ ਲੋਕਾਂ ਨੂੰ ਲਾਮਬੰਦ ਕੀਤਾ ਜਾਵੇਗਾ। ਇਸ ਮੌਕੇ ਮਨਰਾਜ ਸਿੰਘ ਲੁਬਾਣਗੜ੍ਹ, ਪਰਮਜੀਤ ਸਿੰਘ ਚੀਮਾ, ਜੀਤ ਸਿੰਘ ਰਾਮਗੜ੍ਹ, ਭੁਪਿੰਦਰ ਸਿੰਘ ਹਿਯਾਤਪੁਰ, ਬਲਜੋਤ ਸਿੰਘ, ਗੁਰਦੀਪ ਸਿੰਘ, ਹਰਜੀਤ ਸਿੰਘ, ਨਿਰਮਲ ਸਿੰਘ, ਦਰਸ਼ਨ ਸਿੰਘ, ਅਭੀ ਬੈਨੀਪਾਲ, ਜਗਜੀਤ ਸਿੰਘ, ਰਣਜੋਧ ਸਿੰਘ, ਬਖਸ਼ੀਸ਼ ਸਿੰਘ, ਰਣਜੋਤ ਸਿੰਘ, ਹਰਦਿਲ ਸਿੰਘ, ਸੁਰੇਸ਼ਪਾਲ ਧਨੂੰਰ, ਜਥੇਦਾਰ ਰਣਵੀਰ ਸਿੰਘ, ਅਮਰਜੀਤ ਸਿੰਘ ਤੇ ਜਸਵਿੰਦਰ ਸਿੰਘ ਵੀ ਹਾਜ਼ਰ ਸਨ।

# ਭਾਈ ਡਾ. ਗੁਰਨਾਮ ਸਿੰਘ ਜੀ 'ਸ਼੍ਰੋਮਣੀ ਕੀਰਤਨੀਏ ਐਵਾਰਡ' ਨਾਲ ਸਨਮਾਨਿਤ: ਕਾਲਕਾ



ਨਵੀਂ ਦਿੱਲੀ, 11 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਧੰਨ ਧੰਨ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਮੌਕੇ ਗੁਰਮਤਿ ਸੰਗੀਤ ਅਤੇ ਗੁਰਬਾਣੀ ਕੀਰਤਨ ਦੀ ਮਹਾਨ ਪ੍ਰੰਪਰਾ ਨੂੰ ਪ੍ਰਫੁੱਲਤ ਕਰਨ ਦੇ ਉਦੇਸ਼ ਨਾਲ ਵਿਸ਼ੇਸ਼ ਸਨਮਾਨ ਸਮਾਰੋਹ ਕਰਵਾਇਆ ਗਿਆ। ਇਸ ਮੌਕੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਅਤੇ ਜਰਨਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਦੱਸਿਆ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪਿਛਲੇ ਸਾਲ ਸ਼ੁਰੂ ਕੀਤਾ ਗਿਆ ÷ਸ਼੍ਰੋਮਣੀ ਕੀਰਤਨੀਏ ਅਵਾਰਡ÷ ਗੁਰਮਤਿ ਸੰਗੀਤ ਦੇ ਖੇਤਰ ਵਿੱਚ ਵਿਲੱਖਣ ਅਤੇ ਲੰਬੇ ਸਮੇਂ ਤੋਂ ਨਿਭਾਈਆਂ ਜਾ ਰਹੀਆਂ ਸੇਵਾਵਾਂ ਦਾ ਸਰਵੱਚ ਸਨਮਾਨ ਹੈ, ਜਿਸ ਨਾਲ 11 ਲੱਖ ਰੁਪਏ ਦੀ ਸਨਮਾਨ ਰਾਸ਼ੀ ਭੇਟ ਕੀਤੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਇਸ ਸਾਲ ਇਹ ਸਨਮਾਨ ਭਾਈ ਲੱਖੀ ਸ਼ਾਹ ਵਣਜਾਰਾ ਹਾਲ, ਗੁਰਦੁਆਰਾ ਸ੍ਰੀ ਰਕਾਬ ਗੰਜ ਸਾਹਿਬ ਵਿਖੇ ਪ੍ਰਸਿੱਧ ਵਿਦਵਾਨ ਕੀਰਤਨੀਏ ਡਾ. ਗੁਰਨਾਮ ਸਿੰਘ ਜੀ ਨੂੰ ਉਨ੍ਹਾਂ ਵੱਲੋਂ ਪਿਛਲੇ 45 ਸਾਲਾਂ ਤੋਂ ਦੇਸ਼-ਵਿਦੇਸ਼ ਵਿੱਚ ਰਾਗਬੱਧ ਗੁਰਬਾਣੀ ਕੀਰਤਨ ਦੀ ਲਗਾਤਾਰ ਅਤੇ ਸਮਰਪਿਤ ਸੇਵਾ ਨੂੰ ਮੁੱਖ ਰੱਖਦਿਆਂ ਭੇਟ ਕੀਤਾ ਗਿਆ।

# ਤੇਜਿੰਦਰ ਮਹਿਤਾ ਨੇ ਕੀਤਾ ਓਪਨ ਜਿਮ ਦਾ ਉਦਘਾਟਨ; ਬਾਰਾਦਰੀ ਬਾਗ ਵਿਖੇ ਐਮਸੀ ਜੱਗੀ ਦੀਆਂ ਕੋਸ਼ਿਸ਼ਾਂ ਨਾਲ ਮੰਗ ਹੋਈ ਪੂਰੀ



ਪਟਿਆਲਾ, 11 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਬਾਰਾਦਰੀ ਬਾਗ ਸਥਿਤ ਚਿਲਡਰਨ ਪਾਰਕ ਵਿੱਚ ਨਵੇਂ ਓਪਨ ਜਿਮ ਦਾ ਉਦਘਾਟਨ ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਤੇਜਿੰਦਰ ਮਹਿਤਾ ਵੱਲੋਂ ਕੀਤਾ ਗਿਆ।

ਬਾਰਾਦਰੀ ਬਾਗ ਵਿੱਚ ਓਪਨ ਜਿਮ ਸਥਾਪਤ ਕਰਨ ਦੀ ਮੰਗ ਸ਼ਹਿਰ ਦੀ ਪ੍ਰਸਿੱਧ ਸਮਾਜ ਸੇਵੀ ਸੰਸਥਾ ਜਨਹਿਤ ਸੰਮਤੀ ਵੱਲੋਂ ਲੰਬੇ ਸਮੇਂ ਤੋਂ ਕੀਤੀ ਜਾ ਰਹੀ ਸੀ, ਜੋ ਐਮਸੀ ਕਵਲਜੀਤ ਕੌਰ ਜੱਗੀ ਦੀਆਂ ਕੋਸ਼ਿਸ਼ਾਂ ਸਦਕਾ ਹੁਣ ਪੂਰੀ ਹੋਈ ਹੈ। ਇਹ ਓਪਨ ਜਿਮ ਚੇਅਰਮੈਨ ਤੇਜਿੰਦਰ ਮਹਿਤਾ ਵੱਲੋਂ ਜ਼ਿਲ੍ਹਾ ਯੋਜਨਾ ਕਮੇਟੀ ਰਾਹੀਂ ਉਪਲਬਧ ਕਰਵਾਏ ਗਏ ਫੰਡਾਂ ਨਾਲ ਸਥਾਪਤ ਕੀਤਾ ਗਿਆ ਹੈ।

ਇਸ ਮੌਕੇ ਤੇਜਿੰਦਰ ਮਹਿਤਾ ਨੇ ਕਿਹਾ ਕਿ ਲੋਕਾਂ ਨੂੰ ਬਿਹਤਰ ਜਨਤਕ ਸਹੂਲਤਾਂ ਮੁਹੱਈਆ ਕਰਵਾਉਣਾ ਉਨ੍ਹਾਂ ਦੀ ਤਰਜੀਹ ਹੈ। ਉਨ੍ਹਾਂ ਕਿਹਾ ਕਿ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਦੀ ਸੋਚ ਅਤੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਵਿੱਚ ਲੋਕ-ਹਿੱਤ ਅਤੇ ਵਿਕਾਸ ਕਾਰਜਾਂ ਨੂੰ ਤਰਜੀਹ ਦਿੱਤੀ ਜਾ ਰਹੀ ਹੈ। ਜ਼ਿਲ੍ਹਾ ਯੋਜਨਾ ਕਮੇਟੀ ਦੇ ਫੰਡਾਂ ਰਾਹੀਂ ਵੀ ਲੋਕਾਂ ਦੀਆਂ ਲੋੜਾਂ ਅਨੁਸਾਰ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਓਪਨ ਜਿਮ ਲੋਕਾਂ ਨੂੰ ਸਿਹਤਮੰਦ ਜੀਵਨਸ਼ੈਲੀ ਅਪਣਾਉਣ ਵਿੱਚ ਸਹਾਈ ਸਾਬਤ ਹੋਵੇਗਾ।

ਜਨਹਿਤ ਸੰਮਤੀ ਦੇ ਜਨਰਲ ਸਕੱਤਰ ਵਿਨੋਦ ਸ਼ਰਮਾ ਅਤੇ ਸੀਨੀਅਰ ਆਮ ਆਦਮੀ ਪਾਰਟੀ ਆਗੂ ਤੇ ਸਮਾਜ ਸੇਵੀ ਜਗਤਾਰ ਸਿੰਘ ਜੱਗੀ ਨੇ ਕਿਹਾ ਕਿ ਬਾਰਾਦਰੀ ਬਾਗ ਵਿੱਚ ਓਪਨ ਜਿਮ ਦੀ ਮੰਗ ਲੰਬੇ ਸਮੇਂ ਤੋਂ ਕੀਤੀ ਜਾ ਰਹੀ ਸੀ। ਉਨ੍ਹਾਂ ਕਿਹਾ ਕਿ ਇਹ ਸਹੂਲਤ ਮਿਲਣ ਨਾਲ ਪਾਰਕ ਵਿੱਚ ਸੈਰ ਅਤੇ ਕਸਰਤ ਕਰਨ ਲਈ ਆਉਣ ਵਾਲੇ ਲੋਕਾਂ ਨੂੰ ਵੱਡਾ ਲਾਭ ਮਿਲੇਗਾ।

ਐਮਸੀ ਕਵਲਜੀਤ ਕੌਰ ਜੱਗੀ ਨੇ ਤੇਜਿੰਦਰ ਮਹਿਤਾ ਅਤੇ ਜ਼ਿਲ੍ਹਾ ਯੋਜਨਾ ਕਮੇਟੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਬਾਰਾਦਰੀ ਬਾਗ ਦੇ ਚਿਲਡਰਨ ਪਾਰਕ ਵਿੱਚ ਓਪਨ ਜਿਮ ਦੀ ਸਹੂਲਤ ਮਿਲਣ ਨਾਲ ਇਲਾਕਾ ਨਿਵਾਸੀਆਂ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਮੰਗ ਪੂਰੀ ਹੋਈ ਹੈ।

ਇਸ ਮੌਕੇ ਨੂੰ ਯਾਦਗਾਰ ਬਣਾਉਣ ਲਈ ਪੌਦਾਰੋਪਣ ਵੀ ਕੀਤਾ ਗਿਆ। ਤੇਜਿੰਦਰ ਮਹਿਤਾ ਅਤੇ ਹੋਰ ਪਤਵੰਤਿਆਂ ਨੇ ਪੌਦੇ ਲਗਾ ਕੇ ਵਾਤਾਵਰਨ ਦੀ ਸੰਭਾਲ ਦਾ ਸੰਦੇਸ਼ ਦਿੱਤਾ। ਇਸ ਦੇ ਨਾਲ ਹੀ ਪਾਰਕ ਵਿੱਚ ਸਾਫ਼-ਸਫ਼ਾਈ ਬਰਕਰਾਰ ਰੱਖਣ ਲਈ ਕੂੜੇਦਾਨ ਵੀ ਸਥਾਪਿਤ ਕੀਤੇ ਗਏ।

# ਪੰਜਾਬ ਸਰਕਾਰ ਆਪਣਾ ਅੜੀਅਲ ਵਤੀਰਾ ਛੱਡ ਕੇ ਮੁਲਾਜ਼ਮਾਂ ਅਤੇ ਪੈਨਸ਼ਨਾਰਾਂ ਦੀਆਂ ਜਾਇਜ ਮੰਗਾਂ ਮੰਨੇ

ਪਟਿਆਲਾ, 11 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਆਪਣਾ ਅੜੀਅਲ ਵਤੀਰਾ ਛੱਡ ਕੇ ਮੁਲਾਜ਼ਮਾਂ ਅਤੇ ਪੈਨਸ਼ਨਾਰਾਂ ਦੀਆਂ ਜਾਇਜ ਮੰਗਾਂ ਮੰਨ ਲਵੇ ਤਾਂ ਕਿ ਇਹਨਾਂ ਨੂੰ ਸੰਘਰਸ਼ ਦਾ ਰਾਹ ਨਾ ਅਪਣਾਉਣਾ ਪਵੇ। ਪੀ ਆਰ ਟੀ ਸੀ ਪੈਨਸ਼ਨਰਜ ਐਸੋਸੀਏਸ਼ਨ ਦੀ ਕੇਂਦਰੀ ਬਾਡੀ ਦੇ ਚੇਅਰਮੈਨ ਮੁਕੰਦ ਸਿੰਘ, ਵਾਈਸ ਚੇਅਰਮੈਨ ਬਚਿੱਤਰ ਸਿੰਘ, ਸੂਬਾ ਪ੍ਰਧਾਨ ਭਗਵੰਤ ਸਿੰਘ ਕੰਗਣਵਾਲ, ਸਕੱਤਰ ਜਨਰਲ ਹਰੀ ਸਿੰਘ 'ਚਮਕ,' ਜਨਰਲ ਸਕੱਤਰ ਬਚਨ ਸਿੰਘ ਅਰੋੜਾ ਅਤੇ ਖਜਾਨਚੀ ਅਮੋਲਕ ਸਿੰਘ ਨੇ ਸਾਂਝੇ ਬਿਆਨ ਵਿੱਚ ਪੰਜਾਬ ਸਰਕਾਰ ਨੂੰ ਉਪਰੋਕਤ ਅਪੀਲ ਕਰਦਿਆਂ ਕਿਹਾ ਕਿ ਪੰਜਾਬ ਦੇ ਸਮੁੱਚੇ ਮੁਲਾਜ਼ਮ ਅਤੇ ਪੈਨਸ਼ਨਰ ਲੰਮੇ ਸਮੇਂ ਤੋਂ ਆਪਣੀਆਂ ਹੱਕੀ ਮੰਗਾਂ ਲਈ ਜਦੋ ਜਹਿਦ ਕਰਦੇ ਆ ਰਹੇ ਹਨ ਪ੍ਰੰਤੂ ਪੰਜਾਬ ਸਰਕਾਰ ਦੀ ਇਸ ਸਬੰਧੀ ਟਾਲਮਟੋਲ ਦੀ ਨੀਤੀ ਮੁਲਾਜ਼ਮਾਂ ਤੇ ਪੈਨਸ਼ਨਰਾਂ ਵਿੱਚ ਰੋਸ ਅਤੇ ਰੋਹ ਪੈਦਾ ਕਰਦੀ ਹੈ ਤੇ ਸੰਘਰਸ਼ ਲਈ ਉਕਸਾਉਂਦੀ ਹੈ। ਜੇਕਰ ਆਈ ਏ ਐਸ, ਆਈ ਪੀ ਐਸ ਅਤੇ ਆਈ ਐਫ ਐਸ ਅਫਸਰ ਮਹਿੰਗਾਈ ਭੱਤੇ ਦੇ ਹੱਕਦਾਰ ਹਨ ਤਾਂ ਹੋਰ ਮੁਲਾਜ਼ਮ ਅਤੇ ਪੈਨਸ਼ਨਰ ਹੱਕਦਾਰ ਕਿਉਂ ਨਹੀਂ? ਇਹਨਾਂ ਨਾਲ ਵਿਤਕਰਾ ਕਿਉਂ ਕੀਤਾ ਜਾਂਦਾ ਹੈ? ਉਪਰੋਕਤ ਬੁਲਾਰਿਆਂ ਨੇ ਪੰਜਾਬ ਸਰਕਾਰ ਨੂੰ ਪੁਰਜੋਰ ਅਪੀਲ ਕੀਤੀ ਹੈ ਕਿ ਜਦੋਂ ਮਹਿੰਗਾਈ ਵਧਦੀ ਹੈ ਤਾਂ ਮੁਲਾਜ਼ਮ ਤੇ ਪੈਨਸ਼ਨਰ ਮਹਿੰਗਾਈ ਭੱਤੇ ਦੇ ਵੀ ਹੱਕਦਾਰ ਹਨ।

ਸੋ ਬਿਨਾਂ ਦੇਰੀ ਤੋਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਬਣਦਾ ਮਹਿੰਗਾਈ ਭੱਤਾ ਜਲਦੀ ਤੋਂ ਜਲਦੀ ਦਿੱਤਾ ਜਾਵੇ, ਇਹਨਾਂ ਨੂੰ ਆਪਣੇ ਹੱਕਾਂ ਤੋਂ ਵਾਂਝਾ ਰੱਖ ਕੇ ਸੰਘਰਸ਼ ਕਰਨ ਲਈ ਨਾ ਉਕਸਾਇਆ ਜਾਵੇ ਤਾਂ ਕਿ ਪੰਜਾਬ ਦਾ ਮਾਹੌਲ ਸ਼ਾਂਤ ਰਹੇ।

# ਪਾਵਰਕੌਮ ਅਤੇ ਟਰਾਂਸਕੋ ਪੈਨਸ਼ਨ ਯੂਨੀਅਨ ਦੇ ਪੈਨਸ਼ਨਰਜ ਚੰਡੀਗੜ੍ਹ ਮਹਾ ਰੈਲੀ ਲਈ ਪਟਿਆਲਾ ਤੋਂ ਹੋਏ ਰਵਾਨਾ

ਪਟਿਆਲਾ, 11 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਪਾਵਰਕੌਮ ਅਤੇ ਟਰਾਂਸਕੋ ਪੈਨਸ਼ਨ ਯੂਨੀਅਨ ਦੇ ਪੈਨਸ਼ਨਰਜ ਆਪਣੀਆਂ ਹੱਕੀਂ ਮੰਗਾਂ ਦੀ ਆਵਾਜ਼ ਬੁਲੰਦ ਕਰਨ ਲਈ ਚੰਡੀਗੜ੍ਹ ਵਿਖੇ ਹੋਣ ਜਾ ਰਹੀ ਮਹਾਂ ਰੈਲੀ ਵਿੱਚ ਇੱਕ ਵੱਡੇ ਜਥੇ ਦੇ ਰੂਪ ਵਿੱਚ ਫੈਕਟਰੀ ਏਰੀਆ ਪਟਿਆਲਾ ਤੋਂ ਰਵਾਨਾ ਹੋਏ। ਇਸ ਮੌਕੇ ਵਿਸ਼ੇਸ਼ ਤੌਰ ਤੇ ਪਹੁੰਚੇ ਸਾਬਕਾ ਨਿਗ. ਇੰਜੀ. ਇੰਦਰਜੀਤ ਸਿੰਘ ਗਿੱਲ ਨੇ ਆਪਣਾ ਆਸ਼ੀਰਵਾਦ ਅਤੇ ਸ਼ੁਭਕਾਮਨਾ ਦੇਕੇ ਇਸ ਜੱਥੇ ਨੂੰ ਰਵਾਨਾ ਕੀਤਾ। ਇਸ ਮੌਕੇ ਯੂਨੀਅਨ ਦੇ ਪ੍ਰਧਾਨ ਭਿੰਦਰ ਸਿੰਘ ਚਹਿਲ, ਸੂਬਾ ਸਲਾਹਕਾਰ ਇੰਜੀ. ਸੰਤੋਖ ਸਿੰਘ ਬੋਪਾਰਾਏ ਅਤੇ ਸਕੱਤਰ ਹਰਜੀਤ ਸਿੰਘ ਨੇ ਸਾਂਝੇ ਬਿਆਨ ਵਿੱਚ ਕਿਹਾ ਕਿ ਪੰਜਾਬ ਦੇ ਵਿੱਤ ਮੰਤਰੀ ਵੱਲੋਂ ਮਾਨਯੋਗ ਹਾਈਕੋਰਟ ਦੇ ਫੈਸਲੇ ਤੇ ਕੀਤੀ ਗਈ ਪ੍ਰੈਸ ਕਾਨਫਰੰਸ ਵਿੱਚ ਤੱਥਾਂ ਤੋਂ ਪਰੇ ਗੁਮਰਾਹ ਕਰਨ ਵਾਲੇ ਬਿਆਨਾਂ ਦੀ ਸਿਰੇ ਤੋਂ ਨਿਖੇਦੀ ਕੀਤੀ ਤੇ ਕਿਹਾ ਕਿ ਇਹ ਮਹਾਂ ਰੈਲੀ ਇੱਕ ਇਤਿਹਾਸਿਕ ਰੈਲੀ ਹੈ। ਜਿਸ ਵਿੱਚ ਸੱਜੇ ਖੱਬੀ ਅਤੇ ਵੱਖ-ਵੱਖ ਪਾਰਟੀਆਂ ਦੀ ਵਿਚਾਰਧਾਰਾ ਰੱਖਣ ਵਾਲੇ ਅਤੇ ਸਮੂਹ ਫੈਡਰੇਸ਼ਨਾਂ /ਯੂਨੀਅਨਾਂ ਤੇ ਕੇਡਰ ਵਾਈਜ਼ ਐਸੋਸੀਏਸ਼ਨਾਂ ਇਸ ਮੁੱਦੇ ਤੇ ਇੱਕ ਸੁਰ ਹੋ ਗਈਆਂ ਹਨ।

ਇਸ ਮੌਕੇ ਵੱਖ-ਵੱਖ ਜਥੇਬੰਦੀਆਂ ਦਾ ਰੋਹ ਝਲਣਾ ਮੌਜੂਦਾ ਪੰਜਾਬ ਸਰਕਾਰ ਲਈ ਔਖਾ ਹੋ ਜਾਵੇਗਾ।

# ਜੋਨ ਪੱਧਰੀ ਖੇਡਾਂ ਵਿੱਚ ਗਿਆਨ ਗੰਗਾ ਦਾ ਸ਼ਾਨਦਾਰ ਪ੍ਰਦਰਸ਼ਨ



ਮੋਗਾ, 11 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਜੋਨ ਪੱਧਰੀ ਖੇਡਾਂ ਵਿੱਚ ਗਿਆਨ ਗੰਗਾ ਦਾ ਸ਼ਾਨਦਾਰ ਪ੍ਰਦਰਸ਼ਨ, ਫੁੱਟਬਾਲ ਤੇ ਬੈਡਮਿੰਟਨ ਵਿੱਚ ਸੋਨੇ ਦੇ ਤਗਮੇ, ਸਕੇਟਿੰਗ ਵਿੱਚ ਕਾਂਸੀ ਮੂਣਕ: 70ਵੀਆਂ ਜੋਨ ਪੱਧਰੀ ਸਕੂਲੀ ਖੇਡਾਂ ਵਿੱਚ ਗਿਆਨ ਗੰਗਾ ਇੰਟਰਨੈਸ਼ਨਲ ਸਕੂਲ, ਬਲਰਾਂ ਦੇ ਵਿਦਿਆਰਥੀਆਂ ਨੇ ਵੱਖ-ਵੱਖ ਖੇਡਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸਕੂਲ ਦਾ ਨਾਂ ਰੌਸ਼ਨ ਕੀਤਾ। ਫੁੱਟਬਾਲ, ਬੈਡਮਿੰਟਨ ਅਤੇ ਸਕੇਟਿੰਗ ਦੇ ਮੁਕਾਬਲਿਆਂ ਵਿੱਚ ਵਿਦਿਆਰਥੀਆਂ ਨੇ ਆਪਣੀ ਖੇਡ ਪ੍ਰਤਿਭਾ ਦਾ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸੋਨੇ ਅਤੇ ਕਾਂਸੀ ਦੇ ਤਗਮੇ ਹਾਸਲ ਕੀਤੇ। ਫੁੱਟਬਾਲ ਦੇ ਮੁਕਾਬਲੇ ਸਟੇਡੀਅਮ ਲਹਿਰਾ ਵਿਖੇ ਕਰਵਾਏ ਗਏ, ਜਿੱਥੇ ਗਿਆਨ ਗੰਗਾ ਇੰਟਰਨੈਸ਼ਨਲ ਸਕੂਲ ਦੀਆਂ ਅੰਡਰ-14 ਅਤੇ ਅੰਡਰ-17 ਟੀਮਾਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸੋਨੇ ਦੇ ਤਗਮੇ ਜਿੱਤੇ। ਦੋਵੇਂ ਵਰਗਾਂ ਦੇ ਜੇਤੂ ਖਿਡਾਰੀਆਂ ਦੀ ਜ਼ਿਲ੍ਹਾ ਪੱਧਰੀ ਮੁਕਾਬਲਿਆਂ ਲਈ ਚੋਣ ਵੀ ਹੋਈ ਹੈ।

ਇਸੇ ਤਰ੍ਹਾਂ ਅੰਡਰ-19 ਬੈਡਮਿੰਟਨ ਮੁਕਾਬਲਿਆਂ ਵਿੱਚ ਵੀ ਗਿਆਨ ਗੰਗਾ ਦੇ ਖਿਡਾਰੀਆਂ ਨੇ ਸ਼ਾਨਦਾਰ ਖੇਡ ਦਾ ਪ੍ਰਦਰਸ਼ਨ ਕਰਦਿਆਂ ਸੋਨੇ ਦਾ ਤਗਮਾ ਜਿੱਤਿਆ। ਇਸ ਸ਼ਾਨਦਾਰ ਪ੍ਰਦਰਸ਼ਨ ਦੇ ਆਧਾਰ 'ਤੇ ਖਿਡਾਰੀ ਦੀ ਜ਼ਿਲ੍ਹਾ ਪੱਧਰੀ ਮੁਕਾਬਲਿਆਂ ਲਈ ਚੋਣ ਹੋਈ ਹੈ। ਅੰਡਰ-11 ਸਕੇਟਿੰਗ ਮੁਕਾਬਲਿਆਂ ਵਿੱਚ ਵੀ ਗਿਆਨ ਗੰਗਾ ਦੇ ਖਿਡਾਰੀ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਕਾਂਸੀ ਦਾ ਤਗਮਾ ਹਾਸਲ ਕੀਤਾ। ਸਕੇਟਿੰਗ ਦੇ ਮੁਕਾਬਲੇ ਸੀਬਾ ਇੰਟਰਨੈਸ਼ਨਲ ਸਕੂਲ, ਲਹਿਰਾ ਵਿਖੇ ਕਰਵਾਏ ਗਏ।

ਇਨ੍ਹਾਂ ਸ਼ਾਨਦਾਰ ਪ੍ਰਾਪਤੀਆਂ 'ਤੇ ਸਕੂਲ ਦੀ ਪ੍ਰਿੰਸੀਪਲ ਸ੍ਰੀਮਤੀ ਹਰਪ੍ਰੀਤ ਕੌਰ ਨੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੱਤੀ। ਉਨ੍ਹਾਂ ਨੇ ਕਿਹਾ ਕਿ ਵਿਦਿਆਰਥੀਆਂ ਦੀ ਮਿਹਨਤ, ਲਗਨ, ਅਨੁਸ਼ਾਸਨ ਅਤੇ ਖੇਡਾਂ ਪ੍ਰਤੀ ਸਮਰਪਣ ਨੇ ਪੂਰੇ ਗਿਆਨ ਗੰਗਾ ਪਰਿਵਾਰ ਨੂੰ ਮਾਣ ਮਹਿਸੂਸ ਕਰਵਾਇਆ ਹੈ। ਉਨ੍ਹਾਂ ਜ਼ਿਲ੍ਹਾ ਪੱਧਰ ਲਈ ਚੁਣੇ ਗਏ ਖਿਡਾਰੀਆਂ ਨੂੰ ਭਵਿੱਖ ਦੇ ਮੁਕਾਬਲਿਆਂ ਲਈ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ।

ਇਸ ਮੌਕੇ ਸਕੂਲ ਦੇ ਕੋਚ ਸੰਦੀਪ ਸਿੰਘ ਅਤੇ ਪ੍ਰਗਟ ਸਿੰਘ ਨੂੰ ਵੀ ਵਿਦਿਆਰਥੀਆਂ ਦੀ ਇਸ ਸ਼ਾਨਦਾਰ ਪ੍ਰਾਪਤੀ ਲਈ ਵਧਾਈ ਦਿੱਤੀ ਗਈ। ਦੋਵਾਂ ਕੋਚਾਂ ਦੀ ਰਹਿਨੁਮਾਈ ਅਤੇ ਮਿਹਨਤ ਦੀ ਸ਼ਲਾਘਾ ਕਰਦਿਆਂ ਸਕੂਲ ਪ੍ਰਬੰਧਕਾਂ ਨੇ ਕਿਹਾ ਕਿ ਖਿਡਾਰੀਆਂ ਦੀ ਸਫ਼ਲਤਾ ਪਿੱਛੇ ਕੋਚਾਂ ਦੀ ਲਗਨ ਅਤੇ ਸੁਚੱਜੀ ਸਿਖਲਾਈ ਦਾ ਅਹਿਮ ਯੋਗਦਾਨ ਹੈ। ਸਕੂਲ ਦੇ ਚੇਅਰਮੈਨ ਸ੍ਰੀ ਸੁਰੇਸ਼ ਮਿੱਤਲ ਨੇ ਵੀ ਜੇਤੂ ਵਿਦਿਆਰਥੀਆਂ ਅਤੇ ਕੋਚਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਗਿਆਨ ਗੰਗਾ ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀ ਸਿੱਖਿਆ ਦੇ ਨਾਲ-ਨਾਲ ਖੇਡਾਂ ਦੇ ਖੇਤਰ ਵਿੱਚ ਵੀ ਲਗਾਤਾਰ ਨਵੀਆਂ ਮੱਲਾਂ ਮਾਰ ਰਹੇ ਹਨ।

# ਦਿਵਿਆ ਰਾਣੀ ਬਣੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਪੁਜੀਸ਼ਨ ਹੋਲਡਰ

ਮਾਛੀਵਾੜਾ ਸਾਹਿਬ, 11 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਸਰਕਾਰੀ ਕਾਲਜ ਮਾਛੀਵਾੜਾ ਸਾਹਿਬ ਪ੍ਰਿੰਸੀਪਲ ਨੰਦਿਨੀ ਵੈਦ ਦੀ ਯੋਗ ਅਗਵਾਈ ਹੇਠ ਵਿੱਦਿਅਕ ਖੇਤਰ ਵਿੱਚ ਆਪਣਾ ਵਿਸ਼ੇਸ਼ ਸਥਾਨ ਬਣਾ ਰਿਹਾ ਹੈ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਐਲਾਨੇ ਛੇਵੇਂ ਸਮੈਸਟਰ ਦੇ ਨਤੀਜਿਆਂ ਦੌਰਾਨ ਫੈਸ਼ਨ ਡਿਜ਼ਾਈਨਿੰਗ ਵਿਭਾਗ ਦੀ ਵਿਦਿਆਰਥਣ ਦਿਵਿਆ ਰਾਣੀ ਨੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ 'ਚੋਂ ਦੂਜਾ ਸਥਾਨ ਹਾਸਿਲ ਕੀਤਾ। ਦਿਵਿਆ ਨੇ ਪੰਜਾਬ ਯੂਨੀਵਰਸਿਟੀ ਅਤੇ ਉਸਦੇ ਨਾਲ ਸੰਬੰਧਿਤ ਕਾਲਜਾਂ ਵਿਚੋਂ 95 ਪ੍ਰਤੀਸ਼ਤ ਅੰਕ ਲੈ ਕੇ ਦੂਜਾ ਸਥਾਨ ਪ੍ਰਾਪਤ ਕੀਤਾ ਹੈ। ਇਸੇ ਵਿਭਾਗ ਦੀ ਵਿਦਿਆਰਥਣ ਜਸ਼ਨਪ੍ਰੀਤ ਕੌਰ ਨੇ 90.1 ਪ੍ਰਤੀਸ਼ਤ ਅਤੇ ਮਨਪ੍ਰੀਤ ਕੌਰ ਨੇ 89.3 ਪ੍ਰਤੀਸ਼ਤ ਅੰਕਾਂ ਨਾਲ ਕਾਲਜ ਵਿੱਚੋ ਦੂਜਾ ਤੇ ਤੀਜਾ ਸਥਾਨ ਪ੍ਰਾਪਤ ਕੀਤਾ ।

ਪ੍ਰਿੰਸੀਪਲ ਨੇ ਵਿਦਿਆਰਥਣ ਅਤੇ ਅਧਿਆਪਕਾਂ ਨੂੰ ਵਧਾਈ ਦਿੰਦੇ ਹੋਏ ਚੰਗੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ। ਵਾਇਸ ਪ੍ਰਿੰਸੀਪਲ ਸਹਾਇਕ ਪ੍ਰੋਫ਼ੈਸਰ ਪਰਦੀਪ ਸਿੰਘ ਨੇ ਫੈਸ਼ਨ ਡਿਜ਼ਾਈਨਿੰਗ ਵਿਭਾਗ ਨੂੰ ਇਸ ਪ੍ਰਾਪਤੀ 'ਤੇ ਵਧਾਈ ਦੇ ਕੇ ਹੌਂਸਲਾ ਅਫ਼ਜਾਈ ਕੀਤੀ। ਵਿਭਾਗ ਦੀ ਮੁੱਖੀ ਸਹਾਇਕ ਪ੍ਰੋਫ਼ੈਸਰ ਦੀਕਸ਼ਾ ਸਿੰਧਵਾਨੀ ਨੇ ਕਿਹਾ ਕਿ ਉਹ ਵਿਦਿਆਰਥੀਆਂ ਦੀ ਪੜ੍ਹਾਈ ਅਤੇ ਕੈਰੀਅਰ ਲਈ ਪ੍ਰਤੀਬੱਧ ਹਨ, ਉਹਨਾਂ ਨੇ ਦਿਵਿਆ ਰਾਣੀ ਨੂੰ ਚੰਗੇ ਭਵਿੱਖ ਲਈ ਸ਼ੁੱਭਕਾਮਨਾਵਾਂ ਦਿੱਤੀਆਂ। ਇਸ ਸਮੇਂ ਰੀਸੋਰਸ ਪਰਸਨ ਹੇਮ ਲਤਾ ਵੀ ਹਾਜ਼ਿਰ ਸਨ।

# ਪੰਜਾਬ ਵਿਧਾਨ ਸਭਾ 'ਚ ਪ੍ਰੋ. ਜਸਵੰਤ ਸਿੰਘ ਗੱਜਣਮਾਜਰਾ ਨੇ ਪੰਜਾਬ ਦੇ ਨੌਜਵਾਨਾਂ ਦੇ ਭਵਿੱਖ ਨਾਲ ਜੁੜੇ ਅਹਿਮ ਮੁੱਦੇ ਪੂਰੇ ਜ਼ੋਰ ਨਾਲ ਉਠਾਏ



ਮਲੇਰਕੋਟਲਾ, 11 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਅਮਰਗੜ੍ਹ ਵਿਧਾਨ ਸਭਾ ਹਲਕੇ ਤੋਂ ਵਿਧਾਇਕ ਪ੍ਰੋ. ਜਸਵੰਤ ਸਿੰਘ ਗੱਜਣਮਾਜਰਾ ਨੇ ਪੰਜਾਬ ਵਿਧਾਨ ਸਭਾ ਦੇ 16ਵੇਂ ਕਾਰਜਕਾਲ ਦੇ 13ਵੇਂ ਸਮਾਗਮ ਦੌਰਾਨ ਦੋ ਮਹੱਤਵਪੂਰਨ ਗੈਰ-ਸਰਕਾਰੀ ਮਤੇ ਪੇਸ਼ ਕਰਦਿਆਂ ਪੰਜਾਬ ਦੇ ਨੌਜਵਾਨਾਂ ਦੇ ਭਵਿੱਖ ਨਾਲ ਜੁੜੇ ਮੁੱਦਿਆਂ ਨੂੰ ਬੜੀ ਦ੍ਰਿੜਤਾ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਸਦਨ ਵਿੱਚ ਉਠਾਇਆ।

ਉਨ੍ਹਾਂ ਕਿਹਾ ਕਿ ਸਿੱਖਿਆ ਅਤੇ ਨੌਜਵਾਨਾਂ ਦੀ ਸੰਭਾਲ ਹੀ ਇੱਕ ਮਜ਼ਬੂਤ, ਖੁਸ਼ਹਾਲ ਅਤੇ ਆਤਮਨਿਰਭਰ ਪੰਜਾਬ ਦੀ ਨੀਂਹ ਹੈ।

ਮਤੇ 'ਤੇ ਬੋਲਦਿਆਂ ਪ੍ਰੋ. ਗੱਜਣਮਾਜਰਾ ਨੇ ਕਿਹਾ ਕਿ ਸਮੇਂ ਦੀ ਮੰਗ ਹੈ ਕਿ ਸਕੂਲੀ ਸਿੱਖਿਆ ਨੂੰ ਸਿਰਫ਼ ਪਾਠ-ਪੁਸਤਕਾਂ ਤੱਕ ਸੀਮਤ ਨਾ ਰੱਖ ਕੇ ਇਸ ਨੂੰ ਜੀਵਨ ਨਾਲ ਜੋੜਿਆ ਜਾਵੇ। ਉਨ੍ਹਾਂ ਰਾਜ ਸਰਕਾਰ ਨੂੰ ਸਿਫ਼ਾਰਸ਼ ਕੀਤੀ ਕਿ ਸਕੂਲਾਂ ਵਿੱਚ ਅਜਿਹਾ ਵਿਸ਼ੇਸ਼ ਅਤੇ ਵਿਹਾਰਕ ਸਿਲੇਬਸ ਤਿਆਰ ਕੀਤਾ ਜਾਵੇ, ਜਿਸ ਰਾਹੀਂ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਮਾਰੂ ਪ੍ਰਭਾਵਾਂ ਤੋਂ ਬਚਾਅ, ਸਿਹਤਮੰਦ ਜੀਵਨ-ਸ਼ੈਲੀ, ਸਵੈ-ਰੁਜ਼ਗਾਰ, ਉਦਯੋਗਤਾ, ਆਰਥਿਕ ਸਾਖਰਤਾ, ਵਿਅਕਤੀਤਵ ਵਿਕਾਸ ਅਤੇ ਜੀਵਨ-ਜਾਚ ਵਰਗੇ ਵਿਸ਼ਿਆਂ ਬਾਰੇ ਸਿਖਲਾਈ ਦਿੱਤੀ ਜਾ ਸਕੇ।

ਉਨ੍ਹਾਂ ਕਿਹਾ ਕਿ ਅੱਜ ਦੇ ਮੁਕਾਬਲੇਬਾਜ਼ੀ ਵਾਲੇ ਯੁੱਗ ਵਿੱਚ ਡਿਗਰੀਆਂ ਦੇ ਨਾਲ-ਨਾਲ ਹੁਨਰ, ਆਤਮ-ਵਿਸ਼ਵਾਸ, ਫ਼ੈਸਲਾ ਲੈਣ ਦੀ ਸਮਰੱਥਾ ਅਤੇ ਨੈਤਿਕ ਕਦਰਾਂ-ਕੀਮਤਾਂ ਵੀ ਬਰਾਬਰ ਮਹੱਤਵ ਰੱਖਦੀਆਂ ਹਨ। ਜੇਕਰ ਵਿਦਿਆਰਥੀਆਂ ਨੂੰ ਸਕੂਲੀ ਪੱਧਰ ਤੋਂ ਹੀ ਜੀਵਨ ਦੀਆਂ ਚੁਣੌਤੀਆਂ ਨਾਲ ਨਜਿੱਠਣ ਲਈ ਤਿਆਰ ਕੀਤਾ ਜਾਵੇ ਤਾਂ ਉਹ ਨਾ ਸਿਰਫ਼ ਆਪਣੇ ਲਈ, ਸਗੋਂ ਸਮਾਜ ਅਤੇ ਦੇਸ਼ ਲਈ ਵੀ ਕੀਮਤੀ ਯੋਗਦਾਨ ਪਾ ਸਕਦੇ ਹਨ।

ਪ੍ਰੋਫੈਸਰ ਗੱਜਣਮਾਜਰਾ ਨੇ ਇਹ ਵੀ ਸੁਝਾਅ ਦਿੱਤਾ ਕਿ ਸਕੂਲਾਂ ਵਿੱਚ ਸਮੇਂ-ਸਮੇਂ 'ਤੇ ਪ੍ਰਸਿੱਧ ਵਿਦਵਾਨਾਂ, ਸਮਾਜ ਸੇਵਕਾਂ, ਸਫ਼ਲ ਉਦਯੋਗਪਤੀਆਂ, ਸਨਅਤਕਾਰਾਂ ਅਤੇ ਵੱਖ-ਵੱਖ ਖੇਤਰਾਂ ਦੀਆਂ ਪ੍ਰਤਿਭਾਸ਼ਾਲੀ ਸ਼ਖ਼ਸੀਅਤਾਂ ਦੇ ਪ੍ਰੇਰਣਾਦਾਇਕ ਲੈਕਚਰ ਕਰਵਾਏ ਜਾਣ, ਤਾਂ ਜੋ ਵਿਦਿਆਰਥੀ ਉਨ੍ਹਾਂ ਦੇ ਤਜ਼ਰਬਿਆਂ ਤੋਂ ਪ੍ਰੇਰਨਾ ਲੈ ਕੇ ਆਪਣੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਸਹੀ ਦਿਸ਼ਾ ਅਤੇ ਆਤਮ-ਵਿਸ਼ਵਾਸ ਹਾਸਲ ਕਰ ਸਕਣ।

ਉਨ੍ਹਾਂ ਵਿਸ਼ੇਸ਼ ਤੌਰ 'ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਸੁਹਿਰਦ ਯਤਨਾਂ ਸਦਕਾ ਪੰਜਾਬ ਸਿੱਖਿਆ ਦੇ ਖੇਤਰ ਵਿੱਚ ਦੇਸ਼ ਭਰ ਵਿੱਚੋਂ ਪਹਿਲੇ ਨੰਬਰ ਉੱਤੇ ਆਇਆ ਹੈ ਅਤੇ ਇੱਥੋਂ ਦੇ ਵਿਦਿਆਰਥੀਆਂ ਨੂੰ ਕੌਮਾਂਤਰੀ ਪੱਧਰ ਦੇ ਮੁਕਾਬਲਿਆਂ ਦੇ ਯੋਗ ਬਣਾਉਣ ਲਈ ਭਵਿੱਖੀ ਯੋਜਨਾਵਾਂ ਤਿਆਰ ਕੀਤੀਆਂ ਜਾਣ।

# ਕਾਂਗਰਸ ਦੇ ਆਗੂ ਗੌਰਵ ਸੰਧੂ ਨੇ ਮਿਸਨ 2027 ਨੂੰ ਲੈ ਕੇ ਸਨੌਰ ਹਲਕੇ ਚ ਜਨ ਸੰਪਰਕ ਮੁਹਿੰਮ ਕੀਤੀ ਤੇਜ



ਸਨੌਰ,11 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਰਾਜੀਵ ਗਾਂਧੀ ਪੰਚਾਇਤੀ ਰਾਜ ਦੇ ਸੂਬਾ ਮੀਤ ਪ੍ਰਧਾਨ ਅਤੇ ਯੂਥ ਕਾਂਗਰਸ ਦੇ ਆਗੂ ਗੌਰਵ ਸੰਧੂ ਨੇ ,2027 ਮਿਸ਼ਨ ਨੂੰ ਲੈਕੇ ਸਨੌਰ ਹਲਕੇ ਅੰਦਰ ਜਨਸੰਪਰਕ ਮੁਹਿੰਮ ਤੇਜ ਕਰ ਦਿੱਤੀ ਹੈ।ਗੌਰਵ ਸੰਧੂ ਨੇ ਕਿਹਾ ਕਿ ਹਲਕਾ ਸਨੌਰ ਦਾ ਹਰ ਕਾਂਗਰਸੀ ਵਰਕਰ ਅੱਜ ਵੀ ਕਾਂਗਰਸ ਪਾਰਟੀ ਨਾਲ ਡਟ ਕੇ ਖੜ੍ਹਾ ਹੈ । ਉਨ੍ਹਾਂ ਕਿਹਾ ਕਿ 2027 ਵਿਚ ਕਾਂਗਰਸ ਪਾਰਟੀ ਇਸ ਹਲਕੇ ਤੋਂ ਵੱਡੀ ਲੀਡ ਨਾਲ ਜਿੱਤ ਪ੍ਰਾਪਤ ਕਰੇਗੀ। ਉਨਾਂ ਕਿਹਾ ਕਿ ਕਾਂਗਰਸ ਪਾਰਟੀ ਸਰਵਉੱਚ ਹੈ। ਕੋਈ ਵੀ ਲੀਡਰ ਇਸ ਗਲਤ ਫਹਿਮੀ 'ਚ ਨਾ ਰਹੇ ਕਿ ਵਰਕਰ ਉਸ ਦੇ ਨਾਲ ਹਨ। ਸਨੌਰ ਤੋਂ ਕਾਂਗਰਸ ਦੇ ਆਗੂ ਗੌਰਵ ਸੰਧੂ ਨੇ ਕਿਹਾ ਕਿ ਪਾਰਟੀ ਅਤੇ ਲੋਕ ਹੀ ਕਿਸੇ ਲੀਡਰ ਦਾ ਕਾਂਗਰਸੀ ਆਗੂ ਉਹਨਾਂ ਦਾ ਕੱਦ ਵਧਾਉਂਦੇ ਹਨ। ਉਨ੍ਹਾਂ ਕਿਹਾ ਕਿ ਉਹ ਲਗਾਤਾਰ ਹਲਕਾ ਸਨੌਰ ਵਿਚ ਜਾ ਰਹੇ ਹਨ। ਅਤੇ ਇਕ ਇਕ ਪਿੰਡ ਵਿਚ 4 ਚਾਰ ਵਾਰ ਜਾ ਚੁੱਕੇ ਹਨ । ਲੋਕਾਂ ਦਾ ਬਹੁਤ ਵੱਡਾ ਉਤਸ਼ਾਹ ਕਾਂਗਰਸ ਪਾਰਟੀ ਦੇ ਨਾਲ ਹੈ।

# ਸਹੁੰ ਚੁੱਕ ਸਮਾਰੋਹ ਰੋਕਣ ਦੀ ਮੰਗ, 9 ਕੌਂਸਲਰਾਂ ਨੇ ਕਾਰਜ ਸਾਧਕ ਅ.ਫਸਰ ਨੂੰ ਦਿੱਤਾ ਮੰਗ ਪੱਤਰ



ਮੋਰਿੰਡਾ, 11 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਨਗਰ ਕੌਂਸਲ ਮੋਰਿੰਡਾ ਦੇ 9 ਕੌਂਸਲਰਾਂ ਨੇ ਐਸ ਡੀ ਐਮ ਮੋਰਿੰਡਾ ਅਤੇ ਕਾਰਜ ਸਾਧਕ ਅਫ਼ਸਰ ਨੂੰ ਮੰਗ ਪੱਤਰ ਦੇ ਕੇ ਪ੍ਰਧਾਨ ਅਤੇ ਸੀਨੀਅਰ ਮੀਤ ਪ੍ਰਧਾਨ ਦੀ ਚੋਣ ਪ੍ਰਕਿਰਿਆ 'ਤੇ ਇਤਰਾਜ਼ ਜਤਾਉਂਦਿਆਂ ਸਹੁੰ ਚੁੱਕ ਸਮਾਰੋਹ ਫ਼ਿਲਹਾਲ ਨਾ ਕਰਵਾਉਣ ਦੀ ਮੰਗ ਕੀਤੀ ਹੈ।

ਇਸ ਸਬੰਧੀ ਮੰਗ ਪੱਤਰ ਵਿੱਚ ਕੌਂਸਲਰਾਂ ਮਨਦੀਪ ਸਿੰਘ ਬਾਜਵਾ, ਸੁਰਿੰਦਰ ਕੌਰ, ਕਮਲਜੀਤ ਕੌਰ ਬਾਜਵਾ, ਸਿਕੰਦਰ ਕੌਰ ਸ਼ੇਰਗਿਲ, ਪਿੰਕੀ ਕੌਰ, ਗੁੰਜਨ ਸੂਦ, ਨੇਹਾ ਸਰਮਾ, ਰਾਜੇਸ਼ ਕੁਮਾਰ ਸਸੋਦੀਆ, ਮਹਿੰਦਰ ਸਿੰਘ ਢਿੱਲੋ ਨੇ ਆਪਣੇ ਪੱਤਰ ਵਿੱਚ ਕਿਹਾ ਕਿ 8 ਜੁਲਾਈ ਨੂੰ ਹੋਣ ਵਾਲੀ ਚੋਣ ਮੀਟਿੰਗ ਉਪ ਮੰਡਲ ਮੈਜਿਸਟਰੇਟ ਦੀ ਖ਼ਰਾਬ ਸਿਹਤ ਕਾਰਨ ਮੁਲਤਵੀ ਕਰ ਦਿੱਤੀ ਗਈ ਸੀ। ਇਸ ਤੋਂ ਬਾਅਦ 10 ਜੁਲਾਈ ਨੂੰ ਹੋਈ ਚੋਣ ਦੌਰਾਨ ਕਥਿਤ ਤੌਰ 'ਤੇ ਨਿਯਮਾਂ ਦੀ ਉਲੰਘਣਾ ਕਰਦੇ ਹੋਏ ਅਤੇ ਧੱਕੇਸ਼ਾਹੀ ਨਾਲ ਸਿਰਫ਼ 6 ਮੈਂਬਰਾਂ ਦੀ ਹਾਜ਼ਰੀ ਵਿੱਚ ਪ੍ਰਧਾਨ ਦੀ ਚੋਣ ਕੀਤੀ ਗਈ। ਉਨ੍ਹਾਂ ਦਾ ਦੋਸ਼ ਹੈ ਕਿ ਚੋਣ ਸਬੰਧੀ ਜਾਰੀ ਕੀਤੇ ਗਏ ਨੋਟਿਸਾਂ ਵਿੱਚ ਸਹੁੰ ਚੁੱਕਣ ਬਾਰੇ ਕੋਈ ਜ਼ਿਕਰ ਨਹੀਂ ਸੀ।

ਮੰਗ ਪੱਤਰ ਅਨੁਸਾਰ, 3 ਅਗਸਤ ਅਤੇ 11 ਅਗਸਤ ਲਈ ਸਹੁੰ ਚੁੱਕ ਸਮਾਰੋਹ ਸਬੰਧੀ ਜਾਰੀ ਕੀਤੇ ਗਏ ਪੱਤਰ ਸਿਰਫ਼ 9 ਕੌਂਸਲਰਾਂ ਨੂੰ ਹੀ ਭੇਜੇ ਗਏ, ਜਦਕਿ ਇਹ ਸੂਚਨਾ ਸਾਰੇ 15 ਕੌਂਸਲਰਾਂ ਨੂੰ ਦਿੱਤੀ ਜਾਣੀ ਚਾਹੀਦੀ ਸੀ ਤਾਂ ਜੋ ਸਾਰੇ ਮੈਂਬਰ ਇਕੱਠੇ ਸਹੁੰ ਚੁੱਕ ਸਕਣ।

ਕੌਂਸਲਰਾਂ ਨੇ ਇਹ ਵੀ ਕਿਹਾ ਕਿ ਇਸ ਮਾਮਲੇ ਸਬੰਧੀ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਕੇਸ ਵਿਚਾਰ ਅਧੀਨ ਹੈ। ਇਸ ਲਈ ਉਨ੍ਹਾਂ ਨੇ ਮੰਗ ਕੀਤੀ ਹੈ ਕਿ ਅਦਾਲਤ ਦਾ ਫ਼ੈਸਲਾ ਆਉਣ ਤੱਕ ਸਹੁੰ ਚੁੱਕ ਸਮਾਰੋਹ ਨਾ ਕਰਵਾਇਆ ਜਾਵੇ। ਹਾਲਾਂਕਿ, ਜੇਕਰ ਸਰਕਾਰੀ ਕੰਮਕਾਜ ਜਾਂ ਜ਼ਰੂਰੀ ਮਤਿਆਂ ਲਈ ਕੋਈ ਮੀਟਿੰਗ ਬੁਲਾਈ ਜਾਂਦੀ ਹੈ ਤਾਂ ਉਨ੍ਹਾਂ ਨੂੰ ਸੂਚਿਤ ਕੀਤਾ ਜਾਵੇ ਅਤੇ ਉਹ ਕਾਨੂੰਨ ਅਨੁਸਾਰ ਉਸ ਵਿੱਚ ਸ਼ਾਮਲ ਹੋਣਗੇ।

ਮੰਗ ਪੱਤਰ ਦੀਆਂ ਕਾਪੀਆਂ ਸਥਾਨਕ ਸਰਕਾਰਾਂ ਦੇ ਮੰਤਰੀ, ਡਿਪਟੀ ਕਮਿਸ਼ਨਰ ਰੂਪਨਗਰ ਨੂੰ ਵੀ ਭੇਜੀਆਂ ਗਈਆਂ ਹਨ। ਇਸ ਮੌਕੇ ਸ਼ਹਿਰੀ ਕਾਂਗਰਸ ਮੋਰਿੰਡਾ ਦੇ ਪ੍ਰਧਾਨ ਰਾਹੁਲ ਸ਼ਰਮਾ ਨਗਰ ਕੌਂਸਲ ਮੋਰਿੰਡਾ ਦੇ ਸਾਬਕਾ ਪ੍ਰਧਾਨ ਰਕੇਸ਼ ਕੁਮਾਰ ਬੱਗਾ ਵੀ ਹਾਜ਼ਰ ਸਨ।

# ਸੀਟੀ ਯੂਨੀਵਰਸਿਟੀ ਦਾ NIRMAAN 2026 ਸ਼ਾਨਦਾਰ ਸਮਾਪਤੀ ਨਾਲ ਸੰਪੰਨ



ਲੁਧਿਆਣਾ, 11 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਸੀਟੀ ਯੂਨੀਵਰਸਿਟੀ ਦਾ ਪੰਜ ਦਿਨਾਂ ਦਾ ਓਰੀਐਂਟੇਸ਼ਨ ਫੈਸਟੀਵਲ NIRMAAN 2026 ਸ਼ਾਨਦਾਰ ਸਮਾਪਤੀ ਨਾਲ ਸੰਪੰਨ ਹੋ ਗਿਆ। ਸਮਾਗਮ ਦੌਰਾਨ ਹਜ਼ਾਰਾਂ ਨਵੇਂ ਵਿਦਿਆਰਥੀਆਂ ਦਾ ਸਵਾਗਤ ਕੀਤਾ ਗਿਆ ਅਤੇ ਉਨ੍ਹਾਂ ਨੂੰ ਯੂਨੀਵਰਸਿਟੀ ਦੇ ਅਕਾਦਮਿਕ ਮਾਹੌਲ ਨਾਲ ਜਾਣੂ ਕਰਵਾਇਆ ਗਿਆ।

ਫੈਸਟੀਵਲ ਦੀਆਂ ਮੁੱਖ ਖਾਸੀਅਤਾਂ ਵਿੱਚ ਕਾਮੇਡੀਅਨ ਪਰਵਿੰਦਰ ਸਿੰਘ ਅਤੇ ਯਾਰ ਜਿਗਰੀ ਕਸੂਤੀ ਡਿਗਰੀ ਦੀ ਸਟਾਰ ਕਾਸਟ ਦੀ ਪੇਸ਼ਕਾਰੀ, ਪੰਜਾਬੀ ਗਾਇਕ ਗੁਲਾਬ ਸਿੱਧੂ, ਆਦੀ ਅਤੇ ਗੁਰਮਾਨ ਦਾ ਲਾਈਵ ਕਨਸਰਟ, ਗਗਨ ਕੋਕਰੀ ਦੀ ਪ੍ਰੇਰਣਾਦਾਇਕ ਫਾਇਰਸਾਈਡ ਚੈਟ ਅਤੇ ਆਖਰੀ ਦਿਨ ਦ ਮਿਰਜ਼ਾ ਬੈਂਡ ਦੀ ਸ਼ਾਨਦਾਰ ਲਾਈਵ ਪਰਫਾਰਮੈਂਸ ਸ਼ਾਮਲ ਰਹੀ।

ਚਾਂਸਲਰ ਸ. ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ NIRMAAN ਵਿਦਿਆਰਥੀਆਂ ਦੀ ਨਵੀਂ ਯਾਤਰਾ ਦੀ ਸ਼ੁਰੂਆਤ ਹੈ, ਜਦਕਿ ਪ੍ਰੋ-ਚਾਂਸਲਰ ਡਾ. ਮਨਬੀਰ ਸਿੰਘ ਨੇ ਇਸ ਨੂੰ ਨੌਜਵਾਨਾਂ ਦੇ ਸਰਵਪੱਖੀ ਵਿਕਾਸ ਅਤੇ ਆਤਮਵਿਸ਼ਵਾਸ ਨੂੰ ਮਜ਼ਬੂਤ ਕਰਨ ਵਾਲਾ ਮੰਚ ਕਰਾਰ ਦਿੱਤਾ। ਸਮਾਗਮ ਵਿੱਚ ਯੂਨੀਵਰਸਿਟੀ ਦੇ ਸੀਨੀਅਰ ਅਧਿਕਾਰੀਆਂ ਦੀ ਹਾਜ਼ਰੀ ਰਹੀ।

# ਪਟਿਆਲਾ ਦੇ ਪਿੰਡ ਜੱਸੋਵਾਲ ਅਤੇ ਹਿਰਦਾਪੁਰ ਵਿੱਚ ਦਿਖਾਈ ਗਈ ਸ੍ਰੀ ਗੁਰੂ ਰਵਿਦਾਸ ਜੀ ਦੀ ਵਿਸ਼ੇਸ਼ ਦਸਤਾਵੇਜ਼ੀ

ਪਟਿਆਲਾ, 11 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਚਲਾਈ ਜਾ ਰਹੀ ਵਿਸ਼ੇਸ਼ ਡਾਕੂਮੈਂਟਰੀ ਮੁਹਿੰਮ ਤਹਿਤ ਪਟਿਆਲਾ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਵਿੱਚ ਐਲ.ਈ.ਡੀ. ਸਕਰੀਨਾਂ ਰਾਹੀਂ 30 ਮਿੰਟ ਦੀ ਦਸਤਾਵੇਜ਼ੀ ਦਿਖਾਈ ਗਈ। ਪਟਿਆਲਾ ਦੇ ਪਿੰਡ ਜੱਸੋਵਾਲ ਅਤੇ ਹਿਰਦਾਪੁਰ ਵਿੱਚ ਵੱਡੀ ਗਿਣਤੀ ਵਿੱਚ ਲੋਕਾਂ ਨੇ ਇਸ ਦਾ ਲਾਹਾ ਲਿਆ।

ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਤਿਆਰ ਕੀਤੀ ਗਈ ਇਹ ਦਸਤਾਵੇਜ਼ੀ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ ਜੀਵਨ, ਫਲਸਫ਼ੇ ਅਤੇ ਸਮਾਨਤਾ, ਸਮਾਜਿਕ ਨਿਆਂ, ਪ੍ਰਭੂ ਭਗਤੀ ਅਤੇ ਸਰਬ ਸਾਂਝੀਵਾਲਤਾ ਦੇ ਸੰਦੇਸ਼ ਨੂੰ ਲੋਕਾਂ ਤੱਕ ਪਹੁੰਚਾਉਣ ਦਾ ਮਹੱਤਵਪੂਰਨ ਉਪਰਾਲਾ ਹੈ। ਇਸ ਮੁਹਿੰਮ ਤਹਿਤ ਜ਼ਿਲ੍ਹੇ ਦੇ ਹਰੇਕ ਪਿੰਡ ਵਿੱਚ ਇਹ ਦਸਤਾਵੇਜ਼ੀ ਦਿਖਾਈ ਜਾ ਰਹੀ ਹੈ ਤਾਂ ਜੋ ਖ਼ਾਸ ਕਰਕੇ ਨੌਜਵਾਨ ਪੀੜ੍ਹੀ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਤੋਂ ਜਾਣੂ ਹੋ ਸਕੇ।

ਦਸਤਾਵੇਜ਼ੀ ਦੇਖਣ ਉਪਰੰਤ ਪਿੰਡ ਵਾਸੀਆਂ ਨੇ ਪੰਜਾਬ ਸਰਕਾਰ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਨੂੰ ਸੱਚੀ ਸ਼ਰਧਾਂਜਲੀ ਹੈ। ਪਿੰਡ ਵਾਸੀਆਂ ਨੇ ਕਿਹਾ ਕਿ ਗੁਰੂ ਸਾਹਿਬ ਦਾ ਸਮਾਨਤਾ, ਭਾਈਚਾਰੇ ਅਤੇ ਭੇਦਭਾਵ ਰਹਿਤ ਸਮਾਜ ਦਾ ਸੰਦੇਸ਼ ਅੱਜ ਵੀ ਉਤਨਾ ਹੀ ਪ੍ਰਸੰਗਿਕ ਹੈ ਅਤੇ ਅਜਿਹੀਆਂ ਪਹਿਲਕਦਮੀਆਂ ਨਵੀਂ ਪੀੜ੍ਹੀ ਨੂੰ ਉਨ੍ਹਾਂ ਦੇ ਆਦਰਸ਼ਾਂ ਨਾਲ ਜੋੜਨ ਵਿੱਚ ਅਹਿਮ ਭੂਮਿਕਾ ਨਿਭਾਉਣਗੀਆਂ।

ਇਸ ਮੌਕੇ ਪਿੰਡਾਂ ਦੇ ਪੰਚਾਇਤੀ ਨੁਮਾਇੰਦੇ, ਸਮਾਜ ਸੇਵੀ, ਧਾਰਮਿਕ ਸ਼ਖ਼ਸੀਅਤਾਂ ਅਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ।

# ਜਿਮਖਾਨਾ ਕਲੱਬ ਦੀਆਂ ਚੋਣਾਂ 'ਚ ਬਣਦਾ ਦਿਸ ਰਿਹਾ ਹੈ ਥਰਡ ਫਰੰਟ, ਮੁਕਾਬਲਾ ਦਿਲਚਸਪ ਹੋਣ ਦੇ ਆਸਾਰ

**ਕੌਮੀ ਪਤ੍ਰਿਕਾ**

ਜਲੰਧਰ 11 ਅਗਸਤ। 23 ਅਗਸਤ ਨੂੰ ਹੋਣ ਜਾ ਰਹੀਆਂ ਜਲੰਧਰ ਜਿਮਖਾਨਾ ਕਲੱਬ ਦੀਆਂ ਚੋਣਾਂ ਇਸ ਵਾਰ ਕਈ ਪੱਖਾਂ ਤੋਂ ਵੱਖਰੀਆਂ ਨਜ਼ਰ ਆ ਰਹੀਆਂ ਹਨ। ਪਿਛਲੇ ਕਈ ਸਾਲਾਂ ਤੋਂ ਕਲੱਬ ਦੀਆਂ ਚੋਣਾਂ ਦੋ ਪ੍ਰਮੁੱਖ ਗਰੁੱਪਾਂ ਪ੍ਰੋਗਰੈਸਿਵ ਅਤੇ ਅਚੀਵਰਜ਼ ਦੇ ਵਿਚਕਾਰ ਹੀ ਹੁੰਦੀਆਂ ਰਹੀਆਂ ਹਨ। ਕਦੇ ਜਿੱਤ ਪ੍ਰੋਗਰੈਸਿਵ ਗਰੁੱਪ ਦੇ ਖ਼ਾਤੇ ਵਿਚ ਜਾਂਦੀ ਹੈ ਤਾਂ ਕਦੇ ਅਚੀਵਰਜ਼ ਗਰੁੱਪ ਬਾਜ਼ੀ ਮਾਰ ਲੈਂਦਾ ਹੈ। ਹਾਲਾਂਕਿ ਹਰ ਚੋਣ ਵਿਚ ਦੋਵੇਂ ਗਰੁੱਪ ਆਪਣੇ ਉਮੀਦਵਾਰ ਬਦਲਦੇ ਰਹੇ ਹਨ। ਇਸ ਵਾਰ ਅਚੀਵਰਜ਼ ਗਰੁੱਪ ਨੇ ਸਭ ਤੋਂ ਪਹਿਲਾਂ ਆਪਣੇ ਉਮੀਦਵਾਰਾਂ ਦਾ ਐਲਾਨ ਕਰ ਕੇ ਚੋਣ ਮਾਹੌਲ ਵਿਚ ਲੀਡ ਬਣਾ ਲਈ ਹੈ। ਇੰਨਾ ਹੀ ਨਹੀਂ, ਇਸ ਕਦਮ ਨਾਲ ਪ੍ਰੋਗਰੈਸਿਵ ਗਰੁੱਪ ਵੀ ਬੈਕਫੁੱਟ 'ਤੇ ਆ ਗਿਆ ਹੈ। ਪਿਛਲੇ ਚਾਰ ਸਾਲਾਂ ਤੋਂ ਲਗਾਤਾਰ ਸੈਕ੍ਰੇਟਰੀ ਰਹੇ ਸੰਦੀਪ ਬਹਿਲ ਦੀ ਅਗਵਾਈ ਵਾਲਾ ਪ੍ਰੋਗਰੈਸਿਵ ਗਰੁੱਪ ਇਸ ਵਾਰ ਚੋਣ ਮੈਦਾਨ ਵਿਚ ਆਪਣੇ ਉਮੀਦਵਾਰ ਉਤਾਰਨ ਤੋਂ ਪਿੱਛੇ ਹਟ ਗਿਆ ਹੈ। ਇਸ ਵਾਰ ਅਚੀਵਰਜ਼ ਗਰੁੱਪ ਨੇ ਸੈਕ੍ਰੇਟਰੀ ਅਹੁਦੇ ਲਈ ਅਮਿਤ ਕੁਕਰੇਜਾ, ਵਾਈਸ ਪ੍ਰੈਜ਼ੀਡੈਂਟ ਲਈ ਧੀਰਜ ਸੇਠ, ਜੁਆਇੰਟ ਸੈਕ੍ਰੇਟਰੀ ਲਈ ਹਰਪ੍ਰੀਤ ਸਿੰਘ ਗੋਲਡੀ ਅਤੇ ਕੈਸ਼ੀਅਰ ਅਹੁਦੇ ਲਈ ਸੌਰਭ ਖੁੱਲਰ ਦੇ ਨਾਵਾਂ ਦਾ ਪਹਿਲਾਂ ਹੀ ਐਲਾਨ ਕਰ ਦਿੱਤਾ ਹੈ। ਗਰੁੱਪ ਦੀ ਕੋਸ਼ਿਸ਼ ਹੈ ਕਿ ਇਨ੍ਹਾਂ ਚਾਰੇ ਅਹੁਦਿਆਂ 'ਤੇ ਸਰਬਸੰਮਤੀ ਬਣ ਜਾਵੇ ਅਤੇ ਇਨ੍ਹਾਂ ਦੇ ਉਮੀਦਵਾਰ ਬਿਨਾਂ ਮੁਕਾਬਲਾ ਚੁਣੇ ਜਾਣ। ਦੱਸਿਆ ਜਾ ਰਿਹਾ ਹੈ ਕਿ ਪ੍ਰੋਗਰੈਸਿਵ ਗਰੁੱਪ ਵੀ ਇਸ ਪ੍ਰਸਤਾਵ 'ਤੇ ਲਗਭਗ ਸਹਿਮਤ ਹੋ ਚੁੱਕਾ ਹੈ ਅਤੇ ਉਸ ਨੇ ਇਨ੍ਹਾਂ ਅਹੁਦਿਆਂ 'ਤੇ ਆਪਣੇ ਉਮੀਦਵਾਰ ਨਹੀਂ ਉਤਾਰੇ ਹਨ। ਪਰ ਹੁਣ ਚੋਣ ਤਸਵੀਰ ਬਦਲਦੀ ਨਜ਼ਰ ਆ ਰਹੀ ਹੈ। ਕਲੱਬ ਦੇ ਅੰਦਰ ਇਕ 'ਥਰਡ ਫਰੰਟ' ਦੇ ਗਠਨ ਦੀਆਂ ਚਰਚਾਵਾਂ ਤੇਜ਼ ਹੋ ਗਈਆਂ ਹਨ। ਜਾਣਕਾਰੀ ਅਨੁਸਾਰ ਕਈ ਮੈਂਬਰ ਸਰਬਸੰਮਤੀ ਦੇ ਪੱਖ ਵਿਚ ਨਹੀਂ ਹਨ ਅਤੇ ਉਹ ਚੋਣਾਂ ਨੂੰ ਲੋਕਤੰਤਰੀ ਤਰੀਕੇ ਨਾਲ ਕਰਵਾਉਣ ਦੇ ਪੱਖ 'ਚ ਹਨ।



ਸੂਤਰਾਂ ਮੁਤਾਬਕ ਸਾਬਕਾ ਸੈਕ੍ਰੇਟਰੀ ਐਡਵੋਕੇਟ ਦਲਜੀਤ ਸਿੰਘ ਛਾਬੜਾ ਅਤੇ ਸਾਬਕਾ ਜੂਨੀਅਰ ਵਾਈਸ ਪ੍ਰੈਜ਼ੀਡੈਂਟ ਗੁਲਸ਼ਨ ਸ਼ਰਮਾ ਇਸ ਥਰਡ ਫਰੰਟ ਦੀ ਅਗਵਾਈ ਕਰ ਰਹੇ ਹਨ। ਇੰਜੀਨੀਅਰ ਵਿਜੇ ਸਹਿਦੇਵ ਪਹਿਲਾਂ ਹੀ ਸਰਬਸੰਮਤੀ ਦੇ ਮੁੱਦੇ ਨੂੰ ਲੈ ਕੇ ਸੈਕ੍ਰੇਟਰੀ ਅਹੁਦੇ ਦੇ ਉਮੀਦਵਾਰ ਬਣਨ ਦਾ ਐਲਾਨ ਕਰ ਚੁੱਕੇ ਹਨ, ਜਦੋਂ ਕਿ ਪ੍ਰੋਗਰੈਸਿਵ ਗਰੁੱਪ ਦੀ ਅਨੁ ਮਾਟਾ ਵੀ ਜੁਆਇੰਟ ਸੈਕ੍ਰੇਟਰੀ ਅਹੁਦੇ ਲਈ ਚੋਣ ਮੈਦਾਨ ਵਿਚ ਉਤਰ ਚੁੱਕੀ ਹੈ। ਥਰਡ ਫਰੰਟ ਦਾ ਪਹਿਲਾ ਯਤਨ ਅਚੀਵਰਜ਼ ਵੱਲੋਂ ਐਲਾਨੇ ਵਾਈਸ ਪ੍ਰੈਜ਼ੀਡੈਂਟ ਅਹੁਦੇ ਦੇ ਉਮੀਦਵਾਰ ਧੀਰਜ ਸੇਠ ਵਿਰੁੱਧ ਤਕੜਾ ਅਤੇ ਤਜਰਬੇਕਾਰ ਉਮੀਦਵਾਰ ਉਤਾਰਨਾ ਹੈ, ਜਿਸ ਨੂੰ ਲੈ ਕੇ ਅੱਜ ਕਈ ਕਿੰਗ ਮੇਕਰਾਂ ਵਿਚਕਾਰ ਮਸ਼ਵਰਾ ਵੀ ਹੋਇਆ। ਥਰਡ ਫਰੰਟ ਦੇ ਇਕ ਬੁਲਾਰੇ ਨੇ ਦੱਸਿਆ ਕਿ ਧੀਰਜ ਸੇਠ ਲੰਬੇ ਸਮੇਂ ਤੋਂ ਕਲੱਬ ਦੀ ਰਾਜਨੀਤੀ ਤੋਂ ਲਗਭਗ ਗੈਰ-ਹਾਜ਼ਰ ਜਿਹੇ ਚੱਲ ਰਹੇ ਹਨ, ਇਸ ਲਈ ਉਨ੍ਹਾਂ ਨੂੰ ਚੁਣੌਤੀ ਦੇਣਾ ਬਾਕੀਆਂ ਦੇ ਮੁਕਾਬਲੇ ਆਸਾਨ ਹੈ। ਹੁਣ ਇਹ ਦੇਖਣਾ ਦਿਲਚਸਪ ਹੋਵੇਗਾ ਕਿ ਆਉਣ ਵਾਲੇ ਦਿਨਾਂ ਵਿਚ ਇਹ ਤੀਜਾ ਮੋਰਚਾ ਕਿੰਨਾ ਮਜ਼ਬੂਤ ਹੁੰਦਾ ਹੈ ਅਤੇ ਕਿਹੜੇ-ਕਿਹੜੇ ਨਵੇਂ ਉਮੀਦਵਾਰ ਮੈਦਾਨ ਵਿਚ ਉਤਰ ਕੇ ਪਹਿਲਾਂ ਤੋਂ ਐਲਾਨੇ ਉਮੀਦਵਾਰਾਂ ਨੂੰ ਚੁਣੌਤੀ ਦਿੰਦੇ ਹਨ। ਫਿਲਹਾਲ ਜਿਮਖਾਨਾ ਕਲੱਬ ਦੇ ਚੋਣ ਸਮੀਕਰਨ ਤੇਜ਼ੀ ਨਾਲ ਬਦਲਦੇ ਨਜ਼ਰ ਆ ਰਹੇ ਹਨ। ਜਲੰਧਰ ਜਿਮਖਾਨਾ ਕਲੱਬ ਦੀਆਂ ਚੋਣਾਂ 23 ਅਗਸਤ ਨੂੰ ਹੋਣੀਆਂ ਹਨ ਪਰ ਹੁਣ ਤੱਕ ਚੋਣਾਂ ਦਾ ਅਧਿਕਾਰਤ ਸ਼ਡਿਊਲ ਜਾਰੀ ਨਹੀਂ ਹੋ ਸਕਿਆ ਹੈ। ਚੋਣਾਂ ਵਿਚ ਹੁਣ ਸਿਰਫ਼ 16-17 ਦਿਨ ਦਾ ਸਮਾਂ ਬਚਿਆ ਹੈ, ਅਜਿਹੇ ਵਿਚ ਮੈਂਬਰਾਂ ਵਿਚ ਚੋਣ ਪ੍ਰਕਿਰਿਆ ਨੂੰ ਲੈ ਕੇ ਉਤਸੁਕਤਾ ਵਧਦੀ ਜਾ ਰਹੀ ਹੈ। ਚੋਣਾਂ ਵਿਚ ਵੋਟ ਪਾਉਣ ਲਈ ਕਲੱਬ ਮੈਂਬਰਾਂ ਨੂੰ ਪਹਿਲਾਂ ਆਪਣੇ ਬਕਾਇਆ ਬਕਾਏ ਜਮ?ਹਾ ਕਰਵਾ ਕੇ ਵੋਟਰ ਬਣਨਾ ਪਵੇਗਾ। ਇਸ ਲਈ ਕਲੱਬ ਪ੍ਰਬੰਧਨ ਨੂੰ ਮੈਂਬਰਾਂ ਨੂੰ ਕੁਝ ਦਿਨਾਂ ਦਾ ਸਮਾਂ ਦੇਣਾ ਪਵੇਗਾ। ਇਸ ਤੋਂ ਬਾਅਦ ਨਾਮਜ਼ਦਗੀ ਪੱਤਰ ਭਰਨ, ਉਨ੍ਹਾਂ ਦੀ ਪੜਤਾਲ, ਨਾਂ ਵਾਪਸ ਲੈਣ ਅਤੇ ਵੋਟਿੰਗ ਵਰਗੀਆਂ ਪ੍ਰਕਿਰਿਆਵਾਂ ਲਈ ਵੀ ਵੱਖ-ਵੱਖ ਦਿਨ ਤੈਅ ਕਰਨੇ ਪੈਣਗੇ। ਅਜਿਹੇ ਵਿਚ ਚੋਣ ਪ੍ਰੋਗਰਾਮ ਜਲਦੀ ਜਾਰੀ ਕੀਤਾ ਜਾਣਾ ਜ਼ਰੂਰੀ ਮੰਨਿਆ ਜਾ ਰਿਹਾ ਹੈ। ਚੋਣ ਸ਼ਡਿਊਲ ਨੂੰ ਅੰਤਿਮ ਰੂਪ ਦੇਣ ਲਈ ਬੁੱਧਵਾਰ ਨੂੰ ਰਿਟਰਨਿੰਗ ਅਫਸਰ ਸ਼ੁਭੀ ਆਂਗਰਾ ਨੇ ਆਨਰੇਰੀ ਸੈਕ੍ਰੇਟਰੀ ਤੇਜਦੀਪ ਸਿੰਘ ਸੈਣੀ ਅਤੇ ਐਡਹਾਕ ਕਮੇਟੀ ਦੇ ਮੈਂਬਰਾਂ ਨਾਲ ਮੀਟਿੰਗ ਕੀਤੀ। ਮੀਟਿੰਗ ਵਿਚ ਚੋਣ ਪ੍ਰਕਿਰਿਆ ਨੂੰ ਲੈ ਕੇ ਚਰਚਾ ਜ਼ਰੂਰ ਹੋਈ, ਪਰ ਸੂਤਰਾਂ ਦਾ ਕਹਿਣਾ ਹੈ ਕਿ ਕਲੱਬ ਦੀਆਂ ਚੋਣਾਂ ਕਰਵਾਉਣ ਵਿਚ ਐਡਹਾਕ ਕਮੇਟੀ ਦੀ ਕੋਈ ਰਸਮੀ ਭੂਮਿਕਾ ਨਹੀਂ ਹੁੰਦੀ। ਐਡਹਾਕ ਕਮੇਟੀ ਦਾ ਮੁੱਖ ਕੰਮ ਕਲੱਬ ਦੇ ਰੋਜ਼ਾਨਾ ਦੇ ਪ੍ਰਸ਼ਾਸਕੀ ਕੰਮਕਾਜ ਨੂੰ ਸੰਭਾਲਣਾ ਹੈ, ਜਦੋਂ ਕਿ ਚੋਣਾਂ ਨਾਲ ਜੁੜੇ ਸਾਰੇ ਫੈਸਲੇ ਰਿਟਰਨਿੰਗ ਅਫਸਰ ਦੇ ਅਧਿਕਾਰ ਖੇਤਰ ਵਿਚ ਆਉਂਦੇ ਹਨ। ਹੁਣ ਕਲੱਬ ਦੇ ਮੈਂਬਰਾਂ ਦੀ ਨਜ਼ਰ ਚੋਣ ਸ਼ਡਿਊਲ 'ਤੇ ਟਿਕੀ ਹੋਈ ਹੈ। ਮੰਨਿਆ ਜਾ ਰਿਹਾ ਹੈ ਕਿ ਅਗਲੇ ਇਕ-ਦੋ ਦਿਨਾਂ ਵਿਚ ਪ੍ਰੋਗਰਾਮ ਜਾਰੀ ਹੋਣ ਤੋਂ ਬਾਅਦ ਚੋਣ ਗਤੀਵਿਧੀਆਂ ਪੂਰੀ ਤਰ੍ਹਾਂ ਤੇਜ਼ ਹੋ ਜਾਣਗੀਆਂ। ਮੀਟਿੰਗ ਵਿਚ ਐਡਹਾਕ ਕਮੇਟੀ ਦੇ ਮੈਂਬਰ ਪੀ. ਸੀ. ਐੱਸ. ਅਧਿਕਾਰੀ ਆਦਿਤਿਆ ਗੁਪਤਾ, ਪਰਵੀਨ ਗੁਪਤਾ, ਅਮਰਜੀਤ ਸਿੰਘ ਰਾਣਾ, ਕਨਵ ਨੰਦਾ, ਸੁਭਾਸ਼ ਸ਼ਰਮਾ, ਜਸਪ੍ਰੀਤ ਸਿੰਘ ਗੁੱਲੂ ਅਤੇ ਸਮੀਰ ਮਰਵਾਹਾ ਗੋਲਡੀ ਮੌਜੂਦ ਰਹੇ।

## ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋਏ ਉੱਤਰ ਪ੍ਰਦੇਸ਼ ਘੱਟਗਿਣਤੀ ਕਮਿਸ਼ਨ ਦੇ ਮੈਂਬਰ ਪਰਮਿੰਦਰ ਸਿੰਘ

ਅੰਮ੍ਰਿਤਸਰ 11 ਅਗਸਤ। ਉੱਤਰ ਪ੍ਰਦੇਸ਼ ਸਿੱਖ ਗੁਰਦੁਆਰਾ ਕੋਆਰਡੀਨੇਟਰ ਕਮੇਟੀ ਦੇ ਚੇਅਰਮੈਨ ਤੇ ਘਟਗਿਣਤੀ ਕਮਿਸ਼ਨ ਦੇ ਮੈਂਬਰ ਪਰਮਿੰਦਰ ਸਿੰਘ ਨੇ ਪਰਿਵਾਰ ਨਾਲ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋ ਕੇ ਗੁਰੂ ਸਾਹਿਬ ਪ੍ਰਤੀ ਸ਼ਰਧਾ ਪ੍ਰਗਟਾਈ। ਸ਼੍ਰੋਮਣੀ ਕਮੇਟੀ ਦਫ਼ਤਰ ਆਉਣ 'ਤੇ ਉਨ੍ਹਾਂ ਨੂੰ ਸ਼?ਰੋਮਣੀ ਕਮੇਟੀ ਦੇ ਮੈਂਬਰ ਗੁਰਮੀਤ ਸਿੰਘ ਬੂਹ, ਭਾਈ ਅਜੈਬ ਸਿੰਘ ਅਭਿਆਸੀ, ਓਐਸਡੀ ਸਤਬੀਰ ਸਿੰਘ ਧਾਮੀ, ਸਕੱਤਰ ਬਲਵਿੰਦਰ ਸਿੰਘ ਕਾਹਲਵਾਂ ਤੇ ਗੁਰਿੰਦਰ ਸਿੰਘ ਮਥਰੇਵਾਲ ਨੇ



ਗੁਰੂ ਬਖ਼ਸ਼ਿਸ਼ ਸਿਰੋਪਾਓ ਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਤਸਵੀਰ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ ਨੇ ਕਿਹਾ ਕਿ ਸ਼?ਰੋਮਣੀ ਕਮੇਟੀ ਵੱਲੋਂ ਉੱਤਰ ਪ੍ਰਦੇਸ਼ ਅੰਦਰ ਕੀਤੇ ਜਾਂਦੇ ਧਰਮ ਪ੍ਰਚਾਰ ਕਾਰਜਾਂ ਅਤੇ ਖ਼ਾਸਕਰ ਨਗਰ ਕੀਰਤਨ ਸਮੇਂ ਪਰਮਿੰਦਰ ਸਿੰਘ ਨੇ ਹਮੇਸ਼ਾ ਵੱਡਾ ਸਹਿਯੋਗ ਕੀਤਾ ਹੈ। ਸਿੱਖ ਸੰਗਤਾਂ ਨਾਲ ਤਾਲਮੇਲ ਕਰਕੇ ਇਨ੍ਹਾਂ ਵੱਲੋਂ ਗੁਰਮਤਿ ਸਮਾਗਮਾਂ ਨੂੰ ਸਫ਼ਲ ਕਰਨ ਵਿਚ ਹਮੇਸ਼ਾ ਮੋਹਰੀ ਭੂਮਿਕਾ ਨਿਭਾਈ ਹੈ। ਉਨ੍ਹਾਂ ਪਰਮਿੰਦਰ ਸਿੰਘ ਅਤੇ ਉਨ੍ਹਾਂ ਦੇ ਪਰਿਵਾਰ ਪਾਸੋਂ ਇਸੇ ਤਰ੍ਹਾਂ ਸਹਿਯੋਗ ਕਰਦੇ ਰਹਿਣ ਦੀ ਆਸ ਪ੍ਰਗਟਾਈ। ਇਸ ਮੌਕੇ ਪਰਮਿੰਦਰ ਸਿੰਘ ਨੇ ਮਿਲੇ ਸਨਮਾਨ ਲਈ ਸ਼੍ਰੋਮਣੀ ਕਮੇਟੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਿੱਖਾਂ ਦੀ ਸਿਰਮੌਰ ਸੰਸਥਾ ਜਿਥੇ ਵੱਖ-ਵੱਖ ਸੂਬਿਆਂ ਵਿਚ ਧਰਮ ਪ੍ਰਚਾਰ ਕਾਰਜ ਕਰ ਰਹੀ ਹੈ, ਉਥੇ ਹੀ ਉੱਤਰ ਪ੍ਰਦੇਸ਼ ਵਿਚ ਵੀ ਸੰਗਤਾਂ ਨੂੰ ਸਿੱਖੀ ਨਾਲ ਜੋੜਨ ਦੇ ਵਿਸ਼ੇਸ਼ ਯਤਨ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਪਰਿਵਾਰ ਨਾਲ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਕੇ ਉਹ ਵਡਭਾਗਾ ਮਹਿਸੂਸ ਕਰਦੇ ਹਨ।

# ਜਲੰਧਰ 'ਚ ਸਕੂਲ ਦੀਆਂ ਕੰਧਾਂ 'ਤੇ ਲਿਖੇ ਮਿਲੇ ਖਾਲਿਸਤਾਨੀ ਨਾਅਰੇ ! ਪੰਨੂ ਨੇ ਲਈ ਜ਼ਿੰਮੇਵਾਰੀ

ਜਲੰਧਰ 11 ਅਗਸਤ। ਥਾਣਾ ਨਕੋਦਰ ਦੇ ਅਧੀਨ ਆਉਂਦੇ ਪਿੰਡ ਦੇ ਸਰਕਾਰੀ ਮਿਡਲ ਸਕੂਲ ਕੋਟਲਾ ਹੇਰਾਂ ਦੀ ਕੰਧ 'ਤੇ ਖਾਲਿਸਤਾਨੀ ਨਾਅਰੇ ਲਿਖੇ ਮਿਲੇ ਅਤੇ ਪ੍ਰਿੰਸੀਪਲ ਦੇ ਦਫ਼ਤਰ ਦੇ ਬਾਹਰ ਖਾਲਿਸਤਾਨੀ ਝੰਡਾ ਲਹਿਰਾਇਆ ਗਿਆ। ਪਾਬੰਦੀਸ਼ੁਦਾ ਵੱਖਵਾਦੀ ਸੰਗਠਨ ਸਿੱਖਸ ਫਾਰ ਜਸਟਿਸ (ਐੱਸ. ਐੱਫ. ਜੇ) ਦੇ ਇਕ ਪ੍ਰਮੁੱਖ ਅੱਤਵਾਦੀ ਗੁਰਪਤਵੰਤ ਸਿੰਘ ਪੰਨੂ ਨੇ ਇਕ ਵੀਡੀਓ ਵਿੱਚ ਇਹ ਦਾਅਵਾ ਕੀਤਾ। ਉਥੇ ਹੀ ਡੀ. ਐੱਸ. ਪੀ. ਓਂਕਾਰ ਬਰਾੜ ਨੇ ਦੱਸਿਆ ਕਿ ਉਨ੍ਹਾਂ ਨੂੰ ਸੋਸ਼ਲ ਮੀਡੀਆ ਰਾਹੀਂ ਜਾਣਕਾਰੀ ਮਿਲੀ। ਫਿਰ ਉਹ ਆਪਣੀ ਟੀਮ ਨਾਲ ਮੌਕੇ 'ਤੇ ਪਹੁੰਚੇ। ਪੁਲਸ ਨੇ ਪੂਰੀ ਜਾਂਚ ਕੀਤੀ ਅਤੇ ਸਕੂਲ 'ਚ ਕੋਈ ਝੰਡਾ ਨਹੀਂ ਮਿਲਿਆ। ਹਾਲਾਂਕਿ ਕੰਧ 'ਤੇ ''ਖਾਲਿਸਤਾਨ ਜ਼ਿੰਦਾਬਾਦ ਦੇ ਨਾਅਰੇ ਲਿਖੇ ਹੋਏ ਮਿਲੇ। ਇਸ ਮਾਮਲੇ ਨੂੰ ਲੈ ਕੇ ਕੰਧ 'ਤੇ ਕਾਲਖ ਲਗਾ ਕੇ ਹਟਾ ਦਿੱਤਾ ਗਿਆ ਹੈ। ਡੀ. ਐੱਸ. ਪੀ. ਨੇ ਕਿਹਾ ਕਿ ਸ਼ੁਰੂਆਤੀ ਜਾਂਚ 'ਚ ਕੋਈ ਝੰਡਾ ਬਰਾਮਦ ਨਹੀਂ ਹੋਇਆ, ਹਾਲਾਂਕਿ ਸੋਸ਼ਲ ਮੀਡੀਆ ਜ਼ਰੀਏ ਵੀਡੀਓ 'ਚ ਝੰਡਾ ਵਿਖਾਇਆ ਗਿਆ। ਡੀ. ਐੱਸ. ਪੀ. ਨੇ ਕਿਹਾ ਕਿ ਘਟਨਾ ਨੂੰ ਗੰਭੀਰਤਾ ਨਾਲ ਲਿਆ ਗਿਆ ਹੈ ਅਤੇ ਐੱਫ. ਆਈ. ਆਰ. ਦਰਜ ਕੀਤੀ ਗਈ ਹੈ। ਉਨ੍ਹਾਂ ਅੱਗੇ ਕਿਹਾ ਕਿ 15 ਅਗਸਤ ਨੂੰ ਆਜ਼ਾਦੀ ਦਿਵਸ ਬਹੁਤ ਉਤਸ਼ਾਹ ਨਾਲ ਮਨਾਇਆ ਜਾਵੇਗਾ। ਪੁਲਸ ਪੂਰੀ ਤਰ੍ਹਾਂ ਚੌਕਸ ਹੈ ਅਤੇ ਸਾਰੇ ਅਧਿਕਾਰੀਆਂ ਵੱਲੋਂ ਪੈਨੀ ਨਜ਼ਰ ਰੱਖੀ ਜਾ ਰਹੀ ਹੈ। ਉਨ੍ਹਾਂ ਅੱਗੇ ਕਿਹਾ ਕਿ ਗੁਰਪਤਵੰਤ ਪੰਨੂ ਵੱਲੋਂ ਇਕ ਵੀਡੀਓ ਜਾਰੀ ਕੀਤਾ ਗਈ ਹੈ, ਹਾਲਾਂਕਿ ਇਹ ਵੀਡੀਓ ਅਸਲੀ ਹੈ ਜਾਂ ਨਕਲੀ,



ਇਸ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ। ਮਾਮਲੇ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ ਅਤੇ ਕਿਸੇ ਵੀ ਦੋਸ਼ੀ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਪੰਨੂ ਨੇ ਕਿਹਾ ਕਿ ਆਜ਼ਾਦੀ ਦਿਵਸ ਮਨਾਉਣ ਲਈ ਸਖ਼ਤੀ ਨਾਲ ਸ਼ਾਸਨ ਕਰਨ ਵਾਲਿਆਂ 'ਤੇ ਦਬਾਅ ਨਹੀਂ ਪਾਇਆ ਜਾ ਸਕਦਾ। ਐੱਸ. ਐੱਫ. ਜੇ. ਨੇ ਘਟਨਾ ਦੀ ਇਕ ਵੀਡੀਓ ਵੀ ਜਾਰੀ ਕੀਤੀ ਹੈ, ਜਿਸ 'ਚ ਝੰਡਾ ਲਹਿਰਾਉਂਦੇ ਵਿਖਾਇਆ ਗਿਆ ਹੈ। ਐੱਸ. ਐੱਸ. ਪੀ. ਹਰਵਿੰਦਰ ਸਿੰਘ ਵਿਰਕ ਨੇ ਫਿਲਹਾਲ ਇਸ ਮਾਮਲੇ 'ਤੇ ਕੋਈ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ ਹੈ। 15 ਅਗਸਤ ਤੋਂ ਠੀਕ ਪਹਿਲਾਂ ਹੋਈ ਇਸ ਘਟਨਾ ਮਗਰੋਂ ਸੁਰੱਖਿਆ ਏਜੰਸੀਆਂ ਅਤੇ ਪੁਲਸ ਪ੍ਰਸ਼ਾਸਨ ਨੂੰ ਹਾਈ ਅਲਰਟ 'ਤੇ ਰੱਖਿਆ ਗਿਆ ਹੈ। ਪੁਲਸ ਨੇ ਅਜੇ ਤੱਕ ਇਸ ਘਟਨਾ ਦੀ ਪੁਸ਼ਟੀ ਨਹੀਂ ਕੀਤੀ ਹੈ। ਪੰਨੂ ਨੇ ਕਿਹਾ ਕਿ ਜਿੱਥੇ ਵੀ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਆਜ਼ਾਦੀ ਦਿਵਸ 'ਤੇ ਝੰਡਾ ਲਹਿਰਾਉਣਗੇ, ਉੱਥੇ ਵਿਰੋਧ ਪ੍ਰਦਰਸ਼ਨ ਕੀਤੇ ਜਾਣਗੇ।

# ਵੋਟਰ ਸੂਚੀਆਂ ਤੇ ਵੋਟਾਂ ਦੀ ਕਟੌਤੀ ਨੂੰ ਲੈ ਕੇ ਰਾਜਾ ਵੜਿੰਗ ਨੇ ਸਰਕਾਰ ਨੂੰ ਘੇਰਿਆ

**ਕੌਮੀ ਪਤ੍ਰਿਕਾ**

ਚੰਡੀਗੜ੍ਹ 11 ਅਗਸਤ। ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਵੋਟਰ ਸੂਚੀਆਂ ਅਤੇ ਕਥਿਤ ਵੋਟਾਂ ਦੀ ਕਟੌਤੀ ਨੂੰ ਲੈ ਕੇ ਆਮ ਆਦਮੀ ਪਾਰਟੀ ਅਤੇ ਆਰ. ਐੱਸ. ਐੱਸ. 'ਤੇ ਗੰਭੀਰ ਇਲਜ਼ਾਮ ਲਗਾਏ ਹਨ। ਰਾਜਾ ਵੜਿੰਗ ਨੇ ਕਾਂਗਰਸੀ ਵਰਕਰਾਂ ਨੂੰ ਬੂਥ ਪੱਧਰ 'ਤੇ ਪੂਰੀ ਚੌਕਸੀ ਰੱਖਣ ਦੀ ਅਪੀਲ ਕਰਦਿਆਂ ਕਿਹਾ ਕਿ ਵੋਟਰ ਸੂਚੀਆਂ 'ਤੇ ਨਜ਼ਰ ਰੱਖਣਾ ਬਹੁਤ ਜ਼ਰੂਰੀ ਹੈ, ਨਹੀਂ ਤਾਂ ਕਾਂਗਰਸ ਨੂੰ ਵੱਡਾ ਨੁਕਸਾਨ ਹੋ ਸਕਦਾ ਹੈ। ਰਾਜਾ ਵੜਿੰਗ ਨੇ ਕਿਹਾ ਕਿ ਜੇਕਰ ਇੱਕ ਹਜ਼ਾਰ ਵੋਟਾਂ ਪਿੱਛੇ 30-30 ਵੋਟਾਂ ਕੱਢ ਦਿੱਤੀਆਂ ਜਾਣ ਤਾਂ ਇਹ ਗਿਣਤੀ ਪੂਰੇ ਹਲਕੇ 'ਚ ਹਜ਼ਾਰਾਂ ਵੋਟਾਂ ਤੱਕ ਪਹੁੰਚ ਸਕਦੀ ਹੈ। ਉਨ੍ਹਾਂ ਚਿੰਤਾ ਜ਼ਾਹਰ ਕੀਤੀ ਕਿ ਆਰ.ਐੱਸ.ਐੱਸ. ਨਾਲ ਜੁੜੇ ਲੋਕ ਜੇਕਰ ਕਿਸੇ ਇਲਾਕੇ ਵਿੱਚ ਵੋਟਰ ਸੂਚੀਆਂ ਨਾਲ ਸਬੰਧਿਤ ਕੰਮ ਕਰਦੇ ਹਨ ਤਾਂ ਕਾਂਗਰਸੀ ਵਰਕਰਾਂ ਨੂੰ ਇਸ



'ਤੇ ਨਜ਼ਰ ਰੱਖਣੀ ਚਾਹੀਦੀ ਹੈ। ਰਾਜਾ ਵੜਿੰਗ ਨੇ ਦੋਸ਼ ਲਗਾਇਆ ਕਿ ਜੇਕਰ ਹਰ ਬੂਥ ਤੋਂ ਕੁਝ-ਕੁਝ ਵੋਟਾਂ ਕੱਟ ਦਿੱਤੀਆਂ ਗਈਆਂ ਤਾਂ ਇਸ ਦਾ ਸਿੱਧਾ ਅਸਰ ਚੋਣ ਨਤੀਜਿਆਂ 'ਤੇ ਪੈ ਸਕਦਾ ਹੈ। ਕਾਂਗਰਸ ਪ੍ਰਧਾਨ ਨੇ ਬੂਥ ਕਮੇਟੀਆਂ ਨੂੰ ਹਰ ਐਤਵਾਰ ਮੀਟਿੰਗ ਕਰਨ ਲਈ ਕਿਹਾ। ਉਨ੍ਹਾਂ ਕਿਹਾ ਕਿ 11 ਮੈਂਬਰੀ ਬੂਥ ਕਮੇਟੀ ਵੱਲੋਂ 30-30 ਵੋਟਾਂ ਦੇ ਸਮੂਹ ਬਣਾਏ ਜਾਣ ਅਤੇ ਹਰ ਸਮੂਹ ਲਈ ਇੱਕ ਬੂਥ ਸੇਵਕ ਨਿਯੁਕਤ ਕੀਤਾ ਜਾਵੇ। ਇਸ ਤਰ੍ਹਾਂ ਵਰਕਰਾਂ ਨੂੰ ਇਹ ਪਤਾ ਰਹੇਗਾ ਕਿ ਕਿਸ ਪਰਿਵਾਰ ਜਾਂ ਸਮੂਹ ਵਿੱਚ ਕਿੰਨੀਆਂ ਵੋਟਾਂ ਕਾਂਗਰਸ ਦੇ ਹੱਕ ਵਿੱਚ ਹਨ ਅਤੇ ਕਿੰਨੀਆਂ ਹੋਰ ਪਾਰਟੀਆਂ ਜਾਂ ਨਿਰਪੱਖ ਵੋਟਰਾਂ ਦੀਆਂ ਹਨ। ਰਾਜਾ ਵੜਿੰਗ ਨੇ ਕਿਹਾ ਕਿ ਨਿਰਪੱਖ ਵੋਟਰਾਂ ਨਾਲ ਲਗਾਤਾਰ ਸੰਪਰਕ ਕਰਕੇ ਉਨ੍ਹਾਂ ਨੂੰ ਕਾਂਗਰਸ ਦੇ ਹੱਕ ਵਿੱਚ ਲਿਆਂਦਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਚੋਣਾਂ ਸਿਰਫ਼ ਨਾਅਰੇ ਲਗਾਉਣ ਨਾਲ ਨਹੀਂ ਜਿੱਤੀਆਂ ਜਾਂਦੀਆਂ, ਸਗੋਂ ਹਰ ਬੂਥ 'ਤੇ ਮਜ਼ਬੂਤ ਤਿਆਰੀ, ਵੋਟਰਾਂ ਨਾਲ ਸੰਪਰਕ ਅਤੇ ਹਰ ਵੋਟ ਦੀ ਨਿਗਰਾਨੀ ਨਾਲ ਜਿੱਤ ਹਾਸਲ ਹੁੰਦੀ ਹੈ। ਰਾਜਾ ਵੜਿੰਗ ਦੇ ਇਸ ਬਿਆਨ ਨਾਲ ਪੰਜਾਬ ਦੀ ਸਿਆਸਤ ਵਿੱਚ ਵੋਟਰ ਸੂਚੀਆਂ, ਕਥਿਤ ਵੋਟ ਕਟੌਤੀ ਅਤੇ ਆਰ. ਐੱਸ. ਐੱਸ. ਦੀ ਭੂਮਿਕਾ ਨੂੰ ਲੈ ਕੇ ਨਵੀਂ ਸਿਆਸੀ ਚਰਚਾ ਛਿੜ ਗਈ ਹੈ।

# ਸਾਢੇ 4 ਸਾਲਾਂ 'ਚ 68 ਹਜ਼ਾਰ ਤੋਂ ਵੱਧ ਸਰਕਾਰੀ ਨੌਕਰੀਆਂ, ਨੌਜਵਾਨਾਂ ਲਈ ਸਾਜ਼ਗਾਰ ਮਾਹੌਲ ਸਿਰਜ ਰਹੀ ਹੈ ਮਾਨ ਸਰਕਾਰ: ਅਮਨ ਅਰੋੜਾ

**ਕੌਮੀ ਪਤ੍ਰਿਕਾ**

ਚੰਡੀਗੜ੍ਹ 11 ਅਗਸਤ। ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਨੂੰ ਘੇਰਦਿਆਂ ਪੰਜਾਬ ਦੇ ਰੁਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਅਤੇ ਉਦਯੋਗ ਤੇ ਵਣਜ ਮੰਤਰੀ ਸ੍ਰੀ ਅਮਨ ਅਰੋੜਾ ਨੇ ਕਿਹਾ ਕਿ ਸੂਬਾ ਸਰਕਾਰ ਨੇ ਪਿਛਲੇ ਸਾਢੇ ਚਾਰ ਸਾਲਾਂ ਵਿੱਚ 68000 ਤੋਂ ਵੱਧ ਸਰਕਾਰੀ ਨੌਕਰੀਆਂ ਪ੍ਰਦਾਨ ਕੀਤੀਆਂ ਹਨ ਅਤੇ 1,83,837 ਕਰੋੜ ਰੁਪਏ ਦਾ ਨਿਵੇਸ਼ ਆਕਰਸ਼ਿਤ ਕਰਨ ਦੇ ਨਾਲ-ਨਾਲ ਪ੍ਰਾਈਵੇਟ ਖੇਤਰ ਵਿੱਚ 6,36,636 ਨੌਕਰੀਆਂ ਦੇ ਮੌਕੇ ਪੈਦਾ ਕੀਤੇ ਹਨ। ਅੱਜ ਸਦਨ ਵਿੱਚ ਵਿਧਾਇਕ ਸ. ਕੁਲਦੀਪ ਸਿੰਘ ਧਾਲੀਵਾਲ ਵੱਲੋਂ ਰੁਜ਼ਗਾਰ ਦੇ ਮੌਕਿਆਂ ਬਾਰੇ ਪੇਸ਼ ਕੀਤੇ ਗਏ ਮਤੇ 'ਤੇ ਚਰਚਾ ਨੂੰ ਸਮੇਟਦਿਆਂ ਸ੍ਰੀ ਅਮਨ ਅਰੋੜਾ ਨੇ ਸਦਨ ਨੂੰ ਦੱਸਿਆ ਕਿ ਇਸ ਵੱਡੇ ਨਿਵੇਸ਼ ਪ੍ਰਵਾਹ ਨੇ ਸਿੱਧੇ ਅਤੇ ਅਸਿੱਧੇ ਤੌਰ 'ਤੇ ਨਿੱਜੀ ਖੇਤਰ ਵਿੱਚ 6.36 ਲੱਖ ਤੋਂ ਵੱਧ ਨੌਕਰੀਆਂ ਦੇ ਮੌਕੇ ਪੈਦਾ ਕੀਤੇ ਹਨ। ਉਨ੍ਹਾਂ ਨੇ ਜਾਪਾਨ ਦੀ ਪ੍ਰਮੁੱਖ ਸਟੀਲ ਕੰਪਨੀ ਆਇਚੀ ਸਟੀਲ ਦੀ ਉਦਾਹਰਣ ਦਿੱਤੀ, ਜਿਸਨੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਦੀਆਂ ਸਹੂਲਤਾਂ ਅਤੇ ਕਾਰੋਬਾਰ ਨੂੰ ਸੌਖਾਲਾ ਬਣਾਉਣ ਵਾਲੀਆਂ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਆਪਣੇ ਯੋਜਨਾਬੱਧ ਨਿਵੇਸ਼ ਨੂੰ 500 ਕਰੋੜ ਰੁਪਏ ਤੋਂ ਵਧਾ ਕੇ 1100 ਕਰੋੜ ਰੁਪਏ ਕਰ ਦਿੱਤਾ ਹੈ। ਕਾਂਗਰਸ ਦੇ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਵੱਲੋਂ ਉਸ ਦੇ ਸ਼ਾਹਕੋਟ ਵਿਧਾਨ ਸਭਾ ਹਲਕੇ ਵਿੱਚ ਕਿਸੇ ਵੀ ਵਿਅਕਤੀ ਨੂੰ ਸਰਕਾਰੀ ਨੌਕਰੀ ਨਾ ਮਿਲਣ ਦੇ ਦੋਸ਼ ਉੱਤੇ ਸ੍ਰੀ ਅਮਨ ਅਰੋੜਾ ਨੇ ਤਿੱਖੀ ਪ੍ਰਤੀਕਿਰਿਆ ਦਿੰਦਿਆਂ ਉਨ੍ਹਾਂ ਨੂੰ ਆਪਣੇ ਸ਼ਾਹਕੋਟ ਹਲਕੇ ਵਿੱਚ ਇਕੱਠ ਰੱਖਣ ਦੀ ਚੁਣੌਤੀ ਦਿੱਤੀ। ਉਨ੍ਹਾਂ ਕਿਹਾ,"ਮੈਂ ਆਵਾਂਗਾ ਅਤੇ ਅਸੀਂ ਲੋਕਾਂ ਤੋਂ ਪੁੱਛਾਂਗੇ, ਕੀ ਉਨ੍ਹਾਂ ਨੂੰ ਨੌਕਰੀਆਂ ਮਿਲੀਆਂ ਹਨ। ਜੇਕਰ ਮੈਂ ਗਲਤ ਹੋਇਆ, ਤਾਂ ਮੈਂ ਮੰਤਰੀ ਦੇ ਅਹੁਦੇ ਅਤੇ ਵਿਧਾਇਕ ਵਜੋਂ ਅਸਤੀਫਾ ਦੇ ਦਿਆਂਗਾ। ਜੇਕਰ ਮੈਂ ਸਹੀ ਹੋਇਆ ਤਾਂ ਲਾਡੀ ਨੂੰ ਅਸਤੀਫਾ ਦੇਣਾ ਪਵੇਗਾ।" ਕਾਂਗਰਸੀ ਵਿਧਾਇਕ ਲਾਡੀ ਨੇ ਇਹ ਚੁਣੌਤੀ ਨਹੀਂ ਕਬੂਲੀ ਅਤੇ ਚਰਚਾ ਛੱਡ ਕੇ ਬੈਠ ਗਿਆ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਪੰਜਾਬ ਸਰਕਾਰ ਨੇ ਸਾਰੀਆਂ ਸਰਕਾਰੀ ਨੌਕਰੀਆਂ ਬਿਨਾਂ ਕਿਸੇ ਰਿਸ਼ਵਤ ਜਾਂ ਸਿਫਾਰਸ਼ ਤੋਂ ਸਿਰਫ਼ ਯੋਗਤਾ ਦੇ ਆਧਾਰ 'ਤੇ ਦਿੱਤੀਆਂ ਹਨ। ਸ੍ਰੀ ਅਮਨ ਅਰੋੜਾ ਨੇ ਹੁਨਰ ਵਿਕਾਸ ਲਈ ਸੂਬਾ ਸਰਕਾਰ ਦੇ ਰਿਕਾਰਡ ਯਤਨਾਂ ਦਾ ਹਵਾਲਾ ਦਿੰਦਿਆਂ ਦੱਸਿਆ ਕਿ ਸੂਬੇ ਦੇ ਬਜਟ ਵਿੱਚ 75 ਸਾਲਾਂ ਵਿੱਚ ਪਹਿਲੀ ਵਾਰ ਹੁਨਰ ਵਿਕਾਸ ਮਿਸ਼ਨ ਲਈ 25 ਕਰੋੜ ਰੁਪਏ ਰੱਖੇ ਗਏ ਹਨ, ਜੋ ਕਿ ਪਿਛਲੇ ਸਾਲ 10 ਕਰੋੜ ਰੁਪਏ ਸਨ। ਉਨ੍ਹਾਂ ਦਾਅਵਾ ਕੀਤਾ ਕਿ 22 ਲੱਖ ਤੋਂ ਵੱਧ ਨੌਜਵਾਨਾਂ ਨੂੰ ਰੋਜ਼ਗਾਰ ਵਿੱਚ ਪਲੇਸਮੈਂਟ ਕੈਂਪਾਂ ਅਤੇ ਹੈਂਡਹੋਲਡਿੰਗ ਅਭਿਆਸਾਂ ਰਾਹੀਂ ਸਹੂਲਤ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਸੁਨਾਮ ਵਿੱਚ ਹਾਲ ਹੀ ਵਿੱਚ ਹੋਏ ਇੱਕ ਮੈਗਾ ਰੋਜ਼ਗਾਰ ਮੇਲੇ ਵਿੱਚ, 61 ਕੰਪਨੀਆਂ ਨੇ ਹਿੱਸਾ ਲਿਆ ਅਤੇ ਲਗਭਗ 700 ਨੌਜਵਾਨਾਂ ਨੂੰ ਮੌਕੇ 'ਤੇ ਹੀ ਨਿਯੁਕਤੀ ਪੱਤਰ ਜਾਰੀ ਕੀਤੇ। ਰੁਜ਼ਗਾਰ ਉਤਪਤੀ ਮੰਤਰੀ ਨੇ ਅੱਗੇ ਦੱਸਿਆ ਕਿ ਸੂਬਾ ਸਰਕਾਰ ਵੱਲੋਂ 100 ਕਰੋੜ ਰੁਪਏ ਦੀ ਲਾਗਤ ਨਾਲ ਸੰਗਰੂਰ ਜ਼ਿਲ੍ਹੇ ਵਿੱਚ ਵਿਸ਼ਵ ਪੱਧਰੀ ਸੰਤ ਅਤਰ ਸਿੰਘ ਮਹਾਰਾਜ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ ਸਥਾਪਤ ਕੀਤਾ ਜਾ ਰਿਹਾ ਹੈ। ਇਹ ਵਿਸ਼ਵ ਪੱਧਰ 'ਤੇ ਆਪਣੀ ਕਿਸਮ ਦਾ ਪਲੇਠਾ ਅਦਾਰਾ ਹੈ, ਜਿੱਥੇ ਹਥਿਆਰਬੰਦ ਸੈਨਾਵਾਂ ਵਿੱਚ ਅਫਸਰ ਪੱਧਰ ਦੇ ਅਹੁਦਿਆਂ ਲਈ ਸਾਲਾਨਾ 500 ਨੌਜਵਾਨਾਂ ਨੂੰ ਸਿਖਲਾਈ ਦਿੱਤੀ ਜਾਵੇਗੀ। ਕੇਂਦਰ ਸਰਕਾਰ ਦੇ ਅੰਕੜਿਆਂ ਦਾ ਹਵਾਲਾ ਦਿੰਦਿਆਂ ਸ੍ਰੀ ਅਮਨ ਅਰੋੜਾ ਨੇ ਦੱਸਿਆ ਕਿ 15-29 ਸਾਲ ਉਮਰ ਵਰਗ ਵਿੱਚ ਪੰਜਾਬ ਦੀ ਬੇਰੁਜ਼ਗਾਰੀ ਦਰ ਸਾਲ 2022 ਦੀ 19.1 ਪ੍ਰਤੀਸ਼ਤ ਤੋਂ ਘਟ ਕੇ 2025 ਵਿੱਚ 17 ਪ੍ਰਤੀਸ਼ਤ ਹੋ ਗਈ ਹੈ। ਮੰਤਰੀ ਨੇ ਪੀਰੀਅਡਿਕ ਲੇਬਰ ਫੋਰਸ ਸਰਵੇਖਣ ਦਾ ਹਵਾਲਾ ਦਿੰਦਿਆਂ ਦੱਸਿਆ ਕਿ ਹੁਣ ਪੰਜਾਬ ਬਿਹਤਰ ਰੁਜ਼ਗਾਰ ਮੈਟ੍ਰਿਕਸ ਵਾਲੇ ਸੂਬਿਆਂ ਵਿੱਚ ਸ਼ਾਮਲ ਹੈ। ਆਲਮੀ ਪੱਧਰ ਦੀ ਮਿਸਾਲ ਦਿੰਦਿਆਂ ਉਨ੍ਹਾਂ ਕਿਹਾ ਕਿ ਆਜ਼ਾਦੀ ਦੇ ਸਮੇਂ ਭਾਰਤ ਦੀ ਜੀਡੀਪੀ ਚੀਨ ਨਾਲੋਂ ਥੋੜ੍ਹੀ ਜ਼ਿਆਦਾ ਸੀ। ਉਨ੍ਹਾਂ ਕਿਹਾ,"ਚੀਨ ਨੇ ਆਪਣੇ ਹਰੇਕ ਵਿਅਕਤੀ ਨੂੰ ਕੰਮ 'ਤੇ ਲਗਾਇਆ ਅਤੇ ਦੁਨੀਆ ਦੀ ਸਭ ਵੱਡੀ ਫੈਕਟਰੀ ਬਣ ਕੇ ਉੱਭਰਿਆ। ਚੀਨ ਨੇੜ ਭਵਿੱਖ ਵਿੱਚ ਅਮਰੀਕਾ ਨੂੰ ਪਛਾੜ ਸਕਦਾ ਹੈ। ਸਾਡੇ ਕੋਲ ਉਹੀ ਸਮਰੱਥਾ ਹੈ, ਪਰ ਸਹੀ ਵਾਤਾਵਰਣ ਦੀ ਘਾਟ ਸੀ। ਪਰ ਹੁਣ ਅਸੀਂ ਇਸਨੂੰ ਠੀਕ ਕਰ ਰਹੇ ਹਾਂ। ਕੈਬਨਿਟ ਮੰਤਰੀ ਨੇ ਜ਼ੋਰ ਦੇ ਕੇ ਕਿਹਾ ਕਿ ਦੁਨੀਆ ਦੀ ਕੋਈ ਵੀ ਸਰਕਾਰ ਹਰੇਕ ਨਾਗਰਿਕ ਨੂੰ ਨੌਕਰੀ ਦੇਣ ਦੀ ਗਰੰਟੀ ਨਹੀਂ ਦੇ ਸਕਦੀ। ਉਨ੍ਹਾਂ ਜ਼ੋਰ ਦਿੰਦਿਆਂ ਕਿਹਾ ਕਿ ਸਰਕਾਰ ਦਾ ਅਸਲ ਫਰਜ਼ ਉਦਯੋਗ ਅਤੇ ਰੁਜ਼ਗਾਰ ਲਈ ਅਨੁਕੂਲ ਤੇ ਸਾਜ਼ਗਾਰ ਮਾਹੌਲ ਤਿਆਰ ਕਰਨਾ ਹੁੰਦਾ ਹੈ। ਉਨ੍ਹਾਂ ਕਿਹਾ, "ਅਸੀਂ ਇੱਥੇ ਸਿਰਫ਼ ਅੰਕੜੇ ਪੇਸ਼ ਕਰਨ ਲਈ ਨਹੀਂ ਹਾਂ। ਅਸੀਂ ਇੱਕ ਅਜਿਹਾ ਮਾਹੌਲ ਬਣਾ ਰਹੇ ਹਾਂ, ਜਿੱਥੇ ਹਰ ਨੌਜਵਾਨ ਆਪਣੇ ਪੈਰਾਂ 'ਤੇ ਖੜ੍ਹਾ ਹੋ ਸਕੇ। ਵਿਰੋਧੀ ਧਿਰ ਵੱਲੋਂ ਨੌਕਰੀਆਂ ਬਾਰੇ ਵਾਈਟ ਪੇਪਰ ਜਾਰੀ ਕਰਨ ਦੀ ਮੰਗ 'ਤੇ ਨਿਸ਼ਾਨਾ ਸੇਧਦਿਆਂ ਉਨ੍ਹਾਂ ਕਿਹਾ, 'ਸਭ ਤੋਂ ਵਧੀਆ, ਸਸਤਾ ਅਤੇ ਟਿਕਾਊ ਵਾਈਟ ਪੇਪਰ ਲੋਕਾਂ ਤੋਂ ਸਿੱਧੇ ਤੌਰ 'ਤੇ ਪੁੱਛਣਾ ਹੈ। ਆਰਟੀਆਈ ਦਾਇਰ ਕਰੋ ਜਾਂ ਲੋਕਾਂ ਨਾਲ ਮੀਟਿੰਗ ਕਰੋ।

# ਲਾਲ 'ਤੇ ਰੁਕਣਾ, ਹਰੇ 'ਤੇ ਚੱਲਣਾ... ਕਿਵੇਂ ਸ਼ੁਰੂ ਹੋਈ ਟਰੈਫਿਕ ਲਾਈਟ ਤੇ ਕੀ ਹੈ ਇਹਨਾਂ 3 ਰੰਗਾਂ ਦੀ ਕਹਾਣੀ?

ਨਵੀਂ ਦਿੱਲੀ 11 ਅਗਸਤ। ਤੁਸੀਂ ਦੁਨੀਆ ਦੇ ਸਭ ਤੋਂ ਸ਼ਕਤੀਸ਼ਾਲੀ ਜਾਂ ਅਮੀਰ ਇਨਸਾਨ ਹੋ ਸਕਦੇ ਹੋ, ਸਾਰੀਆਂ ਸੁੱਖ-ਸੁਵਿਧਾਵਾਂ ਤੇ ਵੀ.ਆਈ.ਪੀ. ਟਰੀਟਮੈਂਟ ਲੈ ਸਕਦੇ ਹੋ, ਪਰ ਜਦੋਂ ਵੀ ਤੁਸੀਂ ਸੜਕ 'ਤੇ ਨਿਕਲੋਗੇ ਤਾਂ ਤੁਹਾਨੂੰ ਨਿਯਮਾਂ ਦੀ ਪਾਲਣਾ ਕਰਨੀ ਹੀ ਪਵੇਗੀ। ਇਹੋ ਹੈ ਦੇਸ਼-ਦੁਨੀਆ ਵਿੱਚ ਬਣੇ ਟਰੈਫਿਕ ਨਿਯਮਾਂ ਦੀ ਕਹਾਣੀ, ਜੋ ਸਭ ਲਈ ਬਰਾਬਰ ਹਨ। ਇਹ ਤਾਂ ਰਹੀ ਟ?ਰੈਫਿਕ ਨਿਯਮਾਂ ਦੀ ਗੱਲ, ਪਰ ਕੀ ਤੁਸੀਂ ਜਾਣਦੇ ਹੋ ਕਿ ਲਾਲ, ਹਰੀ ਅਤੇ ਪੀਲੀ ਬੱਤੀ ਹੀ ਕਿਉਂ ਚੁਣੀ ਗਈ ਅਤੇ ਇਹ ਜ਼ਿੰਦਗੀ ਬਾਰੇ ਕੀ ਸਿੱਖ ਦਿੰਦੀ ਹੈ? ਦੁਨੀਆ ਦੀ ਸਭ ਤੋਂ ਪਹਿਲੀ ਟ?ਰੈਫਿਕ ਲਾਈਟ ਸਾਲ 1868 ਵਿੱਚ 10 ਦਸੰਬਰ ਨੂੰ ਲੰਡਨ ਵਿੱਚ ਲਗਾਈ ਗਈ ਸੀ। ਉਸ ਸਮੇਂ ਇਸ ਵਿੱਚ ਸਿਰਫ਼ ਦੋ ਰੰਗ ਹਰਾ ਅਤੇ ਲਾਲ ਸ਼ਾਮਲ ਸਨ, ਜਿਨ੍ਹਾਂ ਦੀ ਵਰਤੋਂ ਰੇਲਵੇ ਲਈ ਕੀਤੀ ਜਾਂਦੀ ਸੀ। ਗੈਸ ਆਧਾਰਿਤ ਮਾਡਲ 'ਤੇ ਬਣੀ ਇਸ ਟਰੈਫਿਕ ਲਾਈਟ ਦੀ ਖੋਜ ਬ੍ਰਿਟਿਸ਼ ਰੇਲਵੇ ਇੰਜੀਨੀਅਰ ਜੇ.ਪੀ. ਨਾਈਟ ਨੇ ਕੀਤੀ ਸੀ। ਉਸ ਸਮੇਂ ਲਾਈਟਾਂ ਨੂੰ ਕੰਟਰੋਲ ਕਰਨ ਲਈ ਪੁਲਿਸ ਕਰਮਚਾਰੀ ਤਾਇਨਾਤ ਕੀਤੇ ਜਾਂਦੇ ਸਨ। ਮੌਨਸੂਨ ਆਉਂਦੇ ਹੀ ਕਿਉਂ ਵਧ ਜਾਂਦਾ ਹੈ ਜੋੜਾਂ ਦਾ ਦਰਦ? ਸਹੀ ਵਜ?ਹਾ ਜਾਣ ਲਵੋਗੇ, ਤਾਂ ਹੱਥਾਂ-ਪੈਰਾਂ 'ਚ ਨਹੀਂ ਵਧੇਗੀ ਤਕਲੀਫ਼ ਅੱਜ ਦੁਨੀਆ ਭਰ ਵਿੱਚ ਟ?ਰੈਫਿਕ ਲਾਈਟਾਂ ਵਿੱਚ ਸਿਰਫ਼ ਤਿੰਨ ਹੀ ਰੰਗਾਂ ਦੀ ਵਰਤੋਂ ਕੀਤੀ ਜਾ ਰਹੀ ਹੈ: ਲਾਲ, ਹਰਾ ਅਤੇ ਪੀਲਾ। ਅਜਿਹੇ ਵਿੱਚ ਸਵਾਲ ਇਹ ਹੈ ਕਿ ਇਹ ਤਿੰਨ ਰੰਗ ਹੀ ਯੂਨੀਵਰਸਲ ਕਿਉਂ ਹੋਏ? ਆਓ ਜਾਣਦੇ ਹਾਂ: ਲਾਲ ਰੰਗ ਕਿਤੇ ਵੀ ਦੇਖੋ ਤਾਂ ਉਸ ਦਾ ਮਤਲਬ ਰੁਕਣਾ ਹੁੰਦਾ ਹੈ, ਇਹ ਹਮੇਸ਼ਾ 'ਸਟਾਪ' ਦਾ ਹੀ ਇਸ਼ਾਰਾ ਦਿੰਦਾ ਹੈ। ਇਸ ਰੰਗ ਨੂੰ ਇਸ ਲਈ ਚੁਣਿਆ ਗਿਆ ਕਿਉਂਕਿ ਇਸ ਦੀ ਵੇਵ-ਲੈਂਥ ਜ਼ਿਆਦਾ ਹੁੰਦੀ ਹੈ, ਯਾਨੀ ਇਹ ਦੂਰੋਂ ਹੀ ਚਮਕਦਾ ਹੈ। ਉੱਥੇ ਹੀ, ਲਾਲ ਲਾਈਟ ਤੋਂ ਸਿੱਖ ਲਈਏ ਤਾਂ ਜ਼ਿੰਦਗੀ ਵਿੱਚ ਵੀ ਇਸ ਰੰਗ ਦਾ ਮਹੱਤਵ ਹੈ ਕਿਉਂਕਿ ਇਹ ਸਾਨੂੰ ਭੱਜ-ਦੌੜ ਭਰੀ ਜ਼ਿੰਦਗੀ ਵਿੱਚ ਠਹਿਰਨ ਲਈ ਕਹਿੰਦਾ ਹੈ। ਕਦੇ ਮਨ ਵਿੱਚ ਇਹ ਸਵਾਲ ਜ਼ਰੂਰ ਆਇਆ ਹੋਵੇਗਾ ਕਿ ਜਦੋਂ ਲਾਲ ਰੰਗ ਦਾ ਮਤਲਬ ਰੁਕਣਾ ਹੈ ਤਾਂ ਚੱਲਣ ਲਈ ਚਿੱਟੇ ਰੰਗ ਦੀ ਵਰਤੋਂ ਕਿਉਂ ਨਹੀਂ ਕੀਤੀ ਗਈ, ਹਰਾ ਰੰਗ ਹੀ ਕਿਉਂ? ਦੱਸ ਦੇਈਏ ਕਿ ਸੜਕਾਂ 'ਤੇ ਚਿੱਟੇ ਰੰਗ ਦੀਆਂ ਲਾਈਟਾਂ ਪਹਿਲਾਂ ਤੋਂ ਲੱਗੀਆਂ ਹੁੰਦੀਆਂ ਹਨ, ਜੋ ਗੱਡੀਆਂ ਨੂੰ ਕਈ ਵਾਰ ਗ਼ਲਤ ਸੰਕੇਤ ਵੀ ਦੇ ਸਕਦੀਆਂ ਹਨ। ਅਜਿਹੇ ਵਿੱਚ ਕੁਦਰਤ ਦੇ ਪ੍ਰਤੀਕ ਹਰੇ ਰੰਗ ਨੂੰ ਚੁਣਿਆ ਗਿਆ। ਇਸ ਤੋਂ ਇਲਾਵਾ, ਮਨੋਵਿਗਿਆਨ ਦੇ ਨਜ਼ਰੀਏ ਤੋਂ ਹਰਾ ਰੰਗ ਸ਼ਾਂਤੀ ਦਾ ਪ੍ਰਤੀਕ ਮੰਨਿਆ ਜਾਂਦਾ ਹੈ, ਇਸ ਲਈ ਇਹ ਟ?ਰੈਫਿਕ ਲਾਈਟ ਵਿੱਚ 'ਗੋ' ਦੇ ਇਸ਼ਾਰੇ ਲਈ ਬਿਲਕੁਲ ਸਹੀ ਸੀ। ਨਾਲ ਹੀ, ਜ਼ਿੰਦਗੀ ਵਿੱਚ ਟ?ਰੈਫਿਕ ਲਾਈਟ ਦਾ ਇਹ ਰੰਗ ਸਾਨੂੰ ਨਵੀਂ ਸ਼ੁਰੂਆਤ, ਪ੍ਰੇਰਨਾ ਅਤੇ ਊਰਜਾ ਬਣਾਏ ਰੱਖਣ ਲਈ ਉਤਸ਼ਾਹ ਪੈਦਾ ਕਰਦਾ ਹੈ। ਸੜਕ 'ਤੇ ਦਿਸ ਰਹੀ ਪੀਲੀ ਲਾਈਟ ਗੱਡੀਆਂ ਨੂੰ ਧੀਮੀ ਕਰਨ ਦਾ ਇਸ਼ਾਰਾ ਕਰਦੀ ਹੈ। ਇਹ ਰੰਗ ਕਿਸੇ ਮੁਸ਼ਕਿਲ ਦੇ ਹੱਲ ਦੇ ਰੂਪ ਵਿੱਚ ਦੇਖਿਆ ਜਾਂਦਾ ਹੈ। ਇਸ ਦੇ ਨਾਲ ਹੀ ਇਹ ਰੰਗ ਬਦਲਾਅ ਬਾਰੇ ਵੀ ਗੱਲ ਕਰਦਾ ਹੈ। ਇਸੇ ਤਰ੍ਹਾਂ ਇਹ ਰੰਗ ਸਾਨੂੰ ਜ਼ਿੰਦਗੀ ਵਿੱਚ ਬਦਲਾਅ ਲਈ ਤਿਆਰ ਰਹਿਣ ਦੀ ਸਿੱਖ ਦਿੰਦਾ ਹੈ।

# ਬੰਗਾ ਤੇ ਸਰਾਰੇ ਰੋਡ ਦੇ ਕਈ ਦੁਕਾਨਦਾਰਾਂ ਨੂੰ ਨਗਰ ਨਿਗਮ ਵੱਲੋਂ ਨੋਟਿਸ ਜਾਰੀ, ਕਬਜ਼ੇ ਹਟਾਉਣ ਦੇ ਹੁਕਮ

**ਕੌਮੀ ਪਤ੍ਰਿਕਾ**

ਫਗਵਾੜਾ 11 ਅਗਸਤ। ਹਲਕੀ ਜਿਹੀ ਬਾਰਿਸ਼ ਹੋਣ ਕਾਰਨ ਸ਼ਹਿਰ ਦੇ ਮੁੱਖ ਵਪਾਰਕ ਖੇਤਰ ਬੰਗਾ ਰੋਡ 'ਤੇ ਸਥਿਤ ਚੱਢਾ ਮਾਰਕੀਟ 'ਚ ਜਲ-ਭਰਾਅ ਦੀ ਗੰਭੀਰ ਜਨ-ਸਮੱਸਿਆ ਨੂੰ ਲੈ ਕੇ ਨਗਰ ਨਿਗਮ ਪ੍ਰਸ਼ਾਸਨ ਨੇ ਹੁਣ ਬੇਹੱਦ ਸਖ਼ਤ ਰੁੱਖ ਅਪਣਾਉਂਦੇ ਹੋਏ ਬੰਗਾ ਰੋਡ, ਚੱਢਾ ਮਾਰਕੀਟ ਦੇ ਦੁਕਾਨਦਾਰਾਂ ਨੂੰ ਅਧਿਕਾਰਤ ਤੌਰ 'ਤੇ ਨਵੇਂ ਸਿਰੇ ਤੋਂ ਨੋਟਿਸ ਜਾਰੀ ਕਰ ਦਿੱਤੇ ਹਨ। ਇਸ ਦੀ ਪੁਸ਼ਟੀ ਕਰਦੇ ਹੋਏ ਮੇਅਰ ਰਾਮਪਾਲ ਉੱਪਲ ਅਤੇ ਨਿਗਮ ਕਮਿਸ਼ਨਰ ਰਣਦੀਪ ਸਿੰਘ ਹੀਰ ਨੇ ਦੱਸਿਆ ਕਿ ਉਕਤ ਜਨ-ਸਮੱਸਿਆ ਦਾ ਹਰ ਹਾਲ 'ਚ ਪੱਕਾ ਹੱਲ ਕੀਤਾ ਜਾਵੇਗਾ। ਨਿਗਮ ਪ੍ਰਸ਼ਾਸਨ ਨੇ ਸਪੱਸ਼ਟ ਨਿਰਦੇਸ਼ ਦਿੱਤੇ ਹਨ ਕਿ ਜਿਨ੍ਹਾਂ ਦੁਕਾਨਾਂ ਦੇ ਬਾਹਰ ਬਣਾਏ ਗਏ ਨਾਜਾਇਜ਼ ਥੜ੍ਹੇ, ਰੈਂਪ ਜਾਂ ਹੋਰ ਗੈਰ-ਕਾਨੂੰਨੀ ਨਿਰਮਾਣ ਨਾਲੀਆਂ ਦੀ ਸਾਫ ਸਫ਼ਾਈ ਅਤੇ ਗੰਦੇ ਪਾਣੀ ਦੀ ਨਿਕਾਸੀ 'ਚ ਰੁਕਾਵਟ ਬਣ ਰਹੇ ਹਨ, ਉਨ੍ਹਾਂ ਨੂੰ ਨੋਟਿਸ 'ਚ ਦਿੱਤੇ ਗਏ ਮਿਥੇ ਸਮੇਂ ਦੇ ਅੰਦਰ ਖ਼ੁਦ ਹਟਾਇਆ ਜਾਵੇ। ਜੇਕਰ ਅਜਿਹਾ ਨਹੀਂ ਕੀਤਾ ਜਾਂਦਾ ਤਾਂ ਨਗਰ ਨਿਗਮ ਆਪਣੇ ਪੱਧਰ 'ਤੇ ਕਾਰਵਾਈ ਕਰਦੇ ਹੋਏ ਇਹ ਨਾਜਾਇਜ਼ ਨਿਰਮਾਣ ਹਟਾਏਗਾ ਅਤੇ ਇਸ ਦਾ ਸਾਰਾ ਖ਼ਰਚਾ ਵੀ ਸਬੰਧਤ ਦੁਕਾਨਦਾਰਾਂ ਤੋਂ ਹੀ ਵਸੂਲਿਆ ਜਾਵੇਗਾ। ਦੱਸਣਯੋਗ ਹੈ ਕਿ ਪਿਛਲੇ ਕੁੱਝ ਦਿਨਾਂ ਤੋਂ ਹੋਈ ਹਲਕੀ ਬਾਰਿਸ਼ ਕਾਰਨ ਚੱਢਾ ਮਾਰਕੀਟ, ਬੰਗਾ ਰੋਡ ਆਦਿ ਸਮੇਤ ਆਲੇ-ਦੁਆਲੇ ਦੇ ਖੇਤਰਾਂ 'ਚ ਗੰਦਾ ਪਾਣੀ ਜਮ?ਹਾਂ ਹੋਣ ਨਾਲ ਆਮ ਜਨ-ਜੀਵਨ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਿਹਾ ਹੈ। ਵਿਸ਼ੇਸ਼ ਤੌਰ 'ਤੇ ਚੱਢਾ ਮਾਰਕੀਟ 'ਚ ਜਲ-ਭਰਾਅ ਦੀ ਸਥਿਤੀ ਇੰਨੀ ਗੰਭੀਰ ਹੋ ਗਈ ਕਿ ਕਈ ਦੁਕਾਨਾਂ ਨੂੰ ਮਜਬੂਰੀਵੱਸ ਬੀਤੇ ਦੋ ਦਿਨ ਬੰਦ ਰੱਖਣਾ ਪਿਆ। ਬਾਜ਼ਾਰ 'ਚ ਗੋਡਿਆਂ ਤੱਕ ਭਰੇ ਪਾਣੀ ਕਾਰਨ ਗਾਹਕਾਂ ਦੀ ਆਵਾਜਾਈ ਪ੍ਰਭਾਵਿਤ ਰਹੀ, ਜਿਸ ਨਾਲ ਵਪਾਰੀਆਂ ਨੂੰ ਭਾਰੀ ਆਰਥਿਕ ਨੁਕਸਾਨ ਚੁੱਕਣਾ ਪਿਆ। ਬੱਸ ਸਟੈਂਡ ਤੋਂ ਮੇਨ ਬਾਜ਼ਾਰ ਵੱਲ ਆਉਣ ਵਾਲੇ ਲੋਕਾਂ, ਸਕੂਲੀ ਵਿਦਿਆਰਥਣਾਂ ਨੂੰ ਵੀ ਜਲ-ਭਰਾਅ ਕਾਰਨ ਭਾਰੀ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਿਆ ਅਤੇ ਪੈਦਲ ਚੱਲਣਾ ਤੱਕ ਮੁਸ਼ਕਿਲ ਹੋ ਗਿਆ। ਦੱਸ ਦੇਈਏ ਕਿ ਇਸ ਗੰਭੀਰ ਜਨ-ਸਮੱਸਿਆ ਨੂੰ ਲੈ ਕੇ ਪ੍ਰਭਾਵਿਤ ਦੁਕਾਨਦਾਰਾਂ ਦੇ ਇਕ ਵਫ਼ਦ ਨੇ ਮੇਅਰ ਰਾਮਪਾਲ ਉੱਪਲ ਅਤੇ ਨਗਰ ਨਿਗਮ ਕਮਿਸ਼ਨਰ ਰਣਦੀਪ ਸਿੰਘ ਹੀਰ ਨਾਲ ਮੁਲਾਕਾਤ ਕਰਕੇ ਪੂਰੇ ਮਾਮਲੇ ਦੀ ਜਾਣਕਾਰੀ ਦਿੱਤੀ ਸੀ। ਵਪਾਰੀਆਂ ਨੇ ਅਧਿਕਾਰੀਆਂ ਸਾਹਮਣੇ ਮੰਗ ਰੱਖੀ ਕਿ ਵਰ੍ਹ?ਆਂ ਤੋਂ ਚੱਲੀ ਆ ਰਹੀ ਗੰਦੇ ਪਾਣੀ ਦੀ ਨਿਕਾਸੀ ਦੀ ਸਮੱਸਿਆ ਦਾ ਸਥਾਈ ਹੱਲ ਕੀਤਾ ਜਾਵੇ ਅਤੇ ਸਰਕਾਰੀ ਨਾਲਿਆਂ 'ਤੇ ਹੋਏ ਨਾਜਾਇਜ਼ ਕਬਜ਼ਿਆਂ ਅਤੇ ਰੁਕਾਵਟਾਂ ਨੂੰ ਸਰਕਾਰੀ ਤੌਰ 'ਤੇ ਤੁਰੰਤ ਹਟਾਇਆ ਜਾਵੇ। ਦੁਕਾਨਦਾਰਾਂ ਨੇ ਇਹ ਵੀ ਦੋਸ਼ ਲਗਾਇਆ ਕਿ ਕਈ ਥਾਵਾਂ 'ਤੇ ਨਾਲੀਆਂ ਦੇ ਉੱਪਰ ਪੱਕੇ ਨਿਰਮਾਣ ਕਰ ਦਿੱਤੇ ਗਏ ਹਨ ਅਤੇ ਕੁੱਝ ਲੋਕਾਂ ਨੇ ਨਿਗਮ ਦੇ ਸਰਕਾਰੀ ਗੰਦੇ ਨਾਲਿਆਂ ਦੇ ਅੰਦਰ ਵੀ



ਰੁਕਾਵਟਾਂ ਖੜ੍ਹੀਆਂ ਕਰ ਦਿੱਤੀਆਂ ਹਨ, ਜਿਸ ਕਾਰਨ ਬਰਸਾਤੀ ਪਾਣੀ ਦੀ ਨਿਕਾਸੀ ਪੂਰੀ ਤਰ੍ਹਾਂ ਬੰਦ ਹੋ ਜਾਂਦੀ ਹੈ। ਨਗਰ ਨਿਗਮ ਅਧਿਕਾਰੀਆਂ ਨੇ ਮੌਕੇ ਦਾ ਮੁਆਇਨਾ ਕਰਨ ਤੋਂ ਬਾਅਦ ਪਾਇਆ ਕਿ ਕਈ ਦੁਕਾਨਾਂ ਦੇ ਬਾਹਰ ਬਣਾਏ ਗਏ ਥੜ੍ਹੇ ਅਤੇ ਹੋਰ ਨਿਰਮਾਣ ਨਾਲੀਆਂ ਦੀ ਨਿਯਮਤ ਸਫ਼ਾਈ 'ਚ ਸਭ ਤੋਂ ਵੱਡੀ ਰੁਕਾਵਟ ਬਣ ਰਹੇ ਹਨ। ਇਸੇ ਦੇ ਮੱਦੇਨਜ਼ਰ ਸਬੰਧਤ ਦੁਕਾਨਦਾਰਾਂ ਨੂੰ ਨਿਗਮ ਨੇ ਨੋਟਿਸ ਜਾਰੀ ਕਰਕੇ ਮਿਥੇ ਸਮੇਂ ਅੰਦਰ ਨਾਜਾਇਜ਼ ਨਿਰਮਾਣ ਹਟਾਉਣ ਦੇ ਨਿਰਦੇਸ਼ ਦਿੱਤੇ ਹਨ। ਨਿਗਮ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਨਾਲਿਆਂ ਦੀ ਸਫ਼ਾਈ ਅਤੇ ਜਲ ਨਿਕਾਸੀ ਵਿਵਸਥਾ ਨੂੰ ਸੁਚਾਰੂ ਬਣਾਉਣ ਲਈ ਇਹ ਕਾਰਵਾਈ ਲਾਜ਼ਮੀ ਹੈ ਤਾਂ ਜੋ ਭਵਿੱਖ ''ਚ ਬਾਰਿਸ਼ ਦੌਰਾਨ ਬਾਜ਼ਾਰਾਂ ''ਚ ਜਲ-ਭਰਾਅ ਦੀ ਸਥਿਤੀ ਪੈਦਾ ਨਾ ਹੋਵੇ। ਨਗਰ ਨਿਗਮ ਪ੍ਰਸ਼ਾਸਨ ਨੇ ਇਹ ਵੀ ਕਿਹਾ ਹੈ ਕਿ ਗੰਦੇ ਪਾਣੀ ਦੀਆਂ ਨਾਲੀਆਂ ਦੀ ਵਿਸ਼ੇਸ਼ ਸਾਫ਼-ਸਫ਼ਾਈ, ਨਾਜਾਇਜ਼ ਪੱਕੇ ਕਬਜੇ ਹਟਾਉਣ ਅਤੇ ਜਲ ਨਿਕਾਸੀ ''ਚ ਰੁਕਾਵਟ ਬਣਨ ਵਾਲੀਆਂ ਸਾਰੀਆਂ ਰੁਕਾਵਟਾਂ ਨੂੰ ਪਹਿਲ ਦੇ ਆਧਾਰ 'ਤੇ ਖ਼ਤਮ ਕੀਤਾ ਜਾਵੇਗਾ। ਅਧਿਕਾਰੀਆਂ ਦਾ ਕਹਿਣਾ ਹੈ ਕਿ ਸ਼ਹਿਰ ਦੇ ਵਪਾਰਕ ਖੇਤਰਾਂ 'ਚ ਸਵੱਛ ਅਤੇ ਸੁਰੱਖਿਅਤ ਵਾਤਾਵਰਣ ਉਪਲਬਧ ਕਰਵਾਉਣਾ ਨਿਗਮ ਦੀ ਪਹਿਲ ਹੈ ਅਤੇ ਇਸ ਦਿਸ਼ਾ 'ਚ ਕਿਸੇ ਵੀ ਤਰ੍ਹਾਂ ਦੀ ਲਾਪ੍ਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਦੂਜੇ ਪਾਸੇ ਕਈ ਵਪਾਰੀਆਂ ਨੇ ਵੀ ਪ੍ਰਸ਼ਾਸਨ ਦੇ ਇਸ ਕਦਮ ਦਾ ਦਿਲੋਂ ਸਵਾਗਤ ਕਰਦੇ ਹੋਏ ਕਿਹਾ ਹੈ ਕਿ ਜੇਕਰ ਨਿਰਪੱਖ ਅਤੇ ਸਮਾਨ ਰੂਪ ਨਾਲ ਕਾਰਵਾਈ ਕੀਤੀ ਜਾਂਦੀ ਹੈ ਤਾਂ ਵਰ੍ਹ?ਆਂ ਪੁਰਾਣੀ ਜਲ-ਭਰਾਅ ਦੀ ਸਮੱਸਿਆ ਦਾ ਸਥਾਈ ਹੱਲ ਸੰਭਵ ਹੋ ਸਕੇਗਾ। ਉਨ੍ਹਾਂ ਦਾ ਕਹਿਣਾ ਹੈ ਕਿ ਕੇਵਲ ਦੁਕਾਨਦਾਰਾਂ ''ਤੇ ਕਾਰਵਾਈ ਕਰਨ ਦੀ ਬਜਾਏ ਸਰਕਾਰੀ ਨਾਲਿਆਂ ''ਤੇ ਹੋਏ ਸਾਰੇ ਨਾਜਾਇਜ਼ ਕਬਜ਼ਿਆਂ ਨੂੰ ਹਟਾਉਣਾ ਵੀ ਉਨਾ ਹੀ ਜ਼ਰੂਰੀ ਹੈ। ਵਪਾਰੀਆਂ ਨੇ ਉਮੀਦ ਜਤਾਈ ਕਿ ਨਗਰ ਨਿਗਮ ਪ੍ਰਸ਼ਾਸਨ ਆਪਣੇ ਭਰੋਸੇ ਮੁਤਾਬਕ ਜਲਦ ਪ੍ਰਭਾਵੀ ਕਦਮ ਚੁੱਕੇਗਾ, ਜਿਸ ਨਾਲ ਆਗਾਮੀ ਬਾਰਿਸ਼ ਦੌਰਾਨ ਚੱਢਾ ਮਾਰਕੀਟ, ਬੰਗਾ ਰੋਡ ਅਤੇ ਸਰਾਰੇ ਰੋਡ ''ਚ ਜਲ-ਭਰਾਅ ਦੀ ਸਮੱਸਿਆ ਤੋਂ ਲੋਕਾਂ ਨੂੰ ਰਾਹਤ ਮਿਲ ਸਕੇਗੀ ਅਤੇ ਵਪਾਰਕ ਗਤੀਵਿਧੀਆਂ ਆਮ ਵਾਂਗ ਚੱਲ ਸਕਣਗੀਆਂ। ਨਗਰ ਨਿਗਮ ਵੱਲੋਂ ਜਾਰੀ ਨਵੇਂ ਨੋਟਿਸ 'ਚ ਸਾਫ ਤੌਰ 'ਤੇ ਕਿਹਾ ਗਿਆ ਹੈ ਕਿ ਬੰਗਾ ਰੋਡ ਅਤੇ ਸਰਾਏ ਰੋਡ 'ਤੇ ਅਨੇਕਾਂ ਥਾਵਾਂ 'ਤੇ ਜਨਤਕ ਗੰਦੀ ਨਾਲੀਆਂ ਨੂੰ ਨਾਜਾਇਜ਼ ਤਰੀਕੇ ਨਾਲ ਢੱਕ ਦਿੱਤਾ ਗਿਆ ਹੈ ਜਾਂ ਉਨ੍ਹਾਂ 'ਤੇ ਪੱਕੇ ਨਿਰਮਾਣ ਕਰ ਦਿੱਤੇ ਗਏ ਹਨ। ਇਨ੍ਹਾਂ ਰੁਕਾਵਟਾਂ ਕਾਰਨ ਨਾਲੀਆਂ ਦੀ ਨਿਯਮਤ ਸਫ਼ਾਈ ਅਤੇ ਰੱਖ-ਰਖਾਅ ਪ੍ਰਭਾਵਿਤ ਹੋ ਰਿਹਾ ਹੈ, ਜਿਸ ਨਾਲ ਬਾਰਿਸ਼ ਦੇ ਸਮੇਂ ਵਰਖਾ ਦੇ ਪਾਣੀ ਦੀ ਕੁਦਰਤੀ ਨਿਕਾਸੀ ਰੁਕ ਜਾਂਦੀ ਹੈ ਅਤੇ ਸੜਕਾਂ ''ਤੇ ਲੰਮੇ ਸਮੇਂ ਤੱਕ ਪਾਣੀ ਜਮ?ਹਾਂ ਰਹਿੰਦਾ ਹੈ। ਜਲ-ਭਰਾਅ ਕਾਰਨ ਨਾ ਕੇਵਲ ਆਮ ਲੋਕਾਂ ਅਤੇ ਵਪਾਰੀਆਂ ਨੂੰ ਭਾਰੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ, ਬਲਕਿ ਸੜਕਾਂ ਵੀ ਖ਼ਰਾਬ ਹੋ ਰਹੀਆਂ ਹਨ। ਨਿਗਮ ਪ੍ਰਸ਼ਾਸਨ ਨੇ ਇਹ ਵੀ ਕਿਹਾ ਹੈ ਕਿ ਨਾਲੀਆਂ 'ਤੇ ਕੀਤੇ ਗਏ ਨਾਜਾਇਜ਼ ਨਿਰਮਾਣਾਂ ਕਾਰਨ ਸਫ਼ਾਈ ਕਰਮਚਾਰੀਆਂ ਨੂੰ ਆਪਣਾ ਕੰਮ ਕਰਨ 'ਚ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਕਈ ਥਾਵਾਂ 'ਤੇ ਨਾਲੀਆਂ ਤੱਕ ਪਹੁੰਚ ਹੀ ਸੰਭਵ ਨਹੀਂ ਹੋ ਪਾਉਂਦੀ, ਜਿਸ ਦੇ ਚੱਲਦਿਆਂ ਗੰਦਗੀ ਜਮ?ਹਾਂ ਹੁੰਦੀ ਹੈ ਅਤੇ ਜਲ ਨਿਕਾਸੀ ਵਿਵਸਥਾ ਪੂਰੀ ਤਰ੍ਹਾਂ ਪ੍ਰਭਾਵਿਤ ਹੋ ਜਾਂਦੀ ਹੈ। ਇਸ ਨਾਲ ਸ਼ਹਿਰ ਦੀ ਸਫ਼ਾਈ ਵਿਵਸਥਾ ਅਤੇ ਨਗਰ ਨਿਗਮ ਦੀ ਕਾਰਜਪ੍ਰਣਾਲੀ 'ਤੇ ਵੀ ਮਾੜਾ ਅਸਰ ਪੈਂਦਾ ਹੈ।